ਮੰਗਲਵਾਰ, 12 ਮਾਰਚ, 2024
29 ਫੱਗਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 282

# ਨਵਾਂ ਜ਼ਮਾਨਾ

DAILY NAWAN ZAMANA • TUESDAY, 12 MARCH, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
nawan zamana TV

## ਗੱਲ ਗੋਲ-ਮੋਲ ਹੋ ਗਈ !

### ਭਾਰਤੀ ਸਟੇਟ ਬੈਂਕ ਨੂੰ ਇਹ ਦੱਸਣ ਦੀ ਲੋੜ ਨਹੀਂ ਕਿ ਕੀਹਨੇ ਕਿਹੜੀ ਪਾਰਟੀ ਨੂੰ ਕਿੰਨਾ ਚੰਦਾ ਦਿੱਤਾ

**ਨਵੀਂ ਦਿੱਲੀ** : ਸੁਪਰੀਮ ਕੋਰਟ ਦੇ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਨੇ ਸੋਮਵਾਰ ਭਾਰਤੀ ਸਟੇਟ ਬੈਂਕ (ਐੱਸ ਬੀ ਆਈ) ਦੀ ਉਸ ਪਟੀਸ਼ਨ ਨੂੰ ਤਾਂ ਖਾਰਜ ਕਰ ਦਿੱਤਾ, ਜਿਸ 'ਚ ਚੋਣ ਬਾਂਡ ਨਾਲ ਸੰਬੰਧਤ ਜਾਣਕਾਰੀ ਦਾ ਖੁਲਾਸਾ ਕਰਨ ਦੀ ਸਮਾਂ-ਸੀਮਾ ਵਿਚ ਵਾਧਾ ਕਰਨ ਦੀ ਮੰਗ ਕੀਤੀ ਗਈ ਸੀ, ਪਰ ਇਹ ਛੋਟ ਦੇ ਦਿੱਤੀ ਕਿ ਕਿਸ ਕਾਰਪੋਰੇਟ ਤੇ ਸ਼ਖਸ ਨੇ ਕਿਸ ਪਾਰਟੀ ਨੂੰ ਕਿੰਨਾ ਚੰਦਾ ਦਿੱਤਾ, ਉਹ ਇਸ ਦੇ ਅੰਕੜੇ ਨਾ ਮਿਲਾਏ ਤੇ ਨਾ ਦੱਸੇ।

ਸੁਪਰੀਮ ਕੋਰਟ ਦੇ ਤਾਜ਼ਾ ਫੈਸਲੇ ਦਾ ਸਾਰ ਇਹ ਹੈ—ਬੈਂਕ ਸਿਰਫ ਇਹ ਦੱਸੇ ਕਿ ਕਿਸ ਕਾਰਪੋਰੇਟ/ ਵਿਅਕਤੀ ਨੇ ਕਿੰਨੀ ਰਕਮ ਦਾ ਬਾਂਡ ਖਰੀਦਿਆ ਅਤੇ ਕਿਸ ਸਿਆਸੀ ਪਾਰਟੀ ਨੂੰ ਬਾਂਡ ਨਾਲ ਕਿੰਨਾ ਚੰਦਾ ਮਿਲਿਆ।

ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਪੰਜ ਮੈਂਬਰੀ ਸੰਵਿਧਾਨਕ ਬੈਂਚ, ਜਿਸ ਵਿਚ ਜਸਟਿਸ ਸੰਜੀਵ ਖੰਨਾ, ਜਸਟਿਸ ਬੀ ਆਰ ਗਵਈ, ਜਸਟਿਸ ਜੇ ਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਵੀ ਸ਼ਾਮਲ ਸਨ, ਨੇ ਬੈਂਕ ਨੂੰ 12 ਮਾਰਚ ਨੂੰ ਕੰਮਕਾਜੀ ਘੰਟੇ ਖਤਮ ਹੋਣ ਤੱਕ ਚੋਣ ਕਮਿਸ਼ਨ ਨੂੰ ਚੋਣ ਬਾਂਡ ਨਾਲ ਸੰਬੰਧਤ ਵੇਰਵੇ ਮੁਹੱਈਆ ਕਰਾਉਣ ਦਾ ਹੁਕਮ ਦਿੱਤਾ। ਬੈਂਚ ਨੇ ਚੋਣ ਕਮਿਸ਼ਨ ਨੂੰ ਐੱਸ ਬੀ ਆਈ ਵੱਲੋਂ ਸਾਂਝੀ ਕੀਤੀ ਜਾਣਕਾਰੀ ਨੂੰ 15 ਮਾਰਚ ਨੂੰ ਸ਼ਾਮ 5 ਵਜੇ ਤੱਕ ਆਪਣੀ ਅਧਿਕਾਰਤ ਵੈੱਬਸਾਈਟ 'ਤੇ ਪ੍ਰਕਾਸ਼ਤ ਕਰਨ ਦੀ ਹਦਾਇਤ ਦਿੱਤੀ।

ਬੈਂਕ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਹਰੀਸ਼ ਸਾਲਵੇ ਨੇ ਕਿਹਾ ਕਿ ਬੈਂਕ ਨੇ ਗੋਪਨੀਅਤਾ ਵਰਤਣ ਲਈ ਇੱਕ-ਇੱਕ ਬਾਂਡ ਦੀ ਮੈਚਿੰਗ ਦਾ ਡਾਟਾ ਨਹੀਂ ਰੱਖਿਆ ਤੇ ਉਸ ਨੂੰ ਮਿਲਾਨ ਕਰਨ ਵਿਚ 30 ਜੂਨ ਤੱਕ ਦਾ ਸਮਾਂ ਲੱਗੇਗਾ। ਬਾਂਡ ਖਰੀਦਣ ਵਾਲੇ ਦਾਨੀ ਦਾ ਵੇਰਵਾ ਤੇ ਉਸ ਨੂੰ ਕੈਸ਼ ਕਰਾਉਣ ਵਾਲੇ ਦਾ ਵੇਰਵਾ ਵੱਖ-ਵੱਖ ਸ਼ੀਟ ਵਿਚ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਉਸ ਦੇ ਹੁਕਮ ਤਹਿਤ ਬੈਂਕ ਨੂੰ ਮਿਲਾਨ ਕਰਨ ਦੀ ਲੋੜ ਨਹੀਂ। ਬੈਂਕ ਸਿੱਧੀ ਜਾਣਕਾਰੀ ਦੇਵੇ।

ਚੀਫ ਜਸਟਿਸ ਨੇ ਕਿਹਾ ਕਿ ਚੂੰਕਿ ਇੱਕ-ਇੱਕ ਖਰੀਦਦਾਰ ਦਾ ਕੇ ਵਾਈ ਸੀ (ਨੋਅ ਯੂਅਰ ਕਸਟਮਰ) ਹੋਇਆ ਹੈ ਤੇ ਬੈਂਕ ਕੋਲ ਸਿਆਸੀ ਪਾਰਟੀਆਂ ਦਾ ਖਾਤਾ ਹੈ। ਕਿਸ ਨੇ ਕਿੰਨੇ ਬਾਂਡ ਕੈਸ਼ ਕਰਵਾਏ, ਇਸ ਦਾ ਵੇਰਵਾ ਹੈ। ਸੁਪਰੀਮ ਕੋਰਟ ਨੇ ਆਪਣੇ ਪਹਿਲੇ ਹੁਕਮ ਵਿਚ ਸਿਰਫ ਦਾਨੀ ਤੇ ਸਿਆਸੀ ਪਾਰਟੀਆਂ ਦੇ ਵੇਰਵੇ ਪੇਸ਼ ਕਰਨ ਲਈ ਕਿਹਾ ਸੀ। ਅਜਿਹੇ ਵਿਚ ਜਿਸ ਆਧਾਰ 'ਤੇ ਵਕਤ ਮੰਗਿਆ ਜਾ ਰਿਹਾ ਹੈ, ਉਹ ਤਾਂ ਹੁਕਮ ਵਿਚ ਸ਼ਾਮਲ ਨਹੀਂ। ਸਾਲਵੇ ਨੇ ਮੰਨਿਆ ਕਿ ਬੈਂਕ ਕੋਲ ਬਾਂਡ ਖਰੀਦਣ ਵਾਲਿਆਂ ਦੇ ਵੇਰਵੇ ਹਨ। ਸਰਕਾਰ ਨੇ ਸਿਰਫ ਐੱਸ ਬੀ ਆਈ ਨੂੰ ਹੀ ਚੋਣ ਬਾਂਡ ਜਾਰੀ ਕਰਨ ਲਈ ਅਧਿਕਾਰਤ ਕੀਤਾ ਸੀ, ਯਾਨਿ ਸਿਰਫ ਉਸੇ ਕੋਲ ਇਹ ਸੂਚਨਾ ਹੈ ਕਿ ਕਿਸ ਨੇ ਕਿਹੜੀ ਪਾਰਟੀ ਨੂੰ ਕਿੰਨਾ ਦਾਨ ਦਿੱਤਾ। ਹੁਣ ਇਸ ਸੂਚਨਾ ਦਾ ਡਾਟਾ ਬੈਂਕ ਨੂੰ ਤਿਆਰ ਨਹੀਂ ਕਰਨਾ ਪੈਣਾ। ਹਾਲਾਂਕਿ ਇਹ ਡਾਟਾ ਦੇਣਾ ਵੀ ਬਹੁਤ ਆਸਾਨ ਹੈ, ਪਰ ਸੁਪਰੀਮ ਕੋਰਟ ਨੇ ਇਸ ਦਾ ਜ਼ਿਕਰ ਨਹੀਂ ਕੀਤਾ।

ਕਿਹੜੇ ਕਾਰਪੋਰੇਟ ਤੇ ਵਿਅਕਤੀ ਨੇ ਕਿਸ ਪਾਰਟੀ ਨੂੰ ਕਿੰਨਾ ਦਾਨ ਕੀਤਾ ਤੇ ਇਸ ਦੇ ਇਵਜ਼ ਵਿਚ ਉਸ ਕੰਪਨੀ ਜਾਂ ਵਿਅਕਤੀ ਦੇ ਹੱਕ ਵਿਚ ਹੁਕਮਰਾਨ ਪਾਰਟੀ ਨੇ ਕੀ ਕੀਤਾ ਜਾਂ ਆਪੋਜ਼ੀਸ਼ਨ ਨੇ ਚੰਦਾ ਲੈ ਕੇ ਉਨ੍ਹਾਂ ਵਿਰੁੱਧ ਸਵਾਲ ਕਿਉਂ ਨਹੀਂ ਉਠਾਏ, ਇਸ ਦਾ ਪਤਾ ਤਾਂ ਇਨ੍ਹਾਂ ਦੇ ਨਾਂਅ ਜੱਗ-ਜ਼ਾਹਰ ਹੋਣ 'ਤੇ ਹੀ ਲੱਗਣਾ ਸੀ।

ਸ਼ਾਇਦ ਕੋਈ ਖੋਜੀ ਪੱਤਰਕਾਰ ਇਨ੍ਹਾਂ ਬਾਰੇ ਸੂਚਨਾ ਲੱਭ ਕੇ ਲਿਆਏ। ਉਦੋਂ ਤੱਕ ਲੋਕਾਂ ਨੂੰ ਉਡੀਕ ਕਰਨੀ ਪਵੇਗੀ ਜਾਂ ਫਿਰ ਕੋਈ ਸੁਪਰੀਮ ਕੋਰਟ ਵਿਚ ਨਵੀਂ ਪਟੀਸ਼ਨ ਪਾ ਕੇ ਇਸ ਦਾ ਖੁਲਾਸਾ ਕਰਨ ਦੀ ਮੰਗ ਕਰੇ।

ਹਾਲਾਂਕਿ ਸੁਪਰੀਮ ਕੋਰਟ ਵਿਚ ਦਾਖਲ ਤਮਾਮ ਪਟੀਸ਼ਨਾਂ ਵਿਚ ਇਹ ਸਵਾਲ ਸ਼ਾਮਲ ਸੀ ਕਿ ਕਿਸ ਕੰਪਨੀ ਨੇ ਕਿਸ ਪਾਰਟੀ ਨੂੰ ਚੰਦਾ ਦਿੱਤਾ।

### ਪ੍ਰੋ. ਸਾਈਬਾਬਾ ਦੀ ਰਿਹਾਈ ਦੇ ਹੁਕਮ 'ਤੇ ਸਟੇਅ ਤੋਂ ਨਾਂਹ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਮਾਓਵਾਦੀ ਸੰਬੰਧਾਂ ਦੇ ਮਾਮਲੇ ਵਿਚ ਦਿੱਲੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਜੀ ਐੱਨ ਸਾਈਬਾਬਾ ਅਤੇ ਹੋਰਨਾਂ ਨੂੰ ਬਰੀ ਕਰਨ ਦੇ ਬੰਬੇ ਹਾਈ ਕੋਰਟ ਦੇ ਹੁਕਮ 'ਤੇ ਰੋਕ ਲਗਾਉਣ ਦੀ ਮਹਾਰਾਸ਼ਟਰ ਸਰਕਾਰ ਦੀ ਬੇਨਤੀ ਨੂੰ ਸਵੀਕਾਰ ਕਰਨ ਤੋਂ ਸੋਮਵਾਰ ਇਨਕਾਰ ਕਰ ਦਿੱਤਾ। ਜਸਟਿਸ ਬੀ ਆਰ ਗਵਈ ਅਤੇ ਜਸਟਿਸ ਸੰਦੀਪ ਮਹਿਤਾ ਦੀ ਬੈਂਚ ਨੇ ਕਿਹਾ ਕਿ ਹਾਈ ਕੋਰਟ ਦਾ ਹੁਕਮ ਪਹਿਲੀ ਨਜ਼ਰੇ ਤਰਕਪੂਰਨ ਹੈ, ਪਰ ਅਦਾਲਤ ਰਾਜ ਸਰਕਾਰ ਦੀ ਅਪੀਲ 'ਤੇ ਸੁਣਵਾਈ ਕਰਨ ਲਈ ਤਿਆਰ ਹੋ ਗਈ।

### ਨਵੇਂ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਰੋਕਣ ਦੀ ਮੰਗ

**ਨਵੀਂ ਦਿੱਲੀ** : ਕਾਂਗਰਸ ਨੇਤਾ ਜਯਾ ਠਾਕੁਰ ਨੇ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕਰਕੇ ਕੇਂਦਰ ਸਰਕਾਰ ਨੂੰ 2023 ਦੇ ਕਾਨੂੰਨ ਮੁਤਾਬਕ ਨਵੇਂ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਕਰਨ ਤੋਂ ਰੋਕਣ ਦੀ ਬੇਨਤੀ ਕੀਤੀ ਹੈ। ਉਨ੍ਹਾ ਮੁੱਖ ਚੋਣ ਕਮਿਸ਼ਨਰ ਅਤੇ ਹੋਰ ਚੋਣ ਕਮਿਸ਼ਨਰ (ਨਿਯੁਕਤੀ, ਸੇਵਾ ਦੀਆਂ ਸ਼ਰਤਾਂ ਅਤੇ ਕਾਰਜਕਾਲ ਦੀਆਂ ਸ਼ਰਤਾਂ) ਐਕਟ, 2023 ਦੇ ਉਪਬੰਧਾਂ ਨੂੰ ਚੁਣੌਤੀ ਦਿੱਤੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਉਹ ਇਸ ਪਟੀਸ਼ਨ 'ਤੇ ਤੁਰੰਤ ਸੁਣਵਾਈ ਲਈ ਵਿਚਾਰ ਕਰੇਗੀ। ਚੋਣ ਕਮਿਸ਼ਨਰ ਅਰੁਣ ਗੋਇਲ ਦੇ ਅਸਤੀਫੇ ਅਤੇ ਅਨੂਪ ਚੰਦਰ ਪਾਂਡੇ ਦੇ ਸੇਵਾਮੁਕਤ ਹੋਣ ਤੋਂ ਬਾਅਦ ਚੋਣ ਕਮਿਸ਼ਨਰਾਂ ਦੇ ਦੋ ਅਹੁਦੇ ਖਾਲੀ ਹੋ ਗਏ ਹਨ। ਕਾਂਗਰਸ ਨੇਤਾ ਜਯਾ ਠਾਕੁਰ ਨੇ ਇਹ ਪਟੀਸ਼ਨ ਦਾਇਰ ਕੀਤੀ ਹੈ।

### ਟੈਕਸ ਦੇ ਮਾਮਲੇ 'ਚ ਕਾਂਗਰਸ ਦਿੱਲੀ ਹਾਈ ਕੋਰਟ ਪੁੱਜੀ

**ਨਵੀਂ ਦਿੱਲੀ** : ਕਾਂਗਰਸ ਨੇ ਆਮਦਨ ਕਰ ਅਪੀਲੀ ਟ੍ਰਿਬਿਊਨਲ ਵੱਲੋਂ ਕੁਝ ਟੈਕਸ ਰਿਟਰਨਾਂ 'ਚ ਗੜਬੜੀਆਂ ਲਈ ਜੁਰਮਾਨਾ ਲਾਉਣ ਵਿਰੁੱਧ ਆਪਣੀ ਪਟੀਸ਼ਨ ਨੂੰ ਖਾਰਜ ਕਰਨ ਦੇ ਫੈਸਲੇ ਨੂੰ ਸੋਮਵਾਰ ਦਿੱਲੀ ਹਾਈ ਕੋਰਟ 'ਚ ਚੁਣੌਤੀ ਦਿੱਤੀ। ਸੀਨੀਅਰ ਵਕੀਲ ਵਿਵੇਕ ਤਨਖਾ ਨੇ ਕਾਰਜਕਾਰੀ ਚੀਫ ਜਸਟਿਸ ਮਨਮੋਹਨ ਅਤੇ ਜਸਟਿਸ ਤੁਸ਼ਾਰ ਰਾਓ ਗੇਡੇਲਾ ਦੀ ਬੈਂਚ ਅੱਗੇ ਪਟੀਸ਼ਨ ਪੇਸ਼ ਕੀਤੀ। ਤਨਖਾ ਨੇ ਕਿਹਾ ਕਿ ਇਸ ਮਾਮਲੇ ਦੀ ਤੁਰੰਤ ਸੁਣਵਾਈ ਦੀ ਲੋੜ ਹੈ, ਕਿਉਂਕਿ ਕਾਂਗਰਸ ਦੇ ਖਾਤਿਆਂ ਤੋਂ ਲੈਣ-ਦੇਣ ਨੂੰ ਰੋਕ ਦਿੱਤਾ ਗਿਆ ਹੈ।

### ਆਸਿਫਾ ਪਾਕਿ ਦੀ ਪ੍ਰਥਮ ਮਹਿਲਾ



**ਇਸਲਾਮਾਬਾਦ** : ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਇਤਿਹਾਸਕ ਫੈਸਲਾ ਕਰਦਿਆਂ ਆਪਣੀ 31 ਸਾਲਾ ਧੀ ਆਸਿਫਾ ਭੁੱਟੋ ਨੂੰ ਰਸਮੀ ਤੌਰ 'ਤੇ ਦੇਸ਼ ਦੀ ਪਹਿਲੀ ਮਹਿਲਾ ਦਾ ਦਰਜਾ ਦੇਣ ਦਾ ਫੈਸਲਾ ਕੀਤਾ ਹੈ। ਪਹਿਲੀ ਮਹਿਲਾ ਦਾ ਦਰਜਾ ਆਮ ਤੌਰ 'ਤੇ ਰਾਸ਼ਟਰਪਤੀ ਦੀ ਪਤਨੀ ਨੂੰ ਦਿੱਤਾ ਜਾਂਦਾ ਹੈ, ਪਰ 2007 'ਚ ਉਨ੍ਹਾ ਦੀ ਪਤਨੀ ਅਤੇ ਪਾਕਿਸਤਾਨ ਦੀ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੀ ਹੱਤਿਆ ਕਰ ਦਿੱਤੀ ਗਈ ਸੀ। ਜ਼ਰਦਾਰੀ ਨੇ ਦੁਬਾਰਾ ਵਿਆਹ ਨਹੀਂ ਕੀਤਾ।

### ਇਕ ਹੋਰ ਕਿਸਾਨ ਸ਼ਹੀਦ

ਖਨੌਰੀ : ਖਨੌਰੀ ਬਾਰਡਰ 'ਤੇ ਚੱਲ ਰਹੇ ਕਿਸਾਨ ਅੰਦੋਲਨ ਦੌਰਾਨ ਇੱਕ ਹੋਰ ਕਿਸਾਨ ਦੀ ਮੌਤ ਹੋ ਗਈ। ਕਿਸਾਨ ਬਲਦੇਵ ਸਿੰਘ ਪਿੰਡ ਕਾਂਗਥਲਾ ਜ਼ਿਲ੍ਹਾ ਪਟਿਆਲਾ ਦਾ ਵਸਨੀਕ ਸੀ ਅਤੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦਾ ਸਰਗਰਮ ਮੈਂਬਰ ਸੀ। ਐਤਵਾਰ ਸਾਹ ਲੈਣ 'ਚ ਤਕਲੀਫ ਹੋਣ 'ਤੇ ਉਸ ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਦਾਖਲ ਕਰਵਾਇਆ ਗਿਆ। ਸੋਮਵਾਰ ਸਵੇਰੇ ਉਹ ਦਮ ਤੋੜ ਗਿਆ। ਪਿੰਡ ਕਾਂਗਥਲਾ ਦਾ ਇਹ ਦੂਜਾ ਕਿਸਾਨ ਹੈ, ਜੋ ਖਨੌਰੀ ਬਾਰਡਰ 'ਤੇ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਇਆ।

### 'ਸੰਸਦ 'ਚ ਵੀ ਭਗਵੰਤ ਮਾਨ, ਖ਼ੁਸ਼ਹਾਲ ਪੰਜਾਬ ਤੇ ਵਧੇਗੀ ਸ਼ਾਨ'




**ਮੁਹਾਲੀ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸੋਮਵਾਰ ਇਥੇ ਲੋਕ ਸਭਾ ਚੋਣ ਲਈ ਪਾਰਟੀ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ। ਪਹਿਲੀ ਵਾਰ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਨੂੰ ਪਾਰਟੀ ਦੇ ਕੌਮੀ ਕਨਵੀਨਰ ਨਾਲੋਂ ਤਰਜੀਹ ਦਿੱਤੀ ਗਈ ਹੈ। ਪੋਸਟਰਾਂ ਵਿਚ ਹਾਲਾਂਕਿ ਦੋਹਾਂ ਦੀਆਂ ਤਸਵੀਰਾਂ ਹਨ, ਪਰ ਕੈਪਸ਼ਨ ਵਿਚ ਮਾਨ ਦੀ ਲੀਡਰਸ਼ਿਪ ਨੂੰ ਉਘਾੜਿਆ ਗਿਆ ਹੈ। ਪੋਸਟਰ 'ਤੇ ਲਿਖਿਆ ਹੈ—ਸੰਸਦ 'ਚ ਵੀ ਭਗਵੰਤ ਮਾਨ, ਖੁਸ਼ਹਾਲ ਪੰਜਾਬ ਤੇ ਵਧੇਗੀ ਸ਼ਾਨ।

ਕੇਜਰੀਵਾਲ ਨੇ ਕਿਹਾ ਕਿ 'ਆਪ' ਸਰਕਾਰ ਦੌਰਾਨ ਪਿਛਲੇ ਦੋ ਸਾਲਾਂ 'ਚ ਕਾਫੀ ਕੰਮ ਹੋਇਆ ਹੈ, ਪਰ ਹਾਲੇ ਬਹੁਤ ਕੁਝ ਕਰਨਾ ਬਾਕੀ ਹੈ। ਕੇਜਰੀਵਾਲ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ 'ਚ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੇ 92 ਉਮੀਦਵਾਰਾਂ ਨੂੰ ਜਿਤਾ ਕੇ ਇਤਿਹਾਸ

● ਬਾਕੀ ਸਫ਼ਾ 2 'ਤੇ

### ਅਗਨੀ-5 ਦਾ ਸਫਲ ਪਰਖ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਕਿਹਾ-ਮਲਟੀਪਲ ਇੰਡੀਪੈਂਡੈਂਟ ਟਾਰਗੇਟੇਬਲ ਰੀ-ਐਂਟਰੀ ਵਹੀਕਲ (ਐਮ ਆਈ ਆਰ ਵੀ) ਤਕਨਾਲੋਜੀ ਨਾਲ ਸਵਦੇਸ਼ੀ ਤੌਰ 'ਤੇ ਵਿਕਸਤ ਅਗਨੀ-5 ਮਿਜ਼ਾਈਲ (ਦਿਵਯ ਅਸਤਰ) ਦਾ ਪਹਿਲਾ ਸਫਲ ਪਰੀਖਣ ਪੂਰਾ ਹੋਇਆ ਹੈ ਅਤੇ ਇਸ ਲਈ ਡੀ ਆਰ ਡੀ ਓ ਦੇ ਵਿਗਿਆਨੀ ਵਧਾਈ ਦੇ ਪਾਤਰ ਹਨ। ਮੋਦੀ ਨੇ ਐਕਸ 'ਤੇ ਇਕ ਪੋਸਟ 'ਚ ਵਿਗਿਆਨੀਆਂ ਨੂੰ ਵਧਾਈ ਦਿੱਤੀ।

ਅਗਨੀ-5 ਅੰਤਰ ਮਹਾਦੀਪੀ ਮਿਜ਼ਾਈਲ ਹੈ। ਇਸ ਦੀ ਰੇਂਜ ਪੰਜ ਹਜ਼ਾਰ ਕਿੱਲੋਮੀਟਰ ਦੀ ਹੈ। ਇਹ ਡੇਢ ਟਨ ਦੇ ਪ੍ਰਮਾਣੂ ਹਥਿਆਰ ਸਣੇ ਕਈ ਹਥਿਆਰ ਲਿਜਾਣ ਦੇ ਸਮਰੱਥ ਹੈ। ਇਸਦੀ ਰਫਤਾਰ ਆਵਾਜ਼ ਨਾਲੋਂ 24 ਗੁਣਾ ਵੱਧ ਹੈ।

### ਉੱਘੇ ਸਾਹਿਤਕਾਰ ਡਾ. ਕਰਨਜੀਤ ਸਿੰਘ ਦਾ ਦੇਹਾਂਤ



**ਨਵੀਂ ਦਿੱਲੀ** : ਪੰਜਾਬੀ ਦੇ ਉੱਘੇ ਸਾਹਿਤਕਾਰ, ਕਵੀ, ਅਨੁਵਾਦਕ ਅਤੇ ਵਾਰਤਕਕਾਰ ਡਾ. ਕਰਨਜੀਤ ਸਿੰਘ ਦਾ ਸੋਮਵਾਰ ਸਵੇਰੇ ਦਿੱਲੀ ਵਿੱਚ ਦੇਹਾਂਤ ਹੋ ਗਿਆ। ਉਨ੍ਹਾ ਦਾ ਜਨਮ 12 ਅਪ੍ਰੈਲ 1930 ਨੂੰ ਪੱਟੀ, ਜ਼ਿਲ੍ਹਾ ਤਰਨ ਤਾਰਨ ਵਿਖੇ ਹੋਇਆ ਸੀ। ਡਾ. ਕਰਨਜੀਤ ਸਿੰਘ ਦਾ ਸਾਰਾ ਜੀਵਨ ਪੰਜਾਬੀ ਸਾਹਿਤ ਦੀ ਸੇਵਾ ਨੂੰ ਪ੍ਰਣਾਇਆ ਰਿਹਾ। ਉਹ 1957 ਤੋਂ ਲੈ ਕੇ 1961 ਤੱਕ ਲੋਕ ਲਿਖਾਰੀ ਸਭਾ ਅੰਮ੍ਰਿਤਸਰ ਦੇ ਜਨਰਲ ਸਕੱਤਰ ਰਹੇ ਅਤੇ ਮਗਰੋਂ ਜਾ ਕੇ ਪੰਜਾਬੀ ਲੇਖਕ ਸਭਾ ਦਿੱਲੀ ਦੇ ਸੰਸਥਾਪਕਾਂ ਵਿੱਚੋਂ ਸਨ। ਉਹ ਲੰਮਾ ਸਮਾਂ ਪੰਜਾਬੀ ਭਵਨ ਦਿੱਲੀ ਦੇ ਡਾਇਰੈਕਟਰ ਰਹੇ ਅਤੇ ਕਈ ਸਾਲ 'ਸਮਕਾਲੀ ਸਾਹਿਤ' ਦੇ ਸੰਪਾਦਕ ਵੀ। ਆਪਣੇ ਆਖਰੀ ਵੇਲੇ ਤੱਕ ਉਹ ਪੰਜਾਬੀ ਸਾਹਿਤ ਸਭਾ ਦਿੱਲੀ ਦੇ ਮੈਂਬਰ ਵੀ ਰਹੇ ਅਤੇ ਸਭਾ ਦੀਆਂ ਸਰਗਰਮੀਆਂ ਵਿਚ ਲਗਾਤਾਰ ਹਿੱਸਾ ਪਾਉਂਦੇ ਰਹੇ। ਪੰਜਾਬੀ ਅਦਬ ਦੀ ਝੋਲੀ ਵਿੱਚ ਉਹਨਾਂ ਨੇ ਪਹਿਲਾਂ ਦੋ ਕਾਵਿ ਸੰਗ੍ਰਹਿ 'ਰਿਸ਼ਤੇ' ਅਤੇ 'ਫੁੱਲ ਵੀ ਅੰਗਿਆਰ' ਪਾਏ। ਇਸ ਤੋਂ ਇਲਾਵਾ ਉਹਨਾਂ ਦੀਆਂ ਸਾਹਿਤਕ ਹਸਤੀਆਂ ਨਾਲ ਮੁਲਾਕਾਤਾਂ ਦੀਆਂ ਦੋ ਕਿਤਾਬਾਂ 'ਕਲਮ ਦੀ ਅੱਖ' ਅਤੇ 'ਜਿਨ੍ਹਾ ਪਛਾਤਾ ਸੱਚ' ਬਹੁਤ ਮਕਬੂਲ ਹੋਈਆਂ। ਆਖਰੀ ਸਾਲਾਂ ਵਿੱਚ ਉਹਨਾਂ ਨੇ ਆਪਣੀ ਜੀਵਨ ਕਹਾਣੀ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਕੇ ਲਿਖਿਆ, ਜਿਨ੍ਹਾਂ ਦੇ ਨਾਂਅ 'ਮੈਂ ਭੋਲਾਵਾ ਪਗ ਦਾ', 'ਹਾਸ਼ੀਏ

● ਬਾਕੀ ਸਫ਼ਾ 2 'ਤੇ

### ਸੀ ਏ ਏ ਲਾਗੂ

**ਨਵੀਂ ਦਿੱਲੀ** : ਕੇਂਦਰ ਸਰਕਾਰ ਨੇ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਦਾ ਨੋਟੀਫਿਕੇਸ਼ਨ ਸੋਮਵਾਰ ਜਾਰੀ ਕਰ ਦਿੱਤਾ। ਇਸਦੇ ਨਾਲ ਹੀ ਇਹ ਦੇਸ਼ ਵਿਚ ਲਾਗੂ ਹੋ ਗਿਆ। ਇਸ ਨਾਲ ਪਾਕਿਸਤਾਨ, ਬੰਗਲਾਦੇਸ਼ ਤੇ ਅਫਗਾਨਿਸਤਾਨ ਤੋਂ ਆਏ ਆਏ ਗੈਰ-ਮੁਸਲਮ ਸ਼ਰਨਾਰਥੀਆਂ ਨੂੰ ਨਾਗਰਿਕਤਾ ਮਿਲਣ ਦਾ ਰਾਹ ਸਾਫ ਹੋ ਗਿਆ।

ਸਪਾ ਪ੍ਰਧਾਨ ਅਖਿਲੇਸ਼ ਯਾਦਵ ਨੇ ਕਿਹਾ ਕਿ ਜਦ ਦੇਸ਼ ਦੇ ਨਾਗਰਿਕ ਰੋਜ਼ੀ-ਰੋਟੀ ਲਈ ਬਾਹਰ ਜਾਣ ਲਈ ਮਜਬੂਰ ਹਨ ਤਾਂ ਦੂਜਿਆਂ ਲਈ ਨਾਗਰਿਕਤਾ ਕਾਨੂੰਨ ਲਿਆਉਣ ਨਾਲ ਕੀ ਹੋਵੇਗਾ?

ਸ਼ਿਵ ਸੈਨਾ ਆਗੂ ਸੰਜੇ ਰਾਉਤ ਨੇ ਕਿਹਾ ਕਿ ਇਹ ਭਾਜਪਾ ਦੀ ਆਖਰੀ ਖੇਡ ਚੱਲ ਰਹੀ ਹੈ।

### ਪੰਜਾਬ ਨੂੰ ਕਰਜ਼ਾ ਮੁਕਤ ਕਰਨ ਲਈ ਵਚਨਬੱਧ ਹਾਂ : ਮਾਨ



**ਪਟਿਆਲਾ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਕਿਹਾ ਕਿ ਸੂਬਾ ਸਰਕਾਰ ਪੰਜਾਬ ਨੂੰ ਕਰਜ਼ਾ ਮੁਕਤ, ਅਗਾਂਹਵਧੂ ਅਤੇ ਖੁਸ਼ਹਾਲ ਸੂਬਾ ਬਣਾਉਣ ਲਈ ਨਿਰੰਤਰ ਯਤਨ ਕਰ ਰਹੀ ਹੈ।

ਇੱਥੇ 'ਸਰਕਾਰ-ਵਪਾਰ ਮਿਲਣੀ' ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਕਾਰਨ ਸੂਬੇ ਨੂੰ ਵਿਰਾਸਤ ਵਿੱਚ ਕਰਜ਼ੇ ਦੀ ਪੰਡ ਮਿਲੀ ਸੀ, ਪਰ ਉਨ੍ਹਾ ਦੀ ਸਰਕਾਰ ਸੂਬੇ ਨੂੰ ਇਨ੍ਹਾਂ ਸੰਕਟਾਂ ਵਿੱਚੋਂ ਕੱਢਣ ਲਈ ਹਰ ਸੰਭਵ ਯਤਨ ਕਰੇਗੀ, ਜਿਸ ਲਈ ਪਹਿਲਾਂ ਹੀ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਉਹਨਾ ਕਿਹਾ ਕਿ ਦੋ ਸਾਲਾਂ ਦਾ ਬਜਟ ਸੂਬੇ ਵਿੱਚ ਮਾਲੀਏ ਵਿੱਚ ਵਾਧੇ ਸਮੇਤ ਚੰਗੀਆਂ ਗੱਲਾਂ ਨੂੰ ਦਰਸਾਉਂਦਾ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਵੀ ਇਹ ਸਿਲਸਿਲਾ ਜਾਰੀ ਰਹੇਗਾ।

ਮੁੱਖ ਮੰਤਰੀ ਨੇ ਕਿਹਾ ਕਿ

● ਬਾਕੀ ਸਫ਼ਾ 2 'ਤੇ

### ਮੰਗਾਂ ਨਾ ਮੰਨੀਆਂ ਤਾਂ ਪੀ ਆਰ ਟੀ ਸੀ ਦੇ ਮੁੱਖ ਦਫਤਰ ਅੱਗੇ ਧਰਨਾ 21 ਨੂੰ

**ਪਟਿਆਲਾ** : ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਅਤੇ ਮੈਂਬਰਾਨ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖੱਟੜਾ, ਰਕੇਸ਼ ਕੁਮਾਰ ਦਤਾਰਪੁਰੀ, ਤਰਸੇਮ ਸਿੰਘ ਅਤੇ ਮੁਹੰਮਦ ਖਲੀਲ ਨੇ ਸੋਮਵਾਰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪੀ ਆਰ ਟੀ ਸੀ ਦੀ ਸਮੁੱਚੀ ਮੈਨੇਜਮੈਂਟ ਨੂੰ ਵਰਕਰਾਂ ਦੀਆਂ ਤਨਖਾਹਾਂ ਅਤੇ ਪੈਨਸ਼ਨਰਾਂ ਦਾ ਭੁਗਤਾਨ ਕਰਨ ਦੀ ਜ਼ਰਾ ਵੀ ਚਿੰਤਾ ਨਹੀਂ। ਹੋਰ ਤੇ ਹੋਰ ਦੋ ਸਾਲ ਤੋਂ ਸੇਵਾ-ਮੁਕਤ ਹੋਏ ਕਰਮਚਾਰੀਆਂ ਨੂੰ ਵੀ ਉਹਨਾਂ ਦੇ ਬਣਦੇ ਕਾਨੂੰਨੀ ਬਕਾਇਆ ਦੀ ਅਦਾਇਗੀ ਨਹੀਂ ਕੀਤੀ ਗਈ। ਪਿਛਲੇ ਮਹੀਨੇ ਦੀ ਤਨਖਾਹ, ਪੈਨਸ਼ਨ 25 ਫਰਵਰੀ ਤੱਕ ਕਿਸ਼ਤਾਂ ਵਿੱਚ ਦਿੱਤੀ ਗਈ। ਹੁਣ ਫਰਵਰੀ ਦੀ ਤਨਖਾਹ, ਪੈਨਸ਼ਨ ਦੀ ਅਜੇ ਤੱਕ ਕੋਈ ਉੱਘ-ਸੁੱਘ ਨਹੀਂ। ਮੈਨੇਜਮੈਂਟ ਦਾ ਇਹ ਗੈਰ-ਜ਼ਿੰਮੇਵਾਰੀ ਵਾਲਾ ਰਵੱਈਆ ਸਪੱਸ਼ਟ ਕਰਦਾ ਹੈ ਕਿ ਉਸ ਨੂੰ ਵਰਕਰਾਂ ਦੇ ਟੱਬਰਾਂ ਦੇ ਗੁਜ਼ਾਰੇ ਦਾ ਸਾਧਨ ਤਨਖਾਹ, ਪੈਨਸ਼ਨ ਸਮੇਂ ਸਿਰ ਦੇਣ ਵਿੱਚ ਕੋਈ ਦਿਲਚਸਪੀ ਨਹੀਂ। ਮੌਜੂਦਾ ਸਮੇਂ ਵਿੱਚ ਜਦੋਂ ਪੰਜਾਬ ਸਰਕਾਰ ਆਪਣੇ ਸਿਆਸੀ ਕਾਰਕੁਨਾਂ ਨੂੰ ਪੀ ਆਰ ਟੀ ਸੀ ਦੇ ਪ੍ਰਬੰਧ ਵਿੱਚ ਅਹਿਮ ਪੋਸਟਾਂ 'ਤੇ ਨਿਯੁਕਤੀਆਂ ਕਰਕੇ ਨਿਵਾਜ਼ ਰਹੀ ਹੈ ਤਾਂ ਹੋਰ ਵੀ ਨਿੰਦਣਯੋਗ ਹੈ ਕਿ ਸਰਕਾਰ ਵਿੱਚ ਚੰਗਾ ਸਥਾਨ ਰੱਖਦੇ ਇਹ ਅਹੁਦੇਦਾਰ ਵੀ ਵਰਕਰਾਂ ਦੀ ਭਲਾਈ ਦਾ ਕੋਈ ਧਿਆਨ ਨਹੀਂ ਰੱਖ ਰਹੇ, ਜਦ ਕਿ ਪੰਜਾਬ ਸਰਕਾਰ ਤੋਂ 400 ਕਰੋੜ ਰੁਪਏ ਤੋਂ ਵੱਧ ਦੀ ਰਕਮ ਮੁਫਤ ਸਫਰ ਅਤੇ ਰਿਆਇਤੀ ਬਦਲੇ ਪੀ ਆਰ ਟੀ ਸੀ ਨੇ ਲੈਣੇ ਹਨ, ਨਾ ਸਰਕਾਰ ਨੂੰ ਲੋੜਵੰਦ ਵਰਕਰਾਂ ਦੀ ਕੋਈ ਪਰਵਾਹ ਹੈ, ਨਾ ਹੀ ਪੀ ਆਰ ਟੀ ਸੀ ਦੇ ਪ੍ਰਬੰਧਕਾਂ ਨੂੰ ਕੋਈ ਚਿੰਤਾ ਜਾਪਦੀ ਹੈ। ਐਕਸ਼ਨ ਕਮੇਟੀ ਦੇ ਆਗੂਆਂ ਨੇ ਪ੍ਰਬੰਧਕਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਮੁਲਾਜ਼ਮਾਂ ਅਤੇ ਸੇਵਾ-ਮੁਕਤ ਬਜ਼ੁਰਗ ਕਰਮਚਾਰੀਆਂ ਦੇ ਸਬਰ ਦਾ ਇਮਤਿਹਾਨ ਨਾ ਲਓ ਅਤੇ ਇਸ ਤਰ੍ਹਾਂ ਦੇ ਹਾਲਾਤ ਨਾ ਬਣਾਓ ਕਿ ਵਰਕਰਾਂ ਨੂੰ ਮੁੱਖ ਦਫਤਰ ਦੇ ਸਾਹਮਣੇ ਪੱਕਾ ਧਰਨਾ ਲਾ ਕੇ ਬੈਠਣਾ ਪੈ ਜਾਵੇ। ਵਰਕਰਾਂ ਦੇ 70 ਕਰੋੜ ਤੋਂ ਵੱਧ ਦੇ ਅਦਾਇਗੀ ਯੋਗ ਬਕਾਇਆਂ ਦੀ ਵੀ ਕੋਈ ਚਿੰਤਾ ਨਹੀਂ ਕੀਤੀ ਜਾ ਰਹੀ। ਵਰਕਰਾਂ ਦੇ ਕੰਮਾਕਾਰਾਂ ਦੀਆਂ ਫਾਈਲਾਂ ਠੰਢੇ ਬਸਤੇ ਵਿੱਚ ਸੁੱਟੀਆ ਜਾ ਰਹੀਆਂ ਹਨ। ਵਰਕਰ ਦਫਤਰਾਂ ਦੇ ਚੱਕਰ ਕੱਟਦੇ ਹਨ ਤਾਂ ਦਫਤਰੀ ਅਮਲੇ ਵਾਲੇ ਆਪਣੀ ਬੇਵਸੀ ਜ਼ਾਹਰ ਕਰਕੇ ਪੱਲਾ ਝਾੜ ਦਿੰਦੇ ਹਨ। ਉਹ ਆਪਣਾ ਦਰਦ ਦੱਸਣ ਤੋਂ ਵੀ ਅਧਿਕਾਰੀਆਂ ਦੇ ਡਰ ਕਾਰਨ ਕੰਨੀ ਕਤਰਾਉਂਦੇ ਹਨ। ਪੀ ਆਰ ਟੀ ਸੀ ਦੀ ਹਾਲਤ ਦਿਨੋਂ-ਦਿਨ ਖਰਾਬ ਹੁੰਦੀ ਜਾ ਰਹੀ ਹੈ। ਸਰਕਾਰ ਦੇ 2 ਸਾਲਾਂ ਵਿੱਚ ਵੀ ਪੀ ਆਰ ਟੀ ਸੀ ਦੀ ਮਾਲਕੀ ਵਾਲੀ ਇੱਕ ਵੀ ਬਸ ਨਹੀਂ ਪਾਈ ਗਈ। ਸਰਕਾਰ ਨੇ ਆਪਣੀਆਂ ਸਿਆਸੀ ਮਜਬੂਰੀਆਂ ਕਾਰਨ ਪਟਿਆਲਾ ਦਾ ਪੁਰਾਣਾ ਬੱਸ ਸਟੈਂਡ ਮੁੜ ਚਾਲੂ ਕਰਕੇ ਵਾਧੂ ਖਰਚ ਦਾ ਬੋਝ ਵੀ ਪੀ ਆਰ ਟੀ ਸੀ ਨੂੰ ਚੁੱਕਣ ਲਈ ਮਜਬੂਰ ਕਰ ਦਿੱਤਾ ਹੈ।

ਐਕਸ਼ਨ ਕਮੇਟੀ ਦੇ ਆਗੂਆਂ ਕਿਹਾ ਕਿ ਜੇਕਰ ਵਰਕਰਾਂ ਦੀਆ ਮੁਸ਼ਕਲਾਂ ਦੂਰ ਕਰਨ ਵੱਲ ਕੋਈ ਕਦਮ ਨਾ ਚੁੱਕੇ ਗਏ ਤਾਂ 21 ਮਾਰਚ ਨੂੰ ਪਟਿਆਲਾ ਵਿਖੇ ਮੁੱਖ ਦਫਤਰ ਦੇ ਸਾਹਮਣੇ ਰੋਸ ਧਰਨਾ ਦਿੱਤਾ ਜਾਵੇਗਾ।

### ਦੇਸ਼ ਦੀ ਦੌਲਤ ਕਾਰਪੋਰੇਟਾਂ ਦੇ ਹਵਾਲੇ ਕੀਤੀ ਜਾ ਰਹੀ : ਅਮਰਜੀਤ ਕੌਰ, ਯੇਚੁਰੀ



**ਸ਼ਾਹਕੋਟ (ਗਿਆਨ ਸੈਦਪੁਰੀ)**

ਸੀ ਪੀ ਆਈ ਦੀ ਕੌਮੀ ਸਕੱਤਰ ਅਮਰਜੀਤ ਕੌਰ ਨੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਬੇਰੁਜ਼ਗਾਰੀ, ਗਰੀਬੀ ਅਤੇ ਹੋਰ ਦੁੱਖਾਂ ਵੱਲ ਧੱਕਣ ਲਈ ਮੋਦੀ ਸਰਕਾਰ 'ਤੇ ਤਿੱਖਾ ਹਮਲਾ ਕੀਤਾ ਹੈ। ਉਹ ਜੀਂਦ (ਹਰਿਆਣਾ) ਵਿਖੇ ਸੀ ਪੀ ਆਈ ਅਤੇ ਸੀ ਪੀ ਆਈ (ਐੱਮ) ਦੀਆਂ ਸੂਬਾ ਇਕਾਈਆਂ ਵੱਲੋਂ ਸਾਂਝੇ ਤੌਰ 'ਤੇ ਕਰਵਾਈ 'ਬਦਲਾਅ ਸੰਦੇਸ਼ ਰੈਲੀ' ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ ਕਿਹਾ ਕਿ ਮਨਰੇਗਾ ਮਜ਼ਦੂਰਾਂ ਨੂੰ ਪੂਰਾ ਕੰਮ ਤੇ ਦਿਹਾੜੀ ਨਾ ਦੇ ਕੇ ਭੁੱਖੇ ਮਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਸ ਦੇ ਉਲਟ ਕਾਰਪੋਰੇਟਾਂ ਦੀਆਂ ਤਜੌਰੀਆਂ ਹੋਰ ਨੱਕੋ-ਨੱਕ ਕੀਤੀਆਂ ਜਾ ਰਹੀਆਂ ਹਨ। ਸੀ ਪੀ ਆਈ ਦੀ ਆਗੂ ਨੇ 2020-21 ਵਿੱਚ ਦਿੱਲੀ ਦੀਆਂ ਬਰੂਹਾਂ 'ਤੇ ਲੜੇ ਕਿਸਾਨ ਅੰਦੋਲਨ ਵਿੱਚ ਹਰਿਆਣਾ ਦੇ ਕਿਸਾਨਾਂ ਅਤੇ ਮਿਹਨਤਕਸ਼ ਜਨਤਾ ਦੀ ਭੂਮਿਕਾ ਦੀ ਸ਼ਲਾਘਾ ਕੀਤੀ। ਉਨ੍ਹਾ ਕਾਰਪੋਰੇਟ ਤੇ ਫਿਰਕੂ ਗਠਜੋੜ ਨੂੰ ਸੱਤਾ ਵਿੱਚੋਂ ਬਾਹਰ ਕਰਨ ਲਈ ਕਿਸਾਨਾਂ ਅਤੇ ਮਜ਼ਦੂਰਾਂ ਦੇ ਗੱਠਜੋੜ ਦੀ ਫੌਰੀ ਲੋੜ 'ਤੇ ਜ਼ੋਰ ਦਿੱਤਾ। ਅਮਰਜੀਤ ਕੌਰ ਨੇ ਦੇਸ਼ ਪੱਧਰ 'ਤੇ ਬਣੇ 'ਇੰਡੀਆ' ਗਠਜੋੜ ਵੱਲੋਂ ਦਿੱਤੇ ਸੱਦੇ ਅਨੁਸਾਰ ਹਰਿਆਣਾ ਵਿੱਚ ਭਾਜਪਾ ਤੇ ਜੇ ਜੇ ਪੀ ਨੂੰ ਕਰਾਰੀ ਹਾਰ ਦੇਣ ਦਾ ਹੋਕਾ ਦਿੱਤਾ। ਰੈਲੀ ਨੂੰ ਸੀ ਪੀ ਆਈ (ਐੱਮ) ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਖਤਰਨਾਕ ਚੋਣ ਬਾਂਡ ਨਿਯਮ ਜਿਸ ਨੂੰ ਉਨ੍ਹਾ ਦੀ ਪਾਰਟੀ ਨੇ ਕੋਰਟ ਵਿੱਚ ਚੁਣੌਤੀ ਦਿੱਤੀ ਸੀ, ਉਹ ਕਾਰਪੋਰੇਟ ਫੰਡਿੰਗ ਦੇ ਜ਼ਰੀਏ ਭ੍ਰਿਸ਼ਟਾਚਾਰ ਨੂੰ ਜਾਇਜ਼ ਬਣਾਉਣ ਦੀ ਬੇਸ਼ਰਮ ਮਿਸਾਲ ਹੈ। ਉਨ੍ਹਾ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਭਾਰਤੀ ਸਟੇਟ ਬੈਂਕ ਨੂੰ ਸੁਪਰੀਮ ਕੋਰਟ ਵੱਲੋਂ ਦਿੱਤੇ ਨਿਰਦੇਸ਼ਾਂ ਦੀ ਉਲੰਘਣਾ ਕਰਕੇ ਚੋਣ ਫੰਡ ਦੇਣ ਵਾਲੀਆਂ ਕੰਪਨੀਆਂ ਦੇ ਨਾਂਅ ਜਾਰੀ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਯੇਚੁਰੀ ਨੇ ਕਿਹਾ ਕਿ ਪਿਛਲੇ ਪੰਜ ਸਾਲਾਂ ਵਿੱਚ ਈ ਡੀ ਨੇ 6000 ਕੇਸ ਦਰਜ ਕੀਤੇ, ਪਰ ਸਜ਼ਾ ਸਿਰਫ 23 ਨੂੰ ਹੋਈ। ਵਿਰੋਧੀ ਧਿਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਸੱਤਾਧਾਰੀ ਮੈਨੇਜਰ ਹੁੰਦਾ ਹੈ ਤੇ ਜਨਤਾ ਮਾਲਕ। ਦੇਸ਼ ਦਾ ਮੈਨੇਜਰ ਦੇਸ਼ ਨੂੰ ਵੇਚ ਰਿਹਾ ਹੈ, ਇਸ ਲਈ ਇਹੋ ਜਿਹੇ ਮੈਨੇਜਰ ਨੂੰ ਬਦਲਣ ਦੀ ਜ਼ਰੂਰਤ ਹੈ। ਦੋਵਾਂ ਕਮਿਊਨਿਸਟ ਆਗੂਆਂ ਨੇ ਭਾਜਪਾ 'ਤੇ ਤਿੰਨ ਤਰਫਾ ਹਮਲਾ ਕਰਦਿਆਂ ਕਿਹਾ ਕਿ ਡਬਲ ਇੰਜਣ ਮੋਦੀ ਅਤੇ ਖੱਟਰ ਸਰਕਾਰਾਂ ਅਰਥ ਵਿਵਸਥਾ ਨੂੰ ਬਰਬਾਦ ਕਰ ਰਹੀਆਂ ਹਨ। ਲੋਕ ਤੰਤਰ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਦੇਸ਼ ਦੇ ਪੁਰਾਣੇ ਸਮਾਜਕ-ਸੱਭਿਆਚਰਕ ਤਾਣੇ-ਬਾਣੇ ਨੂੰ ਖਤਰੇ ਵਿੱਚ ਪਾ ਦਿੱਤਾ ਹੈ।

ਸੀ ਪੀ ਆਈ ਅਤੇ ਸੀ ਪੀ ਆਈ (ਐੱਮ) ਦੀਆਂ ਸੂਬਾ ਇਕਾਈਆਂ ਦੇ ਸਕੱਤਰ ਕ੍ਰਮਵਾਰ ਦਰਿਓ ਸਿੰਘ ਕਸ਼ਅਪ ਅਤੇ ਸੁਰਿੰਦਰ ਸਿੰਘ ਨੇ 'ਬਦਲਾਅ ਸੰਦੇਸ਼ ਰੈਲੀ' ਨੂੰ ਵੀ ਸੰਬੋਧਨ ਕੀਤਾ। ਰੈਲੀ ਦੀ ਪ੍ਰਧਾਨਗੀ ਇੰਦਰਜੀਤ ਸਿੰਘ ਅਤੇ ਨੀਲਮ ਸੰਧੂ ਨੇ ਕੀਤੀ। ਰੈਲੀ ਨੂੰ ਮਜ਼ਦੂਰ ਆਗੂ ਜੈ ਭਗਵਾਨ, ਖੇਤ ਮਜ਼ਦੂਰ ਆਗੂ ਪ੍ਰੇਮ ਚੰਦ, ਇਸਤਰੀ ਆਗੂ ਸਵਿਤਾ ਅਤੇ ਜਗਮਿਤ ਸਾਂਗਵਾਨ, ਕਿਸਾਨ ਆਗੂ ਸੁਖਦੇਵ ਸਿੰਘ ਜੰਮੂ, ਐਡਵੋਕੇਟ ਅਸ਼ਵਨੀ ਬਖਸ਼ੀ, ਰਾਮ ਰਤਨ, ਸਤੇਂਦਰ ਗਿਰੀ ਤੇ ਅਨਿਲ ਪੰਵਾਰ ਨੇ ਵੀ ਸੰਬੋਧਨ ਕੀਤਾ।

## ਵਿਸ਼ੇਸ਼ ਸਪਲੀਮੈਂਟ



**ਕਪੂਰਥਲਾ** ਤੋਂ ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 10ਵੀਂ ਵਰ੍ਹੇਗੰਢ ਮੌਕੇ 20 ਮਾਰਚ ਨੂੰ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਪ੍ਰੀਤ ਸੰਗੋਜਲਾ** ਨਾਲ ਮੋਬਾਇਲ 99143-35663 'ਤੇ ਸੰਪਰਕ ਕਰੋ।

-ਜਨਰਲ ਮੈਨੇਜਰ

## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ। -ਮੈਨੇਜਰ

### ਸੜਕ ਹਾਦਸੇ 'ਚ 6 ਮੌਤਾਂ



**ਰੇਵਾੜੀ (ਹਰਿਆਣਾ)** : ਸ਼ਰਧਾਲੂਆਂ ਨੂੰ ਲੈ ਕੇ ਜਾ ਰਹੀ ਕਾਰ ਨੂੰ ਐੱਸ ਯੂ ਵੀ ਨੇ ਐਤਵਾਰ ਰਾਤ ਰੇਵਾੜੀ ਦੇ ਮਸਾਣੀ ਪਿੰਡ ਨੇੜੇ ਟੱਕਰ ਮਾਰ ਦਿੱਤੀ, ਜਿਸ ਕਾਰਨ 6 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਏਨੇ ਹੀ ਜ਼ਖਮੀ ਹੋ ਗਏ। ਕਾਰ ਸਵਾਰ ਰਾਜਸਥਾਨ 'ਚ ਖਾਟੂ ਸ਼ਿਆਮ ਮੰਦਰ ਦੇ ਦਰਸ਼ਨ ਕਰਕੇ ਵਾਪਸ ਆ ਰਹੇ ਸਨ। ਪੁਲਸ ਨੇ ਦੱਸਿਆ ਕਿ ਕਾਰ ਦਾ ਟਾਇਰ ਪੰਕਚਰ ਹੋ ਗਿਆ ਤੇ ਇਸੇ ਦੌਰਾਨ ਪਿੱਛੇ ਤੋਂ ਆ ਰਹੀ ਐੱਸ ਯੂ ਵੀ ਨੇ ਟੱਕਰ ਮਾਰ ਦਿੱਤੀ।

### ਬਿਜਲੀ ਦੀ ਤਾਰ ਨੂੰ ਛੂਹਣ 'ਤੇ ਬੱਸ ਨੂੰ ਅੱਗ, 5 ਮੌਤਾਂ



**ਗਾਜ਼ੀਪੁਰ** : ਯੂ ਪੀ ਦੇ ਗਾਜ਼ੀਪੁਰ ਜ਼ਿਲ੍ਹੇ ਦੇ ਬਾਰਹੀ ਪਿੰਡ ਨੇੜੇ ਸੋਮਵਾਰ ਨਿੱਜੀ ਬੱਸ ਨੂੰ ਹਾਈ ਟੈਨਸ਼ਨ ਤਾਰ ਨਾਲ ਛੂਹਣ ਕਾਰਨ ਅੱਗ ਲੱਗ ਗਈ।

ਨਤੀਜੇ ਵਜੋਂ 5 ਵਿਅਕਤੀਆਂ ਦੀ ਮੌਤ ਹੋ ਗਈ ਤੇ 11 ਜ਼ਖਮੀ ਹੋ ਗਏ। ਮਾਊ ਜ਼ਿਲ੍ਹੇ ਤੋਂ ਬੱਸ 50 ਦੇ ਕਰੀਬ ਸਵਾਰੀਆਂ ਨੂੰ ਲੈ ਕੇ ਵਿਆਹ ਜਾ ਰਹੀ ਸੀ।

## ਅੱਜ-ਨਾਮਾ

ਥਾਂਉਂ-ਥਾਂ ਲੱਗੀ ਪਈ ਜਾਪਦੀ ਘਾਤ ਜਿੰਦਾਂ,
ਬਹੁਤੇ ਸਰਗਰਮ ਪੰਜਾਬ ਵਿੱਚ ਠੱਗ ਬੇਲੀ।
ਫਸਦਾ ਦਿੱਸਦਾ ਸ਼ਿਕਾਰ ਇਹ ਰਗੜ ਦੇਂਦੇ,
ਨਿਕਲਿਆ ਧੂੰਆਂ ਨਾ ਦਿੱਸੀ ਹੈ ਅੱਗ ਬੇਲੀ।
ਖੜਾ-ਖੜੋਤਾ ਇਹ ਬੰਦਾ ਤੱਕ ਵੇਚ ਛੱਡਣ,
ਵੇਚ ਦੇਣ ਬੰਦਾ ਤਾਂ ਦਿੱਸੇ ਪਈ ਪੱਗ ਬੇਲੀ।
ਜੀਹਦਾ ਵੇਚਿਆ ਮਾਲ, ਉਹ ਜਾਣਦਾ ਨਹੀਂ,
ਸਕਿਆ ਪਤਾ ਨਹੀਂ ਕਦੀ ਕੋਈ ਲੱਗ ਬੇਲੀ।
ਗੁੰਝਲਦਾਰ ਜਿਹਾ ਸਿਸਟਮ ਆ ਜਾਂਚ ਵਾਲਾ,
ਰਹਿੰਦੇ ਕੇਸ ਇਹ ਅਕਸਰ ਲਟਕਾਏ ਬੇਲੀ।
ਜੋ ਵੀ ਲੁੱਟਿਆ ਗਿਆ ਰੋਂਦਾ ਏ ਰਹਿ ਜਾਂਦਾ,
ਬੀਤਿਆ ਵਕਤ ਨਾ ਹੱਥ ਫਿਰ ਆਏ ਬੇਲੀ।

-ਤੀਸ ਮਾਰ ਖਾਂ

### ਫ਼ਿਰਕਾਪ੍ਰਸਤੀ ਹਾਕਮਾਂ ਦਾ ਹਥਿਆਰ ਹੁੰਦੈ : ਡਾ. ਪਰਮਿੰਦਰ ਸਿੰਘ

**ਸ਼ਾਹਕੋਟ (ਗਿਆਨ ਸੈਦਪੁਰੀ)**

ਇਨਕਲਾਬੀ ਕਵੀ ਅਵਤਾਰ ਪਾਸ਼ ਦੇ ਜੱਦੀ ਘਰ ਤਲਵੰਡੀ ਸਲੇਮ ਵਿਖੇ ਪਾਸ਼-ਹੰਸ ਰਾਜ ਸ਼ਹੀਦੀ ਯਾਦਗਾਰ ਕਮੇਟੀ ਵੱਲੋਂ ਵਿਸ਼ੇਸ਼ ਇਕੱਤਰਤਾ ਕੀਤੀ ਗਈ। ਇਸ ਵਿੱਚ ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਦੇ ਮੈਂਬਰ ਤੇ ਨਾਮਵਰ ਚਿੰਤਕ ਡਾ. ਪਰਮਿੰਦਰ ਸਿੰਘ ਉਚੇਚ ਨਾਲ ਸ਼ਾਮਲ ਹੋਏ। ਉਨ੍ਹਾ ਸਾਮਰਾਜਵਾਦ, ਰਾਸ਼ਟਰਵਾਦ, ਫਾਸ਼ੀਵਾਦ ਅਤੇ ਫ਼ਿਰਕਾਪ੍ਰਸਤੀ ਦੇ ਪੈਦਾ ਹੋਣ ਦਾ ਕਾਰਨ, ਇਨ੍ਹਾਂ ਦੇ ਸੁਭਾਅ ਅਤੇ ਆਪਸੀ ਸੰਬੰਧਾਂ ਬਾਰੇ ਭਰਪੂਰ ਜਾਣਕਾਰੀ ਸਾਂਝੀ ਕੀਤੀ। ਇਸੇ ਸਬੱਬ ਉਨ੍ਹਾ ਮਨੁੱਖੀ ਇਤਿਹਾਸ ਦੇ ਵੱਖ-ਵੱਖ ਪੜਾਵਾਂ 'ਤੇ ਹੋਏ, ਵਾਪਰੇ ਦੀ ਜਾਣਕਾਰੀ ਦੇਣ ਦੇ ਨਾਲ-ਨਾਲ ਬਹੁਤ ਸਾਰੀਆਂ ਨਵੀਂਆਂ ਗੱਲਾਂ ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਉਨ੍ਹਾ ਮੁਗਲ ਬਾਦਸ਼ਾਹਾਂ ਬਾਰੇ ਪਾਏ ਗਏ ਭਰਮ-ਭੁਲੇਖਿਆਂ ਨੂੰ ਵੀ ਦੂਰ ਕੀਤਾ। ਉਦਯੋਗਿਕ ਤਰੱਕੀ ਨਾਲ ਨਵੇਂ ਪੈਦਾਵਾਰੀ ਰਿਸ਼ਤਿਆਂ ਬਾਰੇ ਵੀ ਦੱਸਿਆ। ਉਨ੍ਹਾ ਇਹ ਗੱਲ ਵੀ ਸਪੱਸ਼ਟ ਕੀਤੀ ਕਿ ਰਾਸ਼ਟਰਵਾਦ ਦਾ ਜੋ ਰੂਪ ਯੂਰਪ ਵਿੱਚ ਸੀ, ਹਿੰਦੁਸਤਾਨ ਵਿੱਚ ਉਸ ਤੋਂ ਬਿਲਕੁਲ ਵੱਖਰਾ ਹੈ।

ਸਾਮਰਾਜਵਾਦ ਦੀ ਗੱਲ ਕਰਦਿਆਂ ਡਾ. ਪਰਮਿੰਦਰ ਸਿੰਘ ਨੇ ਕਿਹਾ ਕਿ ਸਰਮਾਏਦਾਰੀ ਦੌਰ ਵਿੱਚ ਜਿੱਥੇ ਸਰਮਾਏਦਾਰ ਤਬਕਾ ਤਾਕਤਵਰ ਬਣਦਾ ਹੈ, ਉੱਥੇ ਉਸ ਨੇ ਹੱਦਾਂ-ਸਰਹੱਦਾਂ ਤੋਂ ਪਾਰ ਤੱਕ ਫੈਲਣਾ ਹੁੰਦਾ ਹੈ। ਇੱਥੋਂ ਹੀ ਸਾਮਰਾਜਵਾਦ ਪੈਦਾ ਹੁੰਦਾ ਹੈ। ਇਹ ਲੋਕ ਕਿਸੇ ਦੂਸਰੇ ਮੁਲਕ ਨੂੰ ਲੁੱਟ ਕੇ ਮਾਲ-ਅਸਬਾਬ ਨਾਲ ਆਪਣੀਆਂ ਤਜੌਰੀਆਂ ਭਰਦੇ ਹਨ ਤੇ ਉਸ ਮੁਲਕ ਦੇ ਲੋਕਾਂ ਨੂੰ ਭੁੱਖੇ ਮਰਨ ਲਈ ਮਜਬੂਰ ਕਰ ਦਿੰਦੇ ਹਨ। ਇਸੇ ਵਰਤਾਰੇ ਨੂੰ ਸਾਮਰਾਜਵਾਦ ਕਿਹਾ ਜਾਂਦਾ ਹੈ। ਇਸ ਸੰਬੰਧ ਵਿੱਚ ਉਨ੍ਹਾ ਮੁਗਲ ਸ਼ਾਸਕਾਂ ਦੀ ਗੱਲ ਕਰਦਿਆਂ ਕਿਹਾ ਕਿ ਉਹ ਸਾਮਰਾਜੀਏ ਬਿਲਕੁਲ ਨਹੀਂ ਸਨ। ਉਹ ਹਿੰਦੁਸਤਾਨ 'ਤੇ ਕਾਬਜ਼ ਹੋਏ ਤਾਂ ਇੱਥੋਂ ਦੇ ਹੋ ਕੇ ਰਹੇ। ਉਨ੍ਹਾ ਧਾਰਮਿਕ ਮਾਮਲੇ ਵਿੱਚ ਵੀ ਧੱਕਾ ਨਹੀਂ ਕੀਤਾ। ਇਸਲਾਮ ਦਾ ਵਿਸਥਾਰ ਹੋਇਆਂ ਤਾਂ ਉਸ ਪਿੱਛੇ ਮੁਸਲਮਾਨ ਸੂਫੀਆਂ ਦਾ ਮੁਹੱਬਤੀ ਕਿਰਦਾਰ ਸੀ।ਰਾਸ਼ਟਰਵਾਦ ਦੀ ਗੱਲ ਕਰਦਿਆਂ ਡਾ. ਪਰਮਿੰਦਰ ਸਿੰਘ ਨੇ ਕਿਹਾ ਕਿ ਰਾਸ਼ਟਰ ਜਾਂ ਦੇਸ਼ ਦੀ ਧਾਰਨਾ ਮੁੱਢ ਕਦੀਮੀ ਨਹੀਂ। ਉਂਜ ਰਾਸ਼ਟਰ ਦਾ ਸੰਕਲਪ ਯੂਰਪ ਦਾ ਹੈ। ਯੂਨਾਨੀ ਸੱਭਿਆਤਾ ਵਿੱਚ ਵੀ ਰਾਸ਼ਟਰ ਅਤੇ ਰਾਸ਼ਟਰਵਾਦ ਦੀਆਂ ਗੱਲਾਂ ਹੁੰਦੀਆਂ ਰਹੀਆਂ

● ਬਾਕੀ ਸਫ਼ਾ 2 'ਤੇ




ਸ਼ਹੀਦੀ ਸਮਾਗਮ ਦਾ ਪੋਸਟਰ ਜਾਰੀ ਕਰਦੇ ਹੋਏ ਡਾਕਟਰ ਪਰਮਿੰਦਰ ਸਿੰਘ, ਹਰਮੇਸ਼ ਮਾਲੜੀ ਤੇ ਹੋਰ।

### 'ਓਪਨਹਾਈਮਰ' ਸਰਵੋਤਮ ਫਿਲਮ



**ਲਾਸ ਏਂਜਲਸ** : ਗੰਭੀਰ ਬਾਇਓਪਿਕ 'ਓਪਨਹਾਈਮਰ' ਨੇ 96ਵੇਂ ਅਕੈਡਮੀ ਐਵਾਰਡਜ਼ 'ਚ ਸਰਵੋਤਮ ਫਿਲਮ ਦਾ ਖਿਤਾਬ ਜਿੱਤਿਆ ਅਤੇ ਕ੍ਰਿਸਟੋਫਰ ਨੋਲਨ ਨੇ ਇਸ ਲਈ ਸਰਵੋਤਮ ਡਾਇਰੈਕਟਰ ਦਾ ਆਸਕਰ ਜਿੱਤਿਆ। ਭਾਰਤ ਦੇ ਝਾਰਖੰਡ ਦੇ ਇੱਕ ਪਿੰਡ ਦੀ ਘਟਨਾ 'ਤੇ ਆਧਾਰਤ 'ਟੂ ਕਿਲ ਏ ਟਾਈਗਰ' ਬੈੱਸਟ ਡਾਕੂਮੈਂਟਰੀ ਫੀਚਰ ਕੈਟਾਗਰੀ 'ਚ ਆਸਕਰ ਐਵਾਰਡ ਦੇ ਨੇੜੇ ਆ ਕੇ ਦੌੜ ਵਿੱਚੋਂ ਬਾਹਰ ਹੋ ਗਈ। ਇਸ ਵਰਗ 'ਚ '20 ਡੇਜ਼ ਇਨ ਮਾਰੀਉਪੋਲ' ਨੇ ਖਿਤਾਬ ਜਿੱਤਿਆ। ਸਿਲਿਅਨ ਮਰਫੀ ਨੇ ਨੋਲਨ ਦੀ ਬਲਾਕਬਸਟਰ ਬਾਇਓਪਿਕ 'ਓਪਨਹਾਈਮਰ' 'ਚ ਪ੍ਰਮਾਣੂ ਬੰਬ ਬਣਾਉਣ ਵਾਲੇ ਵਿਅਕਤੀ ਦੀ ਭੂਮਿਕਾ ਲਈ ਆਪਣਾ ਪਹਿਲਾ ਪੁਰਸਕਾਰ ਜਿੱਤਿਆ। ਐਮਾ ਸਟੋਨ (35) ਨੇ ਸਰਵੋਤਮ ਅਭਿਨੇਤਰੀ ਦਾ ਆਸਕਰ ਜਿੱਤਿਆ। ਉਸ ਨੇ ਪੂਅਰ ਥਿੰਗਜ਼ 'ਚ ਬੇਲਾ ਬੈਕਸਟਰ ਦੀ ਭੂਮਿਕਾ ਲਈ ਇਹ ਪੁਰਸਕਾਰ ਜਿੱਤਿਆ।

ਸਰਵੋਤਮ ਅਭਿਨੇਤਰੀ ਲਈ ਇਹ ਉਸ ਦਾ ਦੂਜਾ ਆਸਕਰ ਪੁਰਸਕਾਰ ਹੈ। ਉਸ ਨੂੰ 2019 'ਚ ਲਾ ਲਾ ਲੈਂਡ ਲਈ ਆਸਕਰ ਵੀ ਮਿਲ ਚੁੱਕਾ ਹੈ। ਲਾਸ ਏਂਜਲਸ 'ਚ ਡੌਲਬੀ ਥੀਏਟਰ ਦੇ ਬਾਹਰ ਗਾਜ਼ਾ ਬਾਰੇ ਪ੍ਰਦਰਸ਼ਨਾਂ ਕਾਰਨ ਅਕੈਡਮੀ ਅਵਾਰਡਸ ਨੂੰ ਵਿਰੋਧ ਦਾ ਸਾਹਮਣਾ ਕਰਨਾ ਪਿਆ।

## ਦਿੱਲੀ ਕਿਸਾਨ ਮਹਾਂਪੰਚਾਇਤ ਦੀਆਂ ਤਿਆਰੀਆਂ ਜ਼ੋਰਾਂ ’ਤੇ



**ਬੁਢਲਾਡਾ (ਅਸ਼ੋਕ ਲਾਕੜਾ)**-ਤਹਿਸੀਲ ਕਿਸਾਨ ਸਭਾ ਦੀ ਮੀਟਿੰਗ ਸਾਥੀ ਗੁਰਦਾਸ ਸਿੰਘ ਟਾਹਲੀਆਂ ਦੀ ਪ੍ਰਧਾਨਗੀ ਹੇਠ ਹੋਈ। ਸਾਬਕਾ ਵਿਧਾਇਕ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਤੇ ਵਿਸ਼ਵ ਵਪਾਰ ਸੰਗਠਨ ਵਿੱਚੋਂ ਭਾਰਤ ਬਾਹਰ ਆਵੇ। ਉਨ੍ਹਾਂ ਹੈਰਾਨੀ ਪ੍ਰਗਟ ਕਰਦਿਆਂ ਦੱਸਿਆ ਕਿ ਲਖਮੀਰਪੁਰ ਕਾਂਡ ਦੇ ਮੁੱਖ ਦੋਸ਼ੀ ਅਜੈ ਮਿਸ਼ਰਾ ਟੈਨੀ ਨੂੰ ਭਾਜਪਾ ਸਰਕਾਰ ਵੱਲੋਂ ਗ੍ਰਿਫ਼ਤਾਰ ਤਾਂ ਕੀ ਕਰਨਾ ਸੀ, ਉਲਟਾ ਉਸ ਨੂੰ ਲੋਕ ਸਭਾ ਦੀ ਟਿਕਟ ਨਿਵਾਜ਼ ਕੇ ਕਿਸਾਨਾਂ ਦੇ ਜ਼ਖ਼ਮਾਂ ’ਤੇ ਲੂਣ ਛਿੜਕਣ ਦਾ ਕੰਮ ਕੀਤਾ ਹੈ। ਉਨ੍ਹਾਂ ਮਿਸ਼ਰਾ ਦੀ ਗ੍ਰਿਫ਼ਤਾਰੀ, ਕਿਸਾਨਾਂ ਦੀਆਂ ਮੰਨੀਆਂ ਮੰਗਾਂ ਨੂੰ ਲਾਗੂ ਕਰਾਉਣ ਨੂੰ ਲੈ ਕੇ 14 ਮਾਰਚ ਨੂੰ ਦਿੱਲੀ ਦੇ ਰਾਮਲੀਲਾ ਗਰਾਉਂਡ ਵਿੱਚ ਹੋ ਰਹੀ ਮਹਾਂਕਿਸਾਨ ਪੰਚਾਇਤ ਵਿੱਚ ਦੇਸ਼ ਭਰ ਦੇ ਲੱਖਾਂ ਕਿਸਾਨ ਸ਼ਾਮਲ ਹੋਣਗੇ। ਉਨ੍ਹਾਂ ਤਹਿਸੀਲ ਵਿੱਚੋਂ ਵੱਧ ਤੋਂ ਵੱਧ ਕਿਸਾਨਾਂ ਨੂੰ ਸ਼ਾਮਲ ਹੋਣ ਦੀ ਅਪੀਲ ਕੀਤੀ। ਤਹਿਸੀਲ ਕਿਸਾਨ ਸਭਾ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਗੁਰਨੇ ਕਲਾਂ ਮੀਤ ਪ੍ਰਧਾਨ, ਗੁਰਦਾਸ ਸਿੰਘ ਟਾਹਲੀਆਂ ਤੇ ਵੇਦ ਪ੍ਰਕਾਸ਼ ਨੇ ਭਰੋਸਾ ਦਿੱਤਾ ਕਿ ਤਹਿਸੀਲ ਬੁਢਲਾਡਾ ਵਿੱਚੋਂ 200 ਤੋਂ ਵੱਧ ਕਿਸਾਨ ਮਹਾਂਪੰਚਾਇਤ ਵਿੱਚ ਸ਼ਾਮਲ ਹੋਣਗੇ।

## ਜੰਗਲੀ ਜਾਨਵਰ ਤੇ ਅਵਾਰਾ ਪਸ਼ੂ ਫ਼ਸਲਾਂ ਦਾ ਕਰ ਰਹੇ ਉਜਾੜਾ : ਸਿਮਰਨਜੀਤ ਸਿੰਘ ਮਾਨ



**ਸੰਗਰੂਰ (ਪ੍ਰਵੀਨ ਸਿੰਘ)**-ਪਿੰਡਾਂ ਦੇ ਕਿਸਾਨਾਂ ਦੀਆਂ ਫ਼ਸਲਾਂ ਨੂੰ ਜੰਗਲੀ ਸੂਰ ਤੇ ਰੋਜ਼ ਅਤੇ ਹੋਰ ਅਵਾਰਾ ਪਸ਼ੂ ਵੱਡਾ ਨੁਕਸਾਨ ਪਹੁੰਚਾ ਰਹੇ ਹਨ, ਜਿਸ ਕਾਰਨ ਇਲਾਕੇ ਦੇ ਕਿਸਾਨ ਕਾਫੀ ਦੁਖੀ ਹਨ। ਪ੍ਰਸ਼ਾਸਨ ਤੇ ਸਰਕਾਰ ਨੂੰ ਇਸ ਵੱਲ ਤੁਰੰਤ ਧਿਆਨ ਦੇਣ ਦੀ ਲੋੜ ਹੈ। ਇਹ ਵਿਚਾਰ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਪਿੰਡ ਜਲਾਨ ਵਿੱਚ ਨਗਰ ਨਿਵਾਸੀਆਂ ਨਾਲ ਇੱਕ ਮੁਲਾਕਾਤ ਕਰਨ ਤੋਂ ਬਾਅਦ ਪ੍ਰਗਟ ਕੀਤੇ। ਮਾਨ ਨੇ ਦੱਸਿਆ ਕਿ ਪਿੰਡਾਂ ਦੇ ਕਿਸਾਨਾਂ ਵੱਲੋਂ ਅਨੇਕਾਂ ਵਾਰ ਇਹ ਮੁਸ਼ਕਲ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦੀ ਗਈ ਹੈ, ਪਰ ਇਸ ਦੇ ਬਾਵਜੂਦ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਹਾਲੇ ਤੱਕ ਕਿਸਾਨਾਂ ਦੀ ਇਹ ਫ਼ਸਲਾਂ ਦਾ ਉਜਾੜਾ ਰੋਕਣ ਲਈ ਠੋਸ ਕਦਮ ਨਹੀਂ ਚੁੱਕੇ ਗਏ। ਮਾਨ ਨੇ ਕਿਹਾ ਕਿ ਕਈ ਖੇਤੀ ਮਾਹਿਰ ਸਲਾਹਾਂ ਦਿੰਦੇ ਹਨ ਕਿ ਕਿਸਾਨ ਬਦਲਵੀਂ ਖੇਤੀ ਕਰਨ, ਪਰ ਜਦੋਂ ਕਿਸਾਨ ਗੰਨੇ ਦੀ ਕਾਸ਼ਤ ਕਰਦਾ ਹੈ ਤਾਂ ਉਨ੍ਹਾਂ ਨੂੰ ਪੰਜਾਬ ਵਿੱਚ ਬੰਦ ਹੋਈਆਂ ਗੰਨਾਂ ਮਿੱਲਾਂ ਤੇ ਮਿੱਲਾਂ ਵੱਲੋਂ ਖਰੀਦੇ ਗੰਨੇ ਦੀ ਅਦਾਇਗੀ ਮੌਕੇ ਖੱਜਲ ਖੁਆਰ ਹੋਣਾ ਪੈਂਦਾ ਹੈ। ਜੇਕਰ ਮਿਰਚਾਂ, ਸਬਜ਼ੀਆਂ ਆਦਿ ਫ਼ਸਲਾਂ ਉਗਾਉਂਦਾ ਹੈ ਤਾਂ ਮੰਡੀਕਰਨ ਨਾ ਹੋਣ ਕਾਰਨ ਸਹੀ ਉਜਰਤਾਂ ਨਹੀਂ ਮਿਲਦੀਆਂ। ਉਨ੍ਹਾਂ ਵੱਲੋਂ ਪਾਲੇ ਜਾ ਰਹੇ ਡੰਗਰਾਂ ਨੂੰ ਵੀ ਹਰੇ ਚਾਰੇ ਦਾ ਕੋਈ ਪ੍ਰਬੰਧ ਨਹੀਂ, ਵਿਚਾਰੀਆਂ ਗ਼ਰੀਬ ਬੀਬੀਆਂ ਅਤਿ ਦੀ ਠੰਢ ਵਿੱਚ ਖੇਤਾਂ ਦੇ ਬੰਨਿਆਂ ਤੋਂ ਘਾਹ ਖੋਤਣ ਭੁੱਖੇ ਪੇਟ ਜਾਂਦੀਆਂ ਹਨ। ਨੌਜਵਾਨ ਪੀੜ੍ਹੀ ਬੇਰੁਜ਼ਗਾਰੀ ਦਾ ਸੰਤਾਪ ਹੰਢਾਅ ਰਹੀ ਹੈ।

## ਖੀਰ-ਪੂੜਿਆਂ ਦਾ ਲੰਗਰ ਲਾਇਆ



**ਦੋਰਾਹਾ (ਹਰਮਿੰਦਰ ਸੇਠ)**-ਮਹਾਂਸ਼ਿਵਰਾਤਰੀ ਦੇ ਪਵਿੱਤਰ ਦਿਹਾੜੇ ਮੌਕੇ ਪਿੰਡ ਬੁਆਨੀ ਵਿਖੇ ਸ਼ਿਵ ਮੰਦਿਰ ਕਮੇਟੀ ਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਖੀਰ ਤੇ ਪੂੜਿਆਂ ਦਾ ਲੰਗਰ ਬੜੀ ਸ਼ਰਧਾਪੂਰਵਕ ਲਾਇਆ ਗਿਆ। ਹਵਨ ਦੀ ਪਵਿੱਤਰ ਰਸਮ ਤੋਂ ਬਾਅਦ ਸਮੂਹ ਸੰਗਤਾਂ ਵਿੱਚ ਲੰਗਰ ਵਰਤਾਇਆ ਗਿਆ। ਇਸ ਮੌਕੇ ਸੰਜੀਵ ਕੁਮਾਰ, ਸਹਿਜਪਾਲ ਭਾਰਦਵਾਜ, ਲਵਪ੍ਰੀਤ ਵਰਮਾ, ਲਵੀ ਬੁਆਨੀ, ਬਬਲਜੀਤ, ਪਰਮਿੰਦਰ ਸਿੰਘ ਪੰਚ, ਸਾਹਿਲ, ਸੁੱਖੀ, ਗੱਗੂ, ਕਾਲਾ, ਨੰਨੂ, ਨੈਤਿਕ, ਜਸਮੀਤ, ਗੁਰਮੁਖ ਸਿੰਘ, ਰਾਜੂ, ਹੈਰੀ ਆਦਿ ਸੇਵਾਦਾਰਾਂ ਵੱਲੋਂ ਲੰਗਰ ਦੌਰਾਨ ਤਨੋਂ-ਮਨੋਂ ਸੇਵਾ ਨਿਭਾਈ ਗਈ।

## ਵਿਜੇ ਕੁਮਾਰ ਦੂਜੀ ਵਾਰ ਸਰਬਸੰਮਤੀ ਨਾਲ ਪ੍ਰਧਾਨ ਚੁਣੇ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਫਰੀਡਮ ਫਾਈਟਰ ਉਤਰਾਅਧਿਕਾਰੀ ਜਥੇਬੰਦੀ ਦੀ ਵਿਸ਼ੇਸ਼ ਮੀਟਿੰਗ ਅਗਰਵਾਲ ਧਰਮਸ਼ਾਲਾ ਵਿੱਚ ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਧਨੇਠਾ, ਜ਼ਿਲ੍ਹਾ ਜਨਰਲ ਸਕੱਤਰ ਸੁਖਵਿੰਦਰ ਸਿੰਘ ਖੁਰਾਣਾ, ਜ਼ਿਲ੍ਹਾ ਖ਼ਜ਼ਾਨਚੀ ਜਸਬੀਰ ਸਿੰਘ ਧੀਮਾਨ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਪਹਿਲੀ ਬਣੀ ਕਮੇਟੀ ਨੂੰ ਭੰਗ ਕੀਤਾ ਗਿਆ ਅਤੇ ਦੁਬਾਰਾ ਤੋਂ ਚੋਣ ਕਰਾਉਣ ਦੀ ਪ੍ਰਪੋਜ਼ਲ ਰੱਖੀ ਗਈ। ਮੀਟਿੰਗ ਵਿੱਚ ਸ਼ਾਮਲ ਹੋਏ ਫਰੀਡਮ ਫਾਈਟਰਾਂ ਦੇ ਉਤਰਧਿਕਾਰੀਆਂ ਦੀ ਸਲਾਹ ਮਸ਼ਵਰਾ ਕਰਨ ਉਪਰੰਤ ਵਿਜੇ ਕੁਮਾਰ ਨੂੰ ਦੂਜੀ ਵਾਰ ਸਰਬਸੰਮਤੀ ਨਾਲ ਸਮਾਣਾ ਬਲਾਕ ਦਾ ਪ੍ਰਧਾਨ ਚੁਣਿਆ ਗਿਆ। ਇਸੇ ਤਰ੍ਹਾਂ ਕੈਸ਼ੀਅਰ ਹਰਦੀਪ ਸਿੰਘ ਅਤੇ ਸੈਕਟਰੀ ਅਨਿਲ ਕੁਮਾਰ ਵੀ ਸਰਬਸੰਮਤੀ ਨਾਲ ਚੁਣੇ ਗਏ।

## ਸੁਰੱਖਿਆ ਤੇ ਸਦਭਾਵਨਾ ਬਣਾਈ ਰੱਖਣ ਲਈ ਕੱਢਿਆ ਫਲੈਗ ਮਾਰਚ



**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**-ਭਗਵੰਤ ਸਿੰਘ ਮਾਨ ਮੁੱਖ ਮੰਤਰੀ ਤੇ ਸ਼੍ਰੀ ਗੌਰਵ ਯਾਦਵ ਆਈ.ਪੀ.ਐਸ. ਡੀ.ਜੀ.ਪੀ. ਪੰਜਾਬ, ਗੁਰਸ਼ਰਨ ਸਿੰਘ ਸੰਧੂ ਆਈ.ਪੀ.ਐਸ ਆਈ.ਜੀ.ਪੀ ਫ਼ਰੀਦਕੋਟ ਰੇਂਜ ਦੀਆਂ ਹਦਾਇਤਾਂ ਤਹਿਤ ਸ਼੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐਸ. ਐਸ.ਐਸ.ਪੀ ਵੱਲੋਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੁਲਸ ਦੀਆਂ ਅਲੱਗ ਅਲੱਗ ਟੀਮਾਂ ਬਣਾ ਕੇ ਜਿਲ੍ਹੇ ਅੰਦਰ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ਤੇ ਪੀ.ਸੀ.ਆਰ ਮੋਟਰਸਾਈਕਲ ਵੱਲੋਂ ਰਾਤ ਦਿਨ ਗਸ਼ਤਾਂ ਕੀਤੀਆਂ ਜਾ ਰਹੀਆਂ ਹਨ। ਇਸ ਨੂੰ ਮੁੱਖ ਰੱਖਦਿਆਂ ਸਬ ਡਿਵੀਜ਼ਨ ਲੰਬੀ ਦੀ ਉਪ ਕਪਤਾਨ ਫ਼ਤਿਹ ਸਿੰਘ ਬਰਾੜ ਦੀ ਅਗਵਾਈ ਹੇਠ ਪੁਲਿਸ ਵੱਲੋਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਲੋਕਾਂ ਅੰਦਰ ਸੁਰੱਖਿਆ ਅਤੇ ਸਦਭਾਵਨਾ ਬਣਾਈ ਰੱਖਣ ਲਈ ਲੰਬੀ ਵਿਚ ਫਲੈਗ ਮਾਰਚ ਕੱਢਿਆ ਗਿਆ। ਇਸ ਮੌਕੇ ’ਤੇ ਫਤਹਿ ਸਿੰਘ ਬਰਾੜ ਉਪ ਕਪਤਾਨ ਲੰਬੀ ਨੇ ਕਿਹਾ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੁਲਿਸ ਵੱਲੋਂ ਜਿਲ੍ਹੇ ਅੰਦਰ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ਤੇ ਸ਼ਰਾਰਤੀ ਅਨਸਰਾਂ ਨੂੰ ਕਿਸੇ ਵੀ ਕੀਮਤ ’ਤੇ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ’ਤੇ ਉਨ੍ਹਾਂ ਕਿਹਾ ਕਿ ਲੋਕ ਬੇਝਿਜਕ ਹੋ ਕੇ ਲੋਕ ਸਭਾ ਦੀਆਂ ਚੋਣਾਂ ਵਿੱਚ ਆਪਣੀ ਵੋਟ ਦਾ ਸਹੀ ਇਸਤੇਮਾਲ ਕਰਨ।

## ਪੰਜਾਬ ਗੌਰਮਿੰਟ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਹੋਈ



**ਬੁਢਲਾਡਾ (ਅਸ਼ੋਕ ਲਾਕੜਾ)**-ਪੰਜਾਬ ਗੌਰਮਿੰਟ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਪ੍ਰਗਟ ਸਿੰਘ ਦੀ ਪ੍ਰਧਾਨਗੀ ਹੇਠ ਪੈਨਸ਼ਨ ਭਵਨ ਵਿਖੇ ਹੋਈ। ਸਭ ਤੋਂ ਪਹਿਲਾਂ ਸ੍ਰੀਮਤੀ ਕੌਸ਼ੱਲਿਆ ਦੇਵੀ ਪਤਨੀ ਸ੍ਰੀ ਦੇਵ ਰਾਜ ਗਰਗ (ਸਰਪ੍ਰਸਤ), ਸ੍ਰੀਮਤੀ ਜਸਵੰਤ ਕੌਰ ਪਤਨੀ ਸੁਖਦੇਵ ਸਿੰਘ ਇੰਸਪੈਕਟਰ ਸਵਰਗਵਾਸ ਹੋਣ ਉਪਰੰਤ 2 ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। ਇਸ ਤੋਂ ਬਾਅਦ ਪੈਨਸ਼ਨ ਭਵਨ ਹਾਲ ਦੀ ਉਸਾਰੀ ਲਈ ਚਰਨਜੀਤ ਸਿੰਘ ਅੱਕਾਂਵਾਲੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਮਾਨਸਾ ਵੱਲੋਂ ਇੱਕ ਲੱਖ ਪੰਦਰਾਂ ਹਜ਼ਾਰ ਗ੍ਰਾਂਟ ਜਾਰੀ ਕਰਨ ਲਈ ਪ੍ਰਧਾਨ ਪਰਗਟ ਸਿੰਘ, ਜਨਰਲ ਸਕੱਤਰ ਸ੍ਰੀ ਨਰੇਸ਼ ਕਾਂਸਲ, ਸ੍ਰੀ ਸੁਭਾਸ਼ ਨਾਗਪਾਲ, ਪ੍ਰਿੰਸੀਪਲ ਅਜਮੇਰ ਸਿੰਘ, ਅਵਤਾਰ ਸਿੰਘ, ਸ਼ਾਮ ਸੁੰਦਰ, ਮਹਿੰਦਰ ਸਿੰਘ ਵੱਲੋਂ ਚੇਅਰਮੈਨ ਸਾਹਿਬ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਪੰਜਾਬ ਗੌਰਮਿੰਟ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਵੱਲੋਂ ਕ੍ਰਮਚਾਰੀਆਂ, ਪੈਨਸ਼ਨਰਾਂ ਨੂੰ ਪੰਜਾਬ ਸਰਕਾਰ ਵੱਲੋਂ ਬੱਜਟ ਸੈਸ਼ਨ ਦੌਰਾਨ ਡੀ.ਏ ਦੀਆਂ ਬਕਾਇਆ ਕਿਸ਼ਤਾਂ ਤੇ ਬਕਾਇਆ ਏਰੀਅਰ ਨਾ ਦੇਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।

## ਐਸ ਡੀ ਐਮ ਨੇ ਵਪਾਰੀਆਂ ਦੀਆਂ ਮੁਸ਼ਕਲਾਂ ਸੁਣ ਕੇ ਹੱਲ ਦਾ ਭਰੋਸਾ ਦਿੱਤਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਟਰੇਡ ਯੂਨੀਅਨਾਂ ਦੇ ਨੁਮਾਇੰਦਿਆਂ ਨੇ ਐਸ.ਡੀ.ਐਮ ਰਿਚਾ ਗੋਇਲ ਨਾਲ ਮੀਟਿੰਗ ਕਰਕੇ ਸ਼ਹਿਰ ਦੇ ਵਪਾਰੀਆਂ ਨੂੰ ਆ ਰਹੀਆਂ ਮੁਸ਼ਕਲਾਂ ਸੁਣੀਆਂ। ਟਰੇਡ ਯੂਨੀਅਨਾਂ ਦੇ ਆਗੂਆਂ ਨੇ ਸ਼ਹਿਰ ਦੀਆਂ ਸਮੱਸਿਆਵਾਂ ਤੋਂ ਜਾਣੂ ਕਰਾਉਂਦਿਆਂ ਕਿਹਾ ਕਿ ਵਪਾਰੀਆਂ ਦੀ ਮੁੱਖ ਮੁਸ਼ਕਲ ਟ੍ਰੈਫਿਕ ਦੀ ਹੈ, ਇਸ ਨੂੰ ਪਹਿਲ ਦੇ ਅਧਾਰ ’ਤੇ ਹੱਲ ਕਰਾਇਆ ਜਾਵੇ। ਸ਼ਹਿਰ ਦੀਆਂ ਸੜਕਾਂ ਤੇ ਫੂਡ ਦੀਆਂ ਰੇਹੜੀਆਂ ਦੇ ਖੜਨ ਨਾਲ ਟ੍ਰੈਫਿਕ ਵਿੱਚ ਵਿਘਨ ਪੈਂਦਾ ਹੈ। ਟ੍ਰੈਫਿਕ ਜਾਮ ਹੋ ਜਾਂਦੀ ਹੈ। ਕਈ ਵਾਰ ਲੋਕ ਆਪਣੇ ਵਾਹਨ ਦੁਕਾਨਾਂ ਅੱਗੇ ਖੜੇ ਕਰਕੇ ਬਜ਼ਾਰਾਂ ਵਿੱਚ ਖਰੀਦੋ ਫਰੋਖ਼ਤ ਕਰਨ ਲਈ ਚਲੇ ਜਾਂਦੇ ਹਨ, ਜਿਸ ਨਾਲ ਦੁਕਾਨਦਾਰਾਂ ਨੂੰ ਕਾਫੀ ਨੁਕਸਾਨ ਹੁੰਦਾ ਹੈ। ਐਸ ਡੀ ਐਮ ਰੀਚਾ ਗੋਇਲ ਨੇ ਕਿਹਾ ਕਿ ਸ਼ਹਿਰ ਵਿੱਚ ਸੜਕ ਦੇ ਦੋਵੇਂ ਪਾਸੇ ਪੀਲੀ ਪੱਟੀ ਲਾਈ ਜਾਵੇਗੀ। ਪੀਲੀ ਪੱਟੀ ਦੇ ਬਾਹਰ ਕੋਈ ਵੀ ਵਾਹਨ ਖੜਾ ਹੋਵੇਗਾ ਜਾਂ ਜਿਨ੍ਹਾਂ ਦੁਕਾਨਦਾਰਾਂ ਦੇ ਸਮਾਨ ਪੀਲੀ ਪੱਟੀ ਦੇ ਬਾਹਰ ਹੋਵੇਗਾ, ਉਨ੍ਹਾਂ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਲਈ ਟ੍ਰੈਫਿਕ ਪੁਲਸ ਤੇ ਨਗਰ ਕੌਂਸਲ ਨੂੰ ਸਖਤ ਹਦਾਇਤਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਕਿਹਾ ਕਿ ਟ੍ਰੈਫਿਕ ਸਮੱਸਿਆ ਨੂੰ ਹੱਲ ਕਰਨ ਲਈ ਪ੍ਰਸ਼ਾਸਨ ਦਾ ਸਹਿਯੋਗ ਦੇਣ।

# ਵਾਤਾਵਰਣ ਤੇ ਪਾਣੀਆਂ ਦੇ ਮੁੱਦੇ ’ਤੇ ਵਿਸ਼ੇਸ਼ ਸੈਸ਼ਨ ਬੁਲਾਉਣ ਸੰਬੰਧੀ ਸੰਧਵਾਂ ਨੂੰ ਸੌਂਪਿਆ ਪੱਤਰ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਵਾਤਾਵਰਣ ਨੂੰ ਪਲੀਤ ਹੋਣ ਤੋਂ ਬਚਾਉਣ ਸਮੇਤ ਦਰਿਆਈ ਅਤੇ ਕੁਦਰਤੀ ਸੋਮਿਆਂ ਦੇ ਪਾਣੀਆਂ ਦੀ ਸੰਭਾਲ ਲਈ ਆਮ ਲੋਕਾਈ ਨੂੰ ਪਿਛਲੇ ਲੰਮੇ ਸਮੇਂ ਤੋਂ ਜਾਗਰੂਕ ਕਰਦੀ ਆ ਰਹੀ ਜਥੇਬੰਦੀ ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਰਜਿ: ਫ਼ਰੀਦਕੋਟ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਚੰਦਬਾਜਾ ਨੇ ਵਾਤਾਵਰਣ ਅਤੇ ਪਾਣੀਆਂ ਸਬੰਧੀ ਵਿਧਾਨ ਸਭਾ ਦਾ ਵਿਸ਼ੇਸ਼ ਸ਼ੈਸ਼ਨ ਬੁਲਾਉਣ ਦੀ ਮੰਗ ਕੀਤੀ ਹੈ। ਪ੍ਰਧਾਨ ਵਲੋਂ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਦੇ ਨਾਮ ਈਮੇਲ ਰਾਹੀਂ ਭੇਜਿਆ ਪੱਤਰ ਸਪੀਕਰ ਸੰਧਵਾਂ ਨੂੰ ਸੌਂਪਦਿਆਂ ਸੁਸਾਇਟੀ ਦੇ ਪ੍ਰੈਸ ਸਕੱਤਰ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਦੱਸਿਆ ਕਿ ਪਿਛਲੇ ਕਰੀਬ ਡੇਢ ਦਹਾਕੇ ਤੋਂ ਸੁਸਾਇਟੀ ਨੇ ਪ੍ਰਦੂਸ਼ਤ ਹੋ ਰਹੇ ਦਰਿਆਵਾਂ ਦੇ ਪਾਣੀਆਂ ਸਮੇਤ ਮੱਤੇਵਾੜਾ ਦੇ ਜੰਗਲ ਦੇ ਉਜਾੜੇ ਨੂੰ ਬਚਾਉਣ ਤੇ ਮੀਂਹ ਦੇ ਪਾਣੀ ਦੀ ਸੰਭਾਲ ਕਰਨ ਸਬੰਧੀ ਸਮੇਂ ਸਮੇਂ ਸੱਤਾਧਾਰੀ ਤੇ ਵਿਰੋਧੀ ਧਿਰਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਅਫ਼ਸਰਸ਼ਾਹੀ ਨੂੰ ਵੀ ਲਿਖਤੀ ਤੌਰ ’ਤੇ ਜਾਣੂ ਕਰਾਇਆ, ਪਰ ਹੁਣ ਪੰਜਾਬ ਵਿਧਾਨ ਸਭਾ ਦਾ 1 ਮਾਰਚ ਤੋਂ 15 ਮਾਰਚ ਤੱਕ ਚੱਲਣ ਵਾਲੇ ਸੈਸ਼ਨ ਦੌਰਾਨ ਸੱਤਾਧਾਰੀ ਤੇ ਵਿਰੋਧੀ ਧਿਰਾਂ ਦਰਮਿਆਨ ਤਲਖਕਲਾਮੀ, ਅਸੱਭਿਅਕ ਸ਼ਬਦਾਵਲੀ ਦੀ ਵਰਤੋਂ ਅਤੇ ਇੱਕ-ਦੂਜੇ ਖਿਲਾਫ਼ ਮਿਹਣੇ, ਤਾਹਨੇ, ਤੋਹਮਤਬਾਜ਼ੀ ਵਰਗੀਆਂ ਗੱਲਾਂ ਨੇ ਦੁਨੀਆਂ ਦੇ ਕੋਨੇ-ਕੋਨੇ ਵਿੱਚ ਬੈਠੇ ਪੰਜਾਬਪ੍ਰਸਤ ਤੇ ਇਨਸਾਫ ਪਸੰਦ ਪੰਜਾਬੀਆਂ ਨੂੰ ਨਿਰਾਸ਼ ਕੀਤਾ ਹੈ।

ਸੁਸਾਇਟੀ ਵੱਲੋਂ ਆਪਜੀ ਦੇ ਧਿਆਨ ਵਿੱਚ ਲਿਆਂਦਾ ਜਾ ਰਿਹਾ ਹੈ ਕਿ ਗ਼ਰਮੀਆਂ ਦੀ ਸ਼ੁਰੂਆਤ ਹੁੰਦਿਆਂ ਹੀ ਬੈਂਗਲੁਰੂ (ਬੰਗਲੌਰ) ਵਿੱਚ ਪਾਣੀ ਦਾ ਸੰਕਟ ਪੈਦਾ ਹੋ ਗਿਆ ਹੈ, ਘਟਦੇ ਜ਼ਮੀਨੀ ਪਾਣੀ ਅਤੇ ਸੁੱਕੇ ਬੋਰਵੈਲਾਂ ਕਾਰਨ ਟੈਂਕਰਾਂ ਰਾਹੀਂ ਪਾਣੀ ਸਪਲਾਈ ਕਰਨ ਦੀ ਨੌਬਤ ਆ ਗਈ ਹੈ, ਜੋ 12 ਹਜ਼ਾਰ ਲੀਟਰ ਪਾਣੀ ਵਾਲੇ ਟੈਂਕਰ ਦੀ ਕੀਮਤ 400-600 ਰੁਪਏ ਤੋਂ ਵਧ ਕੇ 800-2000 ਰੁਪਏ ਤੱਕ ਪਹੁੰਚ ਗਈ ਹੈ, ਕਿਉਂਕਿ ਉੱਥੋਂ ਦੇ ਪਾਣੀ ਦੇ ਸਰੋਤ ਸੁੱਕ ਗਏ ਹਨ। ਜੇਕਰ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਨੂੰ ਪ੍ਰਦੂਸ਼ਤ ਹੋਣ ਤੋਂ ਨਾ ਬਚਾਇਆ ਗਿਆ, ਕੁਦਰਤੀ ਸਰੋਤਾਂ ਰਾਹੀਂ ਮਿਲਦੇ ਪਾਣੀਆਂ ਦੀ ਬੱਚਤ ਨਾ ਕੀਤੀ ਗਈ ਅਤੇ ਬਾਰਿਸ਼ਾਂ ਦਾ ਪਾਣੀ ਨਾ ਸੰਭਾਲਿਆ ਗਿਆ ਤਾਂ ਪੰਜਾਂ ਦਰਿਆਵਾਂ ਦੀ ਧਰਤੀ ਪੰਜਾਬ ਦੇ ਵਸਨੀਕ ਪਾਣੀ ਦੀ ਬੂੰਦ-ਬੂੰਦ ਨੂੰ ਤਰਸਣਗੇ ਅਤੇ ਅਗਲੀ ਜੰਗ ਪਾਣੀਆਂ ਦੇ ਮੁੱਦੇ ’ਤੇ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸੁਸਾਇਟੀ ਦੇ ਸਮੂਹ ਅਹੁਦੇਦਾਰ ਤੇ ਮੈਂਬਰ ਬੇਨਤੀ ਕਰਦੇ ਹਨ ਕਿ ਵਿਧਾਨ ਸਭਾ ਦੇ ਚੱਲ ਰਹੇ ਸੈਸ਼ਨ ਦੌਰਾਨ ਦਰਿਆਵਾਂ ਦੇ ਪਾਣੀਆਂ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ, ਅਣ ਟਰੀਟਡ ਪ੍ਰਦੂਸ਼ਿਤ ਪਾਣੀ ਧਰਤੀ ਹੇਠਾਂ ਸੁੱਟਣ ਤੋਂ ਰੋਕਣ ਅਤੇ ਬਾਰਿਸ਼ਾਂ ਦੇ ਪਾਣੀ ਨੂੰ ਬਚਾਉਣ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਇਕ ਵਿਸ਼ੇਸ਼ ਸ਼ੈਸ਼ਨ ਬੁਲਾਇਆ ਜਾਵੇ। ਅਜੇ 11 ਮਾਰਚ ਤੋਂ 15 ਮਾਰਚ ਤੱਕ ਵਾਲੇ ਪੰਜ ਦਿਨਾਂ ਦਾ ਸਮਾਂ ਬਾਕੀ ਹੈ ਅਤੇ ਇਨ੍ਹਾਂ ਪੰਜ ਦਿਨਾਂ ਵਿੱਚੋਂ ਇੱਕ ਦਿਨ ਪ੍ਰਦੂਸ਼ਤ ਹੋ ਰਹੇ ਦਰਿਆਵਾਂ ਦੇ ਪਾਣੀਆਂ ਅਤੇ ਵਾਤਾਵਰਣ ਸਬੰਧੀ ਸਾਰੇ ਚੁਣੇ ਨੁਮਾਇੰਦਿਆਂ ਨੂੰ ਆਪੋ ਆਪਣੇ ਵਿਚਾਰ ਰੱਖਣ ਤੇ ਸੁਝਾਅ ਦੇਣ ਦਾ ਮੌਕਾ ਦਿੱਤਾ ਜਾਵੇ, ਨਹੀਂ ਤਾਂ ਆਉਣ ਵਾਲਾ ਸਮਾਂ ਬਹੁਤ ਹੀ ਭਿਆਨਕ ਅਤੇ ਦਰਦਨਾਕ ਹੋਵੇਗਾ। ਸਪੀਕਰ ਸੰਧਵਾਂ ਨੇ ਵਿਸ਼ਵਾਸ ਦਿਵਾਇਆ ਕਿ ਉਕਤ ਪੱਤਰ ਦੇ ਆਧਾਰ ’ਤੇ ਵਿਧਾਨ ਸਭਾ ਦਾ ਵਿਸ਼ੇਸ਼ ਸ਼ੈਸ਼ਨ ਬੁਲਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਉਂਝ ਉਨ੍ਹਾਂ ਦੱਸਿਆ ਕਿ ਵੱਖ-ਵੱਖ ਹਲਕਿਆਂ ਦੇ ਵਿਧਾਇਕਾਂ ਅਤੇ ਮੰਤਰੀਆਂ ਵੱਲੋਂ ਅਕਸਰ ਹੀ ਵਿਧਾਨ ਸਭਾ ਵਿੱਚ ਇਸ ਤਰ੍ਹਾਂ ਦੀਆਂ ਸਮੱਸਿਆਵਾਂ, ਮੁਸ਼ਕਲਾਂ ਤੇ ਪ੍ਰੇਸ਼ਾਨੀਆਂ ਬਾਰੇ ਚਰਚਾ ਚੱਲਦੀ ਰਹਿੰਦੀ ਹੈ ਤੇ ਉਸਦੇ ਹੱਲ ਲਈ ਵੀ ਸੁਝਾਅ ਲਏ ਜਾਂਦੇ ਹਨ।

## ਡੀ ਏ ਵੀ ਕਾਲਜ ਵਿਖੇ ਮਹਿਲਾ ਦਿਵਸ ਮਨਾਇਆ



**ਮਲੋਟ (ਗੁਰਮੀਤ ਸਿੰਘ ਮੱਕੜ)**-ਭਾਰਤ ਸਰਕਾਰ ਦੇ ਯੁਵਾ ਤੇ ਖੇਡ ਮੰਤਰਾਲੇ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਨਹਿਰੂ ਯੁਵਾ ਕੇਂਦਰ ਸ਼੍ਰੀ ਮੁਕਤਸਰ ਸਾਹਿਬ ਦੇ ਸਹਿਯੋਗ ਨਾਲ ਡੀ.ਏ.ਵੀ. ਕਾਲਜ ਵਿਖੇ ਪ੍ਰਿੰਸੀਪਲ ਸੁਭਾਸ਼ ਗੁਪਤਾ ਦੀ ਅਗਵਾਈ ਵਿੱਚ ਐੱਨ.ਐੱਸ.ਐੱਸ. ਪ੍ਰੋਗਰਾਮ ਅਫ਼ਸਰ ਡਾ. ਜਸਬੀਰ ਕੌਰ ਤੇ ਡਾ. ਵਿਨੀਤ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਸੁਭਾਸ਼ ਗੁਪਤਾ ਨੇ ਦੱਸਿਆ ਕਿ ਇਹ ਦਿਵਸ ਹਰ ਸਾਲ 8 ਮਾਰਚ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦਾ ਮਕਸਦ ਅਜਿਹੇ ਸਮਾਜ ਦੀ ਸਿਰਜਣਾ ਕਰਨਾ ਹੈ, ਜਿੱਥੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਮੌਕੇ ਦਿੱਤੇ ਜਾਣ। ਇਸ ਦਿਵਸ ਨੂੰ ਔਰਤਾਂ ਦੀ ਆਰਥਿਕ, ਸੰਸਕ੍ਰਿਤਕ, ਰਾਜਨੀਤਕ ਤੇ ਸਮਾਜਿਕ ਪ੍ਰਾਪਤੀਆਂ ਦੇ ਉਤਸਵ ਦੇ ਤੌਰ ’ਤੇ ਮਨਾਇਆ ਜਾਂਦਾ ਹੈ। ਕਾਲਜ ਵਿਖੇ ਇਸ ਦਿਵਸ ਨੂੰ ਮਨਾਉਂਦੇ ਹੋਏ ਕਾਲਜ ਦੀਆਂ ਲੜਕੀਆਂ ਦੀ ਨਾਰੀ ਸ਼ਕਤੀ ਫਿਟਨੈੱਸ ਰਨ ਦੇ ਤਹਿਤ 500 ਮੀ. ਦੀ ਦੌੜ ਕਰਵਾਈ ਗਈ, ਜਿਸ ਵਿੱਚ ਕਾਲਜ ਦੀਆਂ ਕਰੀਬ 70 ਲੜਕੀਆਂ ਨੇ ਹਿੱਸਾ ਲਿਆ। ਇਸ ਦਾ ਮਕਸਦ ਲੜਕੀਆਂ ਦਾ ਸਰੀਰਕ ਤੇ ਮਾਨਸਿਕ ਤੌਰ ’ਤੇ ਤੰਦਰੁਸਤ ਰਹਿਣਾ ਸੀ। ਇਸ ਦੌੜ ਵਿੱਚ ਪਹਿਲੇ, ਦੂਜੇ ਤੇ ਤੀਜੇ ਸਥਾਨ ’ਤੇ ਆਉਣ ਵਾਲੀਆਂ ਲੜਕੀਆਂ ਨੂੰ ਸਰਟੀਫਿਕੇਟ ਤੇ ਇਨਾਮ ਵੀ ਦਿੱਤੇ ਗਏ। ਇਸ ਪ੍ਰੋਗਰਾਮ ਵਿੱਚ ਨੈਸ਼ਨਲ ਯੂਥ ਵਲੰਟੀਅਰ ਮਿ. ਪ੍ਰਿੰਸ ਬਾਂਸਲ ਦੀ ਭੂਮਿਕਾ ਸ਼ਲਾਘਾਯੋਗ ਰਹੀ। ਇਸ ਮੌਕੇ ਕਾਲਜ ਦਾ ਸਮੂਹ ਸਟਾਫ਼ ਹਾਜ਼ਰ ਸੀ।

## ਆਂਗਣਵਾੜੀ ਸੈਂਟਰਾਂ ’ਚ ਪੋਸ਼ਣ ਪੰਦਰਵਾੜਾ ਕਰਾਇਆ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**

ਡਾਇਰੈਕਟਰ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅਤੇ ਸ੍ਰੀਮਤੀ ਰਤਨਦੀਪ ਸੰਧੂ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਦੀ ਯੋਗ ਅਗਵਾਈ ਹੇਠ ਬਲਾਕ ਫ਼ਰੀਦਕੋਟ ਦੇ ਸੰਜੇ ਨਗਰ ਵਿਖੇ ਪੋਸ਼ਣ ਪੰਦਰਵਾੜਾ ਦਾ ਸ਼ੁਰੂਆਤੀ ਸਮਾਰੋਹ ਕਰਾਇਆ ਗਿਆ।ਲਾਭਪਾਤਰੀਆਂ ਨੂੰ ਸਹੀ ਪੌਸ਼ਟਿਕ ਆਹਾਰ ਤੇ ਸ਼ੁੱਧ ਪਾਣੀ ਪੀਣ ਸਬੰਧੀ ਜਾਗਰੂਕ ਕੀਤਾ ਗਿਆ।ਪ੍ਰੋਗਰਾਮ ਦੌਰਾਨ ਸ੍ਰੀ ਸੁਖਦੀਪ ਸਿੰਘ ਬਲਾਕ ਕੋਆਰਡੀਨੇਟਰ ਪੋਸ਼ਣ ਅਭਿਆਨ ਫ਼ਰੀਦਕੋਟ ਵੱਲੋਂ ਜਾਣਕਾਰੀ ਦਿੱਤੀ ਗਈ। ਪੋਸ਼ਣ ਪੰਦਰਵਾੜਾ ਹਰ ਸਾਲ ਮਾਰਚ-ਅਪ੍ਰੈਲ ਦੇ ਮਹੀਨੇ ਮਨਾਇਆ ਜਾਂਦਾ ਹੈ।ਇਸ ਸਾਲ ਦੌਰਾਨ ਇਹ 09 ਮਾਰਚ ਤੋਂ 23 ਮਾਰਚ ਤੱਕ ਮਨਾਇਆ ਜਾ ਰਿਹਾ ਹੈ।ਇਸ ਦੌਰਾਨ ਫ਼ਰੀਦਕੋਟ ਦੇ ਸਾਰੇ ਆਂਗਣਵਾੜੀ ਸੈਂਟਰਾਂ ਵਿੱਚ ਸਹੀ ਪੌਸ਼ਟਿਕ ਆਹਾਰ ਲੈਣ ਸਬੰਧੀ ਜਾਗਰੂਕਤਾ ਗਤੀਵਿਧੀਆਂ ਕਰਾਈਆਂ ਜਾਣਗੀਆਂ।ਪ੍ਰੋਗਰਾਮ ਦੌਰਾਨ ਸ੍ਰੀਮਤੀ ਮਹਿੰਦਰ ਕੌਰ ਸੁਪਰਵਾਈਜ਼ਰ ਸਲੱਮ ਫ਼ਰੀਦਕੋਟ ਵੱਲੋਂ ਆਏ ਹੋਏ ਲਾਭਪਾਤਰੀਆਂ, ਆਂਗਣਵਾੜੀ ਵਰਕਰਾਂ, ਆਂਗਣਵਾੜੀ ਹੈਲਪਰ ਸਲੱਮ ਫ਼ਰੀਦਕੋਟ ਦਾ ਧੰਨਵਾਦ ਕੀਤਾ ਗਿਆ ਤੇ ਪੋਸ਼ਣ ਪੰਦਰਵਾੜਾ ਦੌਰਾਨ ਵੱਧ ਤੋਂ ਵੱਧ ਗਤੀਵਿਧੀਆਂ ਕਰਨ ਲਈ ਉਤਸ਼ਾਹਤ ਕੀਤਾ ਗਿਆ।

## ਮੰਝਧਾਰ ’ਚ ਫਸੀ ਜੇ ਜੇ ਪੀ ਦੀ ਬੇੜੀ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਲੋਕ ਸਭਾ ਚੋਣਾਂ ਦੇ ਐਲਾਨ ਹੁੰਦਿਆਂ ਹੀ ਜਨਨਾਇਕ ਜਨਤਾ ਪਾਰਟੀ ਦੀ ਬੇੜੀ ਮੰਝਧਾਰ ਵਿੱਚ ਫਸ ਗਈ ਹੈ, ਕਿਉਂਕਿ ਭਾਜਪਾ ਵੱਲੋਂ ਹਰਿਆਣਾ ਵਿੱਚ 10 ਸੀਟਾਂ ਲੜਨ ਦੇ ਐਲਾਨਾਂ ਨਾਲ ਜੇਪੀਪੀ ਦੀਆਂ ਚੂਲਾਂ ਅੰਦਰੋਂ ਹਿਲਦੀਆਂ ਜਾਪ ਰਹੀਆਂ ਹਨ, ਪਰ ਦੂਜੇ ਪਾਸੇ ਜੇਜੇਪੀ ਦੇ ਜਨਰਲ ਸਕੱਤਰ ਦਿਗਵਿਜੇ ਚੌਟਾਲਾ ਨੇ ਕਿਹਾ ਕਿ ਜੇਜੇਪੀ 13 ਮਾਰਚ ਨੂੰ ਹਿਸਾਰ ਵਿੱਚ ਹੋਣ ਵਾਲੀ ਰੈਲੀ ਨਾਲ ਚੋਣ ਮੁਹਿੰਮ ਦੀ ਸ਼ੁਰੂਆਤ ਕਰੇਗੀ ਤੇ ਇਹ ਰੈਲੀ ਜੇਜੇਪੀ ਦੀ ਤਾਕਤ ਦਿਖਾਏਗੀ।ਉਨ੍ਹਾਂ ਕਿਹਾ ਕਿ ਗਠਜੋੜ ਕਰਕੇ ਚੋਣਾਂ ਲੜਨ ਦਾ ਫ਼ੈਸਲਾ ਦੋਵਾਂ ਪਾਰਟੀਆਂ ਦੀ ਲੀਡਰਸ਼ਿਪ ਨੇ ਲੈਣਾ ਹੈ, ਜੇਕਰ ਦੋਵੇਂ ਪਾਰਟੀਆਂ ਗਠਜੋੜ ਨਾਲ ਚੋਣਾਂ ਲੜਦੀਆਂ ਹਨ ਤਾਂ ਜੇ.ਜ਼ੇ.ਪੀ. ਤਿਆਰ ਹੈ, ਜੇਕਰ ਉਨ੍ਹਾਂ ਨੂੰ ਇਕੱਲੇ ਚੋਣਾਂ ਵਿੱਚ ਆਉਣਾ ਪੈਂਦਾ ਹੈ ਤਾਂ ਜੇ.ਜੇ.ਪੀ ਸਾਰੀਆਂ 10 ਲੋਕ ਸਭਾ ਸੀਟਾਂ ਤੇ ਚੋਣ ਲੜੇਗੀ।ਇਨੈਲੋ ਦੇ ਵਿਰੋਧੀ ਗਠਜੋੜ ’ਚ ਸ਼ਾਮਲ ਹੋਣ ਦੀਆਂ ਚਰਚਾਵਾਂ ਦੇ ਸਵਾਲ ਤੇ ਦਿਗਵਿਜੇ ਨੇ ਕਿਹਾ ਕਿ ਇਨੈਲੋ ਹਮੇਸ਼ਾ ਤੋਂ ਕਾਂਗਰਸ ਦੀ ਕੱਟੜ ਵਿਰੋਧੀ ਰਹੀ ਹੈ ਪਰ ਅੱਜ ਦੀ ਇਨੈਲੋ ਲੀਡਰਸ਼ਿਪ ਦੀ ਜ਼ਮੀਰ ਮਰ ਚੁੱਕੀ ਹੈ। ਹਰਿਆਣਾ ’ਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਗਠਜੋੜ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਹਰਿਆਣਾ ਵਿੱਚ ਕੋਈ ਆਧਾਰ ਨਹੀਂ ਹੈ ਅਤੇ ਵਿਰੋਧੀ ਧਿਰ ਦਾ ਗਠਜੋੜ ਸਰਕਾਰ ਨੂੰ ਚੁਣੌਤੀ ਦੇਣ ਦੇ ਸਮਰੱਥ ਹੀ ਨਹੀਂ ਹੈ।

## ਚੰਦ ਪੁਰਾਣਾ ਦੇ ਸ਼ਹੀਦੀ ਜੋੜ ਮੇਲੇ ਸੰਬੰਧੀ ਅਖੰਡ ਪਾਠਾਂ ਦੀ ਪਹਿਲੀ ਲੜੀ ਦੇ ਭੋਗ ਪਾਏ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਦੇਸ਼-ਵਿਦੇਸ਼ ਵਿੱਚ ਪ੍ਰਸਿੱਧ ਮਾਲਵੇ ਦਾ ਪਵਿੱਤਰ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸੱਚ ਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ) ਚੰਦ ਪੁਰਾਣਾ ਵਿਖੇ ਅਸਥਾਨ ਦੇ ਮੁੱਖ ਸੇਵਾਦਾਰ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਜੀ ਦੇ ਪ੍ਰਬੰਧਾਂ ਹੇਠ ਸਾਲਾਨਾ ਸ਼ਹੀਦੀ ਜੋੜ ਮੇਲਾ ਤੇ ਸੰਤ ਬਾਬਾ ਨਛੱਤਰ ਸਿੰਘ ਜੀ ਦੀ ਮਿੱਠੀ ਯਾਦ ਨੂੰ ਸਮਰਪਤ ਸਾਲਾਨਾ ਸਮਾਗਮ, ਜੋ 17 ਮਾਰਚ ਨੂੰ ਮਨਾਇਆ ਜਾ ਰਿਹਾ ਹੈ, ਨੂੰ ਸਮਰਪਤ ਸੰਗਤਾਂ ਵੱਲੋਂ ਪ੍ਰਕਾਸ਼ ਕਰਵਾਏ ਗਏ 25 ਸ਼੍ਰੀ ਅਖੰਡ ਪਾਠਾਂ ਦੀ ਪਹਿਲੀ ਲੜੀ ਦੇ ਅੱਜ ਭੋਗ ਪਾਏ ਗਏ। ਇਸ ਮੌਕੇ ਵੱਡੀ ਗਿਣਤੀ ’ਚ ਸੰਗਤਾਂ ਸ਼ਹੀਦਾਂ ਦੇ ਅਸਥਾਨ ’ਤੇ ਨਤਮਸਤਕ ਹੋਈਆਂ। ਸੰਤ ਬਾਬਾ ਗੁਰਦੀਪ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਵਡਭਾਗੇ ਹੋ, ਜਿਨ੍ਹਾਂ ਨੇ ਇਸ ਜੋੜ ਮੇਲੇ ਸੰਬੰਧੀ ਲੜੀਆਂ ਵਿੱਚ ਸ਼੍ਰੀ ਅਖੰਡ ਪਾਠ ਪ੍ਰਕਾਸ਼ ਕਰਵਾਏ ਹਨ, ਉਨ੍ਹਾਂ ਦਾ ਨਤਮਸਤਕ ਹੋਣ ’ਤੇ ਧੰਨਵਾਦ ਕਰਨ ਦੇ ਨਾਲ ਜੀ ਆਇਆਂ ਵੀ ਆਖਦਾ ਹਾਂ। ਉਨ੍ਹਾ ਹੋਰ ਸੰਗਤਾਂ ਨੂੰ ਵੀ ਸ਼ਹੀਦੀ ਜੋੜ ਮੇਲੇ ਵਿੱਚ ਵੱਧ ਤੋਂ ਵੱਧ ਸੇਵਾ ਕਰਕੇ ਜੀਵਨ ਨੂੰ ਖ਼ੁਸ਼ੀਆਂ ਨਾਲ ਭਰਨ ਦੀ ਅਪੀਲ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਰਸ਼ਨ ਸਿੰਘ ਡਰੋਲੀ ਭਾਈ, ਅਮਰਜੀਤ ਸਿੰਘ ਸਿੰਘਾਂਵਾਲਾ, ਬਿੱਲੂ ਸਿੰਘ ਚੰਦ ਪੁਰਾਣਾ, ਦਵਿੰਦਰਪਾਲ ਸਿੰਘ ਸੱਜਣਵਾਲ, ਹਾਕਮ ਸਿੰਘ ਚੰਦ ਨਵਾਂ, ਚਮਕੌਰ ਸਿੰਘ ਚੰਦ ਪੁਰਾਣਾ, ਰਘਵੀਰ ਸਿੰਘ ਰਾਏਪੁਰ, ਜਗਦੀਪ ਸਿੰਘ ਸਦਾਈ ਹਰਿਆਣਾ, ਸੁਖਵਿੰਦਰ ਸਿੰਘ ਮੱਲਾਂਵਾਲਾ, ਵਿਸ਼ਾਲਪ੍ਰੀਤ ਸਿੰਘ ਮਲਸੀਆ, ਕਮਲਜੋਤ ਸਿੰਘ ਰੋਪੜ, ਬਲਜਿੰਦਰ ਸਿੰਘ ਮਾਹਲਾ ਕਲਾਂ, ਜੀਤਾ ਸਿੰਘ ਜਨੇਰ, ਸੂਬੇਦਾਰ ਚਰਨ ਸਿੰਘ ਚੰਦ ਪੁਰਾਣਾ, ਸ਼ੇਰ ਸਿੰਘ ਬਰਾੜ, ਧਰਮ ਸਿੰਘ ਕਾਲੇਕੇ, ਨਛੱਤਰ ਸਿੰਘ ਚੰਦ ਪੁਰਾਣਾ, ਅਜਮੇਰ ਸਿੰਘ ਸਮੇਤ ਸੰਗਤਾਂ ਤੇ ਸੇਵਾਦਾਰ ਹਾਜ਼ਰ ਸਨ।

# ਐੱਸ ਡੀ ਐੱਮ ਨੇ ਟ੍ਰੈਫ਼ਿਕ ਸਮੱਸਿਆਵਾਂ ਨੂੰ ਵੇਖਦੇ ਦੁਕਾਨਦਾਰਾਂ ਨੂੰ ਕੀਤਾ ਸੁਚੇਤ



**ਨਾਭਾ (ਵਰਿੰਦਰ ਵਰਮਾ, ਤੇਜਾ ਸਿੰਘ)**-ਦੁਕਾਨਦਾਰਾਂ ਵੱਲੋਂ ਕੀਤੇ ਨਜਾਇਜ਼ ਕਬਜ਼ਿਆਂ ਨਾਲ ਟ੍ਰੈਫ਼ਿਕ ਦੀਆਂ ਸਮੱਸਿਆਵਾਂ ਵਧਦੀਆਂ ਜਾ ਰਹੀਆਂ ਹਨ, ਜਿਸ ਨੂੰ ਲੈ ਕੇ ਬਜ਼ਾਰਾਂ ਵਿੱਚ ਟ੍ਰੈਫ਼ਿਕ ਦੀ ਸਮੱਸਿਆ ਨੂੰ ਵੇਖਦੇ ਹੋਏ ਐਸ ਡੀ ਐਮ ਤਰਸੇਮ ਚੰਦ ਨੇ ਪੈਦਲ ਚੱਲ ਕੇ ਬਜ਼ਾਰਾਂ ਵਿੱਚ ਦੁਕਾਨਦਾਰਾਂ ਨੂੰ ਸੁਚੇਤ ਕੀਤਾ। ਉਨ੍ਹਾਂ ਦੁਕਾਨਦਾਰਾਂ ਨੂੰ ਕਿਹਾ ਕਿ ਉਹ ਆਪਣਾ ਸਮਾਨ ਆਪਣੀ ਦੁਕਾਨ ਦੇ ਅੰਦਰ ਰੱਖੋ, ਨਹੀਂ ਤਾਂ ਉਨ੍ਹਾਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕਹਿਣ ਦੇ ਬਾਵਜੂਦ ਦੁਕਾਨਦਾਰਾਂ ਨੇ ਆਪਣਾ ਸਮਾਨ ਅੰਦਰ ਨਾ ਕੀਤਾ ਤਾਂ ਅਗਲੇ ਹਫ਼ਤੇ ਉਨ੍ਹਾਂ ਖਿਲਾਫ਼ ਬਣਦੀ ਸਖਤ ਕਾਰਵਾਈ ਕੀਤੀ ਜਾਵੇਗੀ। ਡੀ ਐਮ ਤਰਸੇਮ ਚੰਦ ਵੱਲੋਂ ਵਪਾਰੀਆਂ ਨੂੰ ਅਪੀਲ ਕੀਤੀ ਗਈ ਕਿ ਸ਼ਹਿਰ ਵਿੱਚ ਟ੍ਰੈਫ਼ਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸ਼ਹਿਰ ਵਾਸੀ ਅਤੇ ਦੁਕਾਨਦਾਰ ਆਪਣੇ ਵਾਹਨ ਪਾਰਕਿੰਗ ਵਿੱਚ ਹੀ ਲਾਉਣ ਤਾਂ ਜੋ ਦਿਨੋ-ਦਿਨ ਵਧ ਰਹੀ ਟ੍ਰੈਫ਼ਿਕ ਸਮੱਸਿਆ ਨਾਲ ਨਜਿੱਠਿਆ ਜਾ ਸਕੇ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਸ਼ਹਿਰ ਵਾਸੀਆਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਲੈ ਕੇ ਹੱਲ ਕੱਢਿਆ ਜਾਵੇਗਾ। ਵਪਾਰੀ ਆਗੂਆਂ ਨੇ ਦੁਕਾਨਦਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵੀ ਆਪਣਾ ਸਾਮਾਨ ਦੁਕਾਨ ਦੇ ਬਾਹਰ ਨਾ ਲਾਉਣ ਤਾਂ ਜੁ ਟ੍ਰੈਫ਼ਿਕ ਵਿੱਚ ਵਿਘਨ ਨਾ ਪਵੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਵੱਲੋਂ ਸਖਤ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ ਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਚਲਾਨ ਵੀ ਕੱਟੇ ਜਾਣਗੇ ਅਤੇ ਦੁਕਾਨ ਦੇ ਬਾਹਰ ਰੱਖਿਆ ਹੋਇਆ ਸਮਾਨ ਵੀ ਪ੍ਰਸ਼ਾਸਨ ਵੱਲੋਂ ਕਬਜ਼ੇ ਵਿੱਚ ਲੈ ਲਿਆ ਜਾਵੇਗਾ। ਐਸਡੀਐਮ ਤਰਸੇਮ ਚੰਦ ਨੇ ਕਿਹਾ ਕਿ ਸ਼ਹਿਰ ਨੂੰ ਸਾਫ਼ ’ਤੇ ਸੋਹਣਾ ਰੱਖਣਾ ਸਾਡਾ ਸਾਰਿਆਂ ਦਾ ਆਪਣਾ ਫ਼ਰਜ਼ ਬਣਦਾ ਹੈ, ਕਿਉਂਕਿ ਉਹ ਵੀ ਟ੍ਰੈਫ਼ਿਕ ਅਤੇ ਹੋਰ ਸਮੱਸਿਆ ਦੇ ਹੱਲ ਲਈ ਯਤਨਸ਼ੀਲ ਹਨ ਅਤੇ ਨਾਭਾ ਸ਼ਹਿਰ ਨੂੰ ਸਾਫ਼ ਸੁਥਰਾ ਰੱਖਣਾ ਚਾਹੁੰਦੇ ਹਨ। ਉਨ੍ਹਾਂ ਸਮੂਹ ਹਲਕਾ ਵਾਸੀਆਂ ਤੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਦਿੱਤਾ ਜਾਵੇ।

ਇਸ ਮੌਕੇ ਵਪਾਰ ਮੰਡਲ ਦੇ ਅਹੁਦੇਦਾਰ ਸੋਮਨਾਥ ਢੱਲ, ਵਿਵੇਕ ਸਿੰਗਲਾ, ਹਰੀ ਕ੍ਰਿਸ਼ਨ ਸੇਠ, ਪਰਵੀਨ ਮਿੱਤਲ ਗੋਗੀ, ਸੁਭਾਸ਼ ਸਹਿਗਲ ਤੇ ਸੰਨੀ ਸਿੰਗਲਾ ਅਤੇ ਸਮੂਹ ਦੁਕਾਨਦਾਰਾਂ ਨੇ ਐਸਡੀਐਮ ਤਰਸੇਮ ਚੰਦ ਵੱਲੋਂ ਚੁੱਕੇ ਗਏ ਕਦਮ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਸ਼ਹਿਰ ਦੇ ਬਜ਼ਾਰਾਂ ਵਿੱਚ ਟ੍ਰੈਫ਼ਿਕ ਸਮੱਸਿਆ ਦਿਨੋ-ਦਿਨ ਗੰਭੀਰ ਹੁੰਦੀ ਜਾ ਰਹੀ ਹੈ, ਜਿਸ ਨੂੰ ਲੈ ਕੇ ਹਰ ਵਰਗ ਦੇ ਵਪਾਰੀਆਂ ਵੱਲੋਂ ਐੱਸ.ਡੀ.ਐਮ. ਤਰਸੇਮ ਚੰਦ ਨਾਲ ਦਫਤਰ ਵਿਖੇ ਮੀਟਿੰਗ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਟ੍ਰੈਫ਼ਿਕ ਦੀ ਸਮੱਸਿਆ, ਨਾਲੇ ਨਾਲੀਆਂ ਦੀ ਸਫ਼ਾਈ ਸਬੰਧੀ, ਗਲੀਆਂ ਬਜ਼ਾਰਾਂ ਵਿੱਚ ਲਾਈਟਾਂ ਦਾ ਸਹੀ ਪ੍ਰਬੰਧ ਕਰਾਉਣਾ ਅਤੇ ਸ਼ਹਿਰ ਵਿੱਚ ਸਫ਼ਾਈ ਆਦਿ ਨੂੰ ਲੈ ਕੇ ਐਸਡੀਐਮ ਨੂੰ ਜਾਣੂ ਕਰਾਇਆ ਗਿਆ ਸੀ। ਉਨ੍ਹਾਂ ਵੱਲੋਂ ਪ੍ਰਸ਼ਾਸਨ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ।

## ਕੈਮਰੇ ਲਾਉਣ ਸੰਬੰਧੀ ਰੱਖਿਆ ਨੀਂਹ ਪੱਥਰ



**ਗੁਰੂਹਰਸਹਾਏ (ਫ਼ਕੀਰ ਚੰਦ ਸਿਕਰੀ)**

ਹਲਕੇ ਦੇ ਵਿਧਾਇਕ ਵੱਲੋਂ ਵਿਕਾਸ ਕਾਰਜਾਂ ਨੂੰ ਅੱਗੇ ਤੋਰਦੇ ਹੋਏ ਸ਼ਹਿਰ ਵਿਖੇ ਲਾਏ ਜਾਣ ਵਾਲੇ ਕੈਮਰਿਆਂ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਪਲਾਨਿੰਗ ਬੋਰਡ ਦੇ ਚੇਅਰਮੈਨ ਚੰਦ ਸਿੰਘ ਗਿੱਲ, ਮਲਕੀਤ ਥਿੰਦ, ਐੱਸ.ਡੀ.ਐੱਮ ਗਗਨਦੀਪ ਸਿੰਘ, ਪ੍ਰਧਾਨ ਨਗਰ ਕੌਂਸਲ ਆਤਮਜੀਤ ਸਿੰਘ ਡੇਵਿਡ, ਡੀ.ਐੱਸ.ਪੀ ਅਤੁਲ ਸੋਨੀ, ਸੁਪਰਡੈਂਟ ਕੇਵਲ ਕ੍ਰਿਸ਼ਨ ਆਦਿ ਹਾਜ਼ਰ ਸਨ। ਵਿਧਾਇਕ ਸਰਾਰੀ ਨੇ ਦੱਸਿਆ ਕਿ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਦੇ ਲਈ ਹਰ ਸ਼ਹਿਰ ਵਿੱਚ ਸੀ ਸੀ ਟੀ ਕੈਮਰੇ ਲਾਏ ਜਾ ਰਹੇ ਹਨ, ਜਿਸ ਦੇ ਚੱਲਦਿਆਂ ਗੁਰੂਹਰਸਹਾਏ ਵਿਖੇ ਵੀ ਇਸਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਵੱਲੋਂ ਇਸਦਾ ਨੀਂਹ ਪੱਥਰ ਰੱਖਿਆ ਗਿਆ ਤੇ 26 ਥਾਂਵਾਂ ’ਤੇ 108 ਕੈਮਰੇ ਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਬਾਕੀ ਰਹਿੰਦੀਆਂ ਥਾਂਵਾਂ ’ਤੇ ਵੀ ਕੈਮਰੇ ਲਾਏ ਜਾਣਗੇ।

## ...ਸਫ਼ਾ 1 ਦੇ ਬਾਕੀ

### ‘ਸੰਸਦ ’ਚ ਵੀ ਭਗਵੰਤ ...

ਸਿਰਜਿਆ ਸੀ ਅਤੇ ਹੁਣ ਦੂਜਾ ਵੱਡਾ ਚੋਣ ਮੁਕਾਬਲਾ ਹੋ ਰਿਹਾ ਹੈ। ਇਸ ’ਚ ਵੀ ਪਹਿਲਾਂ ਵਾਂਗ ਸੂਬੇ ਦੇ ਲੋਕਾਂ ਦੇ ਪਿਆਰ ਅਤੇ ਸਹਿਯੋਗ ਦੀ ਬਹੁਤ ਲੋੜ ਹੈ। ਉਹ ਆਪਣੇ ਲਈ ਕੁਝ ਵੀ ਨਹੀਂ ਮੰਗ ਰਹੇ, ਬਲਕਿ ਰੰਗਲਾ ਪੰਜਾਬ ਬਣਾਉਣ ਅਤੇ ਵਿਕਾਸ ਦੀ ਗੱਡੀ ਨੂੰ ਲੀਹ ’ਤੇ ਤੋਰਨ ਦਾ ਯਤਨ ਕਰ ਰਹੇ ਹਨ। ਮੌਜੂਦਾ ਸਮੇਂ ’ਚ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਨਾਲ ਮਤਭੇਦ ਕਰ ਰਹੀ ਹੈ। ਦਿੱਲੀ ’ਚ ਵੀ ਅਜਿਹਾ ਕੁਝ ਹੋ ਰਿਹਾ ਹੈ। ਕੇਂਦਰ ਸਰਕਾਰ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਤੰਗ-ਪ੍ਰੇਸ਼ਾਨ ਕਰਨ ਲਈ ਜਾਂਚ ਏਜੰਸੀਆਂ ਨੂੰ ਨਿੱਜੀ ਹਿੱਤਾਂ ਲਈ ਵਰਤਿਆ ਜਾ ਰਿਹਾ ਹੈ। ਭਾਜਪਾ ਹੁਣ ਅਪਰੇਸ਼ਨ ਲੋਟਸ ਤਹਿਤ ਪੰਜਾਬ ਸਰਕਾਰ ਨੂੰ ਤੋੜਨ ਲਈ ਹਰ ਹੀਲਾ ਵਰਤ ਰਹੀ ਹੈ। ਮਾਨ ਨੇ ਐਲਾਨ ਕੀਤਾ ਕਿ ਆਮ ਆਦਮੀ ਪਾਰਟੀ ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ ਜਿੱਤ ਕੇ ਇਤਿਹਾਸ ਸਿਰਜੇਗੀ। ਮਾਨ ਨੇ ਕਿਹਾ ਕਿ ਲੋਕ ਸਭਾ ਚੋਣਾਂ ਲਈ ਵਿਸ਼ੇਸ਼ ਕੈਂਪਸ ਲਾਂਚ ਕੀਤਾ ਗਿਆ ਹੈ, ਜਿਸ ਦਾ ਉਦਘਾਟਨ ਅਰਵਿੰਦ ਕੇਜਰੀਵਾਲ ਦੀ ਮੌਜੂਦਗੀ ’ਚ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਵਿਕਾਸਮੁਖੀ ਬਜਟ ਪੇਸ਼ ਕਰਨ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਕਾਫੀ ਪ੍ਰਸ਼ੰਸਾ ਕੀਤੀ। ਭਾਜਪਾ ’ਤੇ ਵਰ੍ਹਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਜਿੱਥੇ ਨਫ਼ਰਤ ਫੈਲਾਅ ਰਹੀ ਹੈ, ਉੱਥੇ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ’ਚ ਲੱਗੀ ਹੋਈ ਹੈ। ਸੁਨੀਲ ਜਾਖੜ ’ਤੇ ਵਿਅੰਗ ਕਰਦਿਆਂ ਕਿਹਾ ਕਿ ਕੋਈ ਪਤਾ ਨਹੀਂ ਕਿ ਉਹ ਭਾਜਪਾ ਜਾਂ ਕਾਂਗਰਸ ਕਿਸ ਲਈ ਕੰਮ ਕਰ ਰਹੇ ਹਨ। ਸੁਖਦੇਵ ਸਿੰਘ ਢੀਂਡਸਾ ਦੀ ਘਰ ਵਾਪਸੀ ’ਤੇ ਕਿਹਾ ਕਿ ਢੀਂਡਸਾ ਦੀ ਵਾਪਸੀ ਪਾਰਟੀ ’ਚ ਹੋਈ ਹੈ, ਲੋਕਾਂ ਦੇ ਦਿਲਾਂ ’ਚੋਂ ਤਾਂ ਬਹੁਤ ਦੂਰ ਹੋ ਗਏ ਹਨ।

### ਪੰਜਾਬ ਨੂੰ ਕਰਜ਼ਾ ...

ਪਿਛਲੀਆਂ ਸਰਕਾਰਾਂ ਦੌਰਾਨ ਸੂਬੇ ਦੇ ਲੋਕ ਸਫਲ ਹੋਣ ਤੋਂ ਖ਼ੌਫ ਖਾਂਦੇ ਸਨ, ਕਿਉਂਕਿ ਸਿਆਸੀ ਲੀਡਰ ਉਨ੍ਹਾਂ ਦੇ ਕਾਰੋਬਾਰ ਵਿੱਚ ਜਬਰੀ ਹਿੱਸਾ ਪਾ ਲੈਂਦੇ ਸਨ। ਇਨ੍ਹਾਂ ਆਗੂਆਂ ਨੇ ਲੋਕਾਂ ਨੂੰ ਲੁੱਟਿਆ ਅਤੇ ਇਨ੍ਹਾਂ ਦੇ ਹੱਥ ਪੰਜਾਬ ਅਤੇ ਪੰਜਾਬੀਆਂ ਦੇ ਖ਼ੂਨ ਨਾਲ ਰੰਗੇ ਹੋਏ ਹਨ। ਉਹਨਾ ਕਿਹਾ ਕਿ ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸਿਆਸੀ ਆਗੂਆਂ ਨੇ ਲੋਕਾਂ ਨੂੰ ਰਾਹਤ ਦੇਣ ਦੀ ਪੇਸ਼ਕਸ਼ ਕਰਨੀ ਸ਼ੁਰੂ ਕਰ ਦਿੱਤੀ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਐੱਲ ਪੀ ਜੀ ਦੀਆਂ ਕੀਮਤਾਂ ਵਿੱਚ ਕਟੌਤੀ ਇਸ ਦੀ ਜਿਉਂਦੀ-ਜਾਗਦੀ ਮਿਸਾਲ ਹੈ। ਕੇਂਦਰ ਸਰਕਾਰ ਨੇ ਪਿਛਲੇ ਕਈ ਸਾਲਾਂ ਤੋਂ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿੱਚ ਨਿਰੰਤਰ ਵਾਧਾ ਕੀਤਾ, ਪਰ ਹੁਣ ਉੱਚੀਆਂ ਕੀਮਤਾਂ ਵਿੱਚ ਨਿਗੂਣੀ ਕਟੌਤੀ ਕਰਕੇ ਆਮ ਲੋਕਾਂ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮਾਨ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਅਜਿਹੀਆਂ ਨੌਟੰਕੀਆਂ ਦੇ ਝਾਂਸੇ ਵਿੱਚ ਨਾ ਆਉਣ, ਕਿਉਂਕਿ ਇਹੋ ਜਿਹੇ ਆਗੂ ਅਜਿਹੀਆਂ ਕਾਰਵਾਈਆਂ ਕਰਕੇ ਆਮ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪਟਿਆਲਾ ਸ਼ਹਿਰ ਵਿੱਚ ਸ਼ੁਰੂ ਕੀਤੀ ਗਈ ਈ-ਬੱਸ ਸੇਵਾ ਸਹਿਰ ਵਿੱਚ ਤਰੱਕੀ ਤੇ ਖ਼ੁਸ਼ਹਾਲੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਵਿੱਚ ਸਹਾਈ ਸਿੱਧ ਹੋਵੇਗੀ। ਉਨ੍ਹਾ ਕਿਹਾ ਕਿ ਇਹ ਬੱਸਾਂ ਸ਼ਹਿਰ ਦੇ ਪੁਰਾਣੇ ਬੱਸ ਸਟੈਂਡ ਤੋਂ ਚੱਲਣਗੀਆਂ ਅਤੇ ਲੋਕਾਂ ਨੂੰ ਵੱਡੀ ਸਹੂਲਤ ਪ੍ਰਦਾਨ ਕਰਨਗੀਆਂ। ਉਹਨਾ ਕਿਹਾ ਕਿ ਇਸ ਨਾਲ ਵਪਾਰ ਅਤੇ ਕਾਰੋਬਾਰ ਨੂੰ ਹੁਲਾਰਾ ਦੇ ਕੇ ਸ਼ਹਿਰ ਵਿੱਚ ਬੇਮਿਸਾਲ ਵਿਕਾਸ ਅਤੇ ਖ਼ੁਸ਼ਹਾਲੀ ਦਾ ਰਾਹ ਪੱਧਰਾ ਹੋਵੇਗਾ।

### ਫ਼ਿਰਕਾਪ੍ਰਸਤੀ ਹਾਕਮਾਂ...

ਹਨ। ਹਿੰਦੁਸਤਾਨ ਵਿੱਚ ਆਰ ਐੱਸ ਐੱਸ ਦੇ ਦੂਸਰੇ ਮੁਖੀ ਐੱਮ ਐਸ ਗੋਲਵਲਕਰ ਨੇ ਰਾਸ਼ਟਰਵਾਦ ਦੇ ਸੰਕਲਪ ਨੂੰ ਵਧੇਰੇ ਪ੍ਰਚਾਰਿਆ। ਉਨ੍ਹਾ ਇੱਕ ਕਿਤਾਬ ਵਿੱਚ ਦਰ੍ਹਾ ਖ਼ੈਬਰ ਤੋਂ ਭੂਟਾਨ ਆਦਿ ਤੱਕ ਦੇ ਖਿੱਤੇ ਨੂੰ ਹਿੰਦੂ ਰਾਸ਼ਟਰ ਦੱਸਿਆ ਸੀ। ਡਾ. ਪਰਮਿੰਦਰ ਸਿੰਘ ਨੇ ਵੱਖ-ਵੱਖ ਦੇਸ਼ਾਂ ਦੇ ਫਾਸ਼ੀਵਾਦ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਆਪਣੇ ਸੁਭਾਅ ਤੋਂ ਜਮਹੂਰੀਅਤ ਵਿਰੋਧੀ ਹੈ। ਫ਼ਿਰਕਾਪ੍ਰਸਤੀ ਨੂੰ ਪ੍ਰੀਭਾਸ਼ਤ ਕਰਦਿਆਂ ਉਹਨਾ ਕਿਹਾ ਕਿ ਇਹ ਰਾਜ ਕਰਦੀਆਂ ਪਾਰਟੀਆਂ ਦਾ ਹਥਿਆਰ ਹੁੰਦੀ ਹੈ। ਇਹ ਹੁਕਮਰਾਨਾਂ ਦੀ ਮਰਜ਼ੀ ਨਾਲ ਪੈਦਾ ਹੀ ਹੁੰਦੀ ਹੈ ਤੇ ਇਸ ਨੂੰ ਸਟੇਟ ਹੀ ਮਜ਼ਬੂਤ ਕਰਦੀ ਹੈ। ਉਨ੍ਹਾ ਕਿਹਾ ਕਿ ਫਾਸ਼ੀਵਾਦ ਅਤੇ ਫ਼ਿਰਕਾਪ੍ਰਸਤੀ ਵਿੱਚ ਡੂੰਘੀ ਸਾਂਝ ਹੁੰਦੀ ਹੈ। ਇਸ ਤੋਂ ਪਹਿਲਾ ਪਾਸ਼-ਹੰਸ ਰਾਜ ਯਾਦਗਾਰ ਕਮੇਟੀ ਦੇ ਮੈਂਬਰ ਹਰਮੇਸ਼ ਮਾਲੜੀ ਨੇ ਦੱਸਿਆ ਕਿ ਪਾਸ਼ ਅਤੇ ਹੰਸ ਰਾਜ ਦੇ 36ਵੇਂ ਸਾਲਾਨਾ ਬਰਸੀ ਸਮਾਗਮ ਮੌਕੇ 23 ਮਾਰਚ ਨੂੰ ਇਸ ਵਾਰ ਮੰਚ ਰੰਗਮੰਚ ਅੰਮ੍ਰਿਤਸਰ ਦੀ ਟੀਮ ਵੱਲੋਂ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਵਿੱਚ ਨਾਟਕ ‘ਧਮਕ ਨਗਾਰੇ ਦੀ’ ਪੇਸ਼ ਕੀਤਾ ਜਾਵੇਗਾ। ਇਸ ਮੌਕੇ 23 ਮਾਰਚ ਦੇ ਸਮਾਗਮ ਦਾ ਪੋਸਟਰ ਅਤੇ ਤਰਕਸ਼ੀਲ ਮੈਗਜ਼ੀਨ ਦਾ ਤਾਜ਼ਾ ਅੰਕ ਵੀ ਰਿਲੀਜ਼ ਕੀਤਾ ਗਿਆ। ਕਮੇਟੀ ਕਨਵੀਨਰ ਮੋਹਣ ਸਿੰਘ ਬੱਲ ਨੇ ਸ਼ਹੀਦੀ ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿੱਥੇ ਜਨਤਕ ਜਥੇਬੰਦੀਆਂ ਦੇ ਆਗੂ ਅਤੇ ਵਰਕਰ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨਗੇ, ਉੱਥੇ ਸ਼ਹੀਦ ਪਾਸ਼ ਦੀਆਂ ਦੋਵੇਂ ਭੈਣਾਂ ਸਮਾਗਮ ਵਿੱਚ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਣਗੀਆਂ।ਇਸ ਮੌਕੇ ਪ੍ਰਿੰਸੀਪਲ ਮਨਜੀਤ ਸਿੰਘ, ਸੁਖਵਿੰਦਰ ਬਾਗਪੁਰ, ਪਾਲ ਬਾਗਪੁਰ, ਅਮਨ ਬਾਗਪੁਰ, ਲਾਲੀ ਮਲਸੀਆਂ, ਗੁਰਮੀਤ ਸਿੰਘ (ਕੈਨੇਡਾ), ਦੇਸ ਰਾਜ ਜਾਫਰਵਾਲ, ਬਿੱਟੂ ਰੂਪੇਵਾਲੀ, ਹਰਪਾਲ ਬਿੱਟੂ, ਸਤਨਾਮ ਉੱਘੀ, ਸੁਖਵਿੰਦਰ ਸੁੱਚਾ ਆਦਿ ਹਾਜ਼ਰ ਸਨ ।

### ਉੱਘੇ ਸਾਹਿਤਕਾਰ ਡਾ....

ਦੀ ਇਬਾਰਤ’ ਅਤੇ ‘ਏਨੀ ਮੇਰੀ ਬਾਤ’ ਹਨ। ਇਸ ਸਮੇਂ ਉਹਨਾਂ ਦੀ ਸਾਹਿਤਕ ਸਵੈਜੀਵਨੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਪ੍ਰਕਾਸ਼ਨ ਅਧੀਨ ਹੈ। ਲੰਘੀ ਸਦੀ ਦੇ 70ਵਿਆਂ ਅਤੇ 80ਵਿਆਂ ਦੇ ਦਹਾਕਿਆਂ ਵਿੱਚ ਉਹ ਪ੍ਰਗਤੀਸ਼ੀਲ ਪ੍ਰਕਾਸ਼ਨ, ਮਾਸਕੋ ਵਿੱਚ ਬਤੌਰ ਅਨੁਵਾਦਕ ਸਰਗਰਮ ਰਹੇ ਤੇ ਉਹਨਾਂ ਨੇ ਰੂਸੀ ਦੀਆਂ ਬਹੁਤ ਸਾਰੀਆਂ ਸਾਹਿਤਕ ਅਤੇ ਸਿਆਸੀ ਰਚਨਾਵਾਂ ਨੂੰ ਪੰਜਾਬੀ ਵਿੱਚ ਉਲਥਾਇਆ। ਉਹ ਆਪਣੇ ਪਿੱਛੇ ਚਾਰ ਬੇਟੀਆਂ ਤੇ ਦੋ ਬੇਟੇ ਛੱਡ ਗਏ ਹਨ।

## ਮਾਨ ਸਰਕਾਰ ਦੀ ਅਗਵਾਈ ਹੇਠ ਤੇਜ਼ੀ ਨਾਲ ਬਦਲ ਰਹੀ ਹੈ ਸ਼ਹਿਰ ਦੀ ਨੁਹਾਰ : ਅਮਨ ਅਰੋੜਾ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਸਿੰਘ ਭੱਟੀ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਨਗਰ ਕੌਂਸਲ ਨੂੰ 2.85 ਕਰੋੜ ਦੀ ਹੋਰ ਗ੍ਰਾਂਟ ਜਾਰੀ ਕੀਤੀ ਗਈ ਹੈ ਤਾਂ ਜੁ ਇਸ ਹਲਕੇ ਸੁਨਾਮ ਦੀ ਨੁਹਾਰ ਬਦਲਣ ਲਈ ਆਰੰਭੇ ਕਾਰਜਾਂ ਨੂੰ ਹੋਰ ਵੀ ਤਨਦੇਹੀ ਨਾਲ ਨੇਪਰੇ ਚਾੜ੍ਹਿਆ ਜਾ ਸਕੇ।ਇਹ ਪ੍ਰਗਟਾਵਾ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਇੱਕ ਸਮਾਗਮ ਦੌਰਾਨ ਸ਼ਹਿਰ ਦੇ ਕਾਇਆ ਕਲਪ ਲਈ ਇਹ ਰਾਸ਼ੀ ਨਗਰ ਕੌਂਸਲ ਨੂੰ ਜਾਰੀ ਕਰਦਿਆਂ ਕੀਤਾ।ਅਮਨ ਅਰੋੜਾ ਨੇ ਕਿਹਾ ਕਿ ਆਲੇ ਦੁਆਲੇ ਦੀ ਸਫ਼ਾਈ ਤੰਦਰੁਸਤ ਜੀਵਨ ਲਈ ਬਹੁਤ ਜ਼ਰੂਰੀ ਹੈ, ਜਿਸ ਲਈ ਪਹਿਲਾਂ ਵੀ ਸਮੇਂ ਸਮੇਂ ਸਿਰ ਨਗਰ ਕੌਂਸਲ ਨੂੰ ਸਾਫ਼ ਸਫ਼ਾਈ ਨਾਲ ਸੰਬੰਧਤ ਸਾਜੋ ਸਮਾਨ ਤੋਂ ਇਲਾਵਾ ਵੱਖ-ਵੱਖ ਤਰ੍ਹਾਂ ਦੇ ਅਤਿ ਆਧੁਨਿਕ ਵਾਹਨ ਮੁਹੱਈਆ ਕਰਾਏ ਜਾ ਚੁੱਕੇ ਹਨ।ਉਨ੍ਹਾਂ ਦੱਸਿਆ ਕਿ ਜ਼ਰੂਰਤ ਅਨੁਸਾਰ ਬੁਨਿਆਦੀ ਢਾਂਚਾ ਪ੍ਰਦਾਨ ਕੀਤੇ ਜਾਣ ਸਦਕਾ ਸ਼ਹਿਰ ਦੀ ਸਾਫ਼ ਸਫ਼ਾਈ ਵਿੱਚ ਵੱਡੇ ਪੱਧਰ ’ਤੇ ਸੁਧਾਰ ਹੋਇਆ ਹੈ।ਉਨ੍ਹਾਂ ਦੱਸਿਆ ਕਿ ਹੁਣ ਜਾਰੀ ਗ੍ਰਾਂਟ ਟਾਟਾ ਏਸ, ਈ ਰਿਕਸ਼ਾ, ਕਮਿਊਨਿਟੀ ਟਾਇਲਟਸ, ਪਬਲਿਕ ਟਾਇਲਟਸ, ਐੱਮ.ਆਰ.ਐੱਫ਼. ਸ਼ੈੱਡ, ਕੰਪੋਸਟ ਪਿੱਟਸ, ਸੀ.ਐਂਡ ਡੀ. ਸਾਈਟ ਅਪਗ੍ਰੇਡੇਸ਼ਨ ਲਈ ਵਰਤੀ ਜਾਵੇਗੀ। ਉਨ੍ਹਾਂ ਕਿਹਾ ਕਿ ਗਿੱਲੇ ਤੇ ਸੁੱਕੇ ਕੂੜੇ ਲਈ ਵੱਖਰੇ ਡੰਪ ਬਣਾਏ ਜਾਣਗੇ, ਇਸ ਨਾਲ ਜਿੱਥੇ ਕੂੜੇ ਕਰਕਟ ਦਾ ਨਿਪਟਾਰਾ ਚੰਗੇ ਤਰੀਕੇ ਨਾਲ ਹੋਵੇਗਾ, ਉੱਥੇ ਇਸ ਨੂੰ ਖਾਦ ਦੇ ਰੂਪ ਵਿੱਚ ਵੀ ਵਰਤਿਆ ਜਾ ਸਕੇਗਾ।ਅਮਨ ਅਰੋੜਾ ਨੇ ਕਿਹਾ ਕਿ ਇਨ੍ਹਾਂ ਛੋਟੇ-ਛੋਟੇ ਉਪਰਾਲਿਆਂ ਸਦਕਾ ਹੁਣ ਤੱਕ ਲੋਕਾਂ ਦੀ ਹਰ ਮੰਗ ਤੇ ਜ਼ਰੂਰਤ ਨੂੰ ਯੋਜਨਾਬੱਧ ਢੰਗ ਨਾਲ ਪੂਰਾ ਕਰਨ ਦੀ ਦਿਸ਼ਾ ਵਿੱਚ ਨਿਯਮਤ ਕਦਮ ਚੁੱਕੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਗ੍ਰਾਂਟ ਨਾਲ ਸ਼ਹਿਰ ਦੀ ਸੁੰਦਰਤਾ ਵਿੱਚ ਹੋਰ ਵਾਧਾ ਹੋਵੇਗਾ।

## ਹਲਕਾ ਵਿਧਾਇਕ ਦੀ ਅਗਵਾਈ ’ਚ ਕੈਂਪ ਲਾਇਆ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੇ ਦਿਸ਼ਾ-ਨਿਰਦੇਸ਼ਾਂ ਹੇਠ ਰੇਸ਼ਮ ਸਿੰਘ ਤਹਿਸੀਲਦਾਰ ਧਰਮਕੋਟ ਤੇ ਗੁਰਮੀਤ ਮੁਖੀਜਾ ਦੀ ਅਗਵਾਈ ਹੇਠ ਕੈਂਪ ਲਾਇਆ ਗਿਆ। ਕੈਂਪ ਵਿੱਚ ਜਿਨ੍ਹਾਂ ਲੋਕਾਂ ਦੇ ਰਾਸ਼ਨ ਵਾਲੇ ਕਾਰਡ ਕੱਟੇ ਗਏ ਸਨ। ਉਨ੍ਹਾਂ ਦੇ ਫਾਰਮ ਭਰੇ ਗਏ ਤੇ ਆਧਾਰ ਕਾਰਡਾਂ ਦੇ ਫਾਰਮ ਭਰੇ ਗਏ ਜਨਮ ਪੱਤਰੀਆਂ ਦੀ ਸੋਧ ਤੇ ਜਨਮ ਪੱਤਰੀਆਂ ਦੇ ਫਾਰਮ ਇੰਤਕਾਲ ਤੇ ਹੋਰ ਵੀ ਕਈ ਤਰ੍ਹਾਂ ਦੇ ਫਾਰਮ ਭਰੇ ਗਏ।

ਇਸ ਮੌਕੇ ਗੁਰਮੀਤ ਮੁਖੀਜਾ ਨੇ ਕਿਹਾ ਕਿ ਜੋ ਸਰਕਾਰ ਨੇ ਲੋਕਾਂ ਨਾਲ ਵਾਅਦੇ ਕੀਤੇ ਸਨ, ਉਹ ਪੂਰੇ ਕੀਤੇ ਜਾ ਰਹੇ ਹਨ ਅਤੇ ਲੋਕਾਂ ਨੂੰ ਕਈ ਤਰ੍ਹਾਂ ਦੇ ਕੰਮਾਂ ਲਈ ਕਚਹਿਰੀਆਂ ਵਿੱਚ ਧੱਕੇ ਖਾਣੇ ਪੈਂਦੇ ਸਨ। ਹੁਣ ਪਿੰਡ-ਪਿੰਡ ਜਾ ਕੇ ਲੋਕਾਂ ਦੇ ਮਸਲੇ ਹੱਲ ਕੀਤੇ ਜਾ ਰਹੇ ਹਨ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਕ੍ਰਮਚਾਰੀਆਂ ਵੱਲੋਂ ਵੱਖ-ਵੱਖ ਸਕੀਮਾਂ ਦੇ ਫਾਰਮ ਭਰੇ ਗਏ।

## ਸੇਖੋਂ ਨੇ ਵਿਧਾਨ ਸਭਾ ’ਚ ਫਲਾਇੰਗ ਕਲੱਬ ਦਾ ਚੁੱਕਿਆ ਮੁੱਦਾ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਭਾਰਤ ਵਿੱਚ ਆਉਣ ਵਾਲੇ ਸਾਲਾਂ ਦੌਰਾਨ ਏਵੀਏਸ਼ਨ ਦੇ ਖੇਤਰ ’ਚ ਵੱਡੀ ਗਿਣਤੀ ’ਚ ਨੌਕਰੀਆਂ ਦੇ ਮੱਦੇਨਜ਼ਰ ਐਮ.ਐਲ.ਏ ਗੁਰਦਿੱਤ ਸਿੰਘ ਸੇਖੋਂ ਨੇ ਵਿਧਾਨ ਸਭਾ ਵਿੱਚ ਫਲਾਇੰਗ ਕਲੱਬ ਖੋਲ੍ਹਣ ਦਾ ਮੁੱਦਾ ਚੁੱਕਿਆ।ਸੇਖੋਂ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਦੇਸ਼ ਭਰ ਵਿੱਚ ਵੱਡੀ ਗਿਣਤੀ ਵਿੱਚ ਹਵਾਈ ਜਹਾਜ਼ਾਂ ਦੀ ਖਰੀਦ ਦੇ ਮੱਦੇਨਜ਼ਰ ਏਵੀਏਸ਼ਨ ਇੰਡਸਟਰੀ ਵਿੱਚ ਬੂਮ (ਪ੍ਰਫੁੱਲਤ) ਹੋਣ ਵਾਲਾ ਹੈ।ਮਾਹਿਰਾਂ ਨੇ ਦੱਸਿਆ ਕਿ ਭਾਰਤ ਦੀਆਂ ਵੱਡੀਆਂ ਏਅਰਲਾਈਨ ਕੰਪਨੀਆਂ ਵੱਲੋਂ ਆਉਣ ਵਾਲੇ ਸਾਲਾਂ ਵਿੱਚ 1000 ਜੈਟ ਹਵਾਈ ਜਹਾਜ ਖਰੀਦਣ ਦੀ ਤਜਵੀਜ਼ ਹੈ।ਉਨ੍ਹਾਂ ਦੱਸਿਆ ਕਿ ਹਾਰਟਸ ਫੀਲਡ ਜੈਕਸਨ ਅਟਲਾਂਟਾ ਅੰਤਰਰਾਸ਼ਟਰੀ ਹਵਾਈ ਅੱਡਾ ਅਮਰੀਕਾ ਤੋਂ ਬਾਅਦ ਦਿੱਲੀ ਵਿਖੇ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਆਉਣ ਵਾਲੇ ਸਮੇਂ ਵਿੱਚ ਦੁਨੀਆ ਦਾ ਦੂਜਾ ਸਭ ਤੋਂ ਵੱਧ ਰੁਝੇਵੇਂ ਵਾਲਾ ਏਅਰਪੋਰਟ ਬਣਨ ਜਾ ਰਿਹਾ ਹੈ।ਐਮ.ਐਲ.ਏ ਸੇਖੋਂ ਨੇ ਦੱਸਿਆ ਕਿ ਇੱਕ ਅਨੁਮਾਨ ਮੁਤਾਬਕ ਭਾਰਤ ਦੀ 3 ਪ੍ਰਤੀਸ਼ਤ ਆਬਾਦੀ ਹਵਾਈ ਜਹਾਜ਼ ਰਾਹੀਂ ਹੀ ਸਫ਼ਰ ਕਰ ਰਹੀ ਹੈ ਤੇ ਇਸ ਪ੍ਰਤੀਸ਼ਤਤਾ ਵਿੱਚ ਆਉਣ ਵਾਲੇ ਦਿਨਾਂ ਦੌਰਾਨ ਹੋਰ ਵਾਧਾ ਦਰਜ ਕੀਤਾ ਜਾਣਾ ਹੈ।ਇਨ੍ਹਾਂ ਗੱਲਾਂ ਦੇ ਚੱਲਦਿਆਂ ਸੇਖੋਂ ਨੇ ਮੰਗ ਕੀਤੀ ਕਿ ਜ਼ਿਲ੍ਹਾ ਫ਼ਰੀਦਕੋਟ ਵਿੱਚ ਕੁਝ ਸਮਾਂ ਪਹਿਲਾਂ ਫਲਾਇੰਗ ਕਲੱਬ ਵਾਸਤੇ ਵਿੱਢਿਆ ਕੰਮ ਜਲਦ ਮੁਕੰਮਲ ਕਰਾਇਆ ਜਾਵੇ।ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਬੰਧੀ ਪਹਿਲਾਂ ਹੀ ਤਕਰੀਬਨ 103 ਏਕੜ ਜ਼ਮੀਨ ਲੈਣ ਲਈ ਮਨਜ਼ੂਰੀ ਦਿੱਤੀ ਗਈ ਸੀ, ਪਰ ਇਹ ਮਾਮਲਾ ਤਕਨੀਕੀ ਕਾਰਨਾਂ ਕਰਕੇ ਸਿਰੇ ਨਹੀਂ ਸੀ ਚੜ੍ਹ ਸਕਿਆ। ਉਨ੍ਹਾਂ ਕਿਹਾ ਕਿ ਇਸ ਇਲਾਕੇ ਦੇ ਨੌਜਵਾਨਾਂ ਨੂੰ ਇਸ ਖੇਤਰ ਵਿੱਚ ਮੁਹਾਰਤ ਹਾਸਲ ਕਰਾਉਣ ਲਈ ਹਰ ਹੀਲੇ ਇਸ ਕਲੱਬ ਦੀ ਸ਼ੁਰੂਆਤ ਕਰਾਈ ਜਾਵੇ ਤਾਂ ਜੁ ਇਥੋਂ ਦੇ ਨੌਜਵਾਨ ਆਉਣ ਵਾਲੇ ਸਮੇਂ ਵਿੱਚ ਇਸ ਪ੍ਰਫੁੱਲਿਤ ਹੋ ਰਹੀ ਇੰਡਸਟਰੀ ਦਾ ਵੱਧ ਤੋਂ ਵੱਧ ਲਾਹਾ ਖੱਟ ਸਕਣ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

12-March-PAGE-3.qxd 3/11/2024 8:53 PM Page 1



# ਲੋਕ ਨਿਰਮਾਣ ਮੰਤਰੀ ਵੱਲੋਂ 35 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਕੰਮਾਂ ਦਾ ਆਗਾਜ਼

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਨਰਿੰਦਰਜੀਤ ਸਿੰਘ)**

ਹਰਭਜਨ ਸਿੰਘ ਈਟੀਓ ਲੋਕ ਨਿਰਮਾਣ ਮੰਤਰੀ ਪੰਜਾਬ ਨੇ ਅੰਮ੍ਰਿਤਸਰ ਸ਼ਹਿਰ ਦੇ ਦੋ ਵਿਧਾਨ ਸਭਾ ਹਲਕੇ ਅੰਮ੍ਰਿਤਸਰ ਦੱਖਣੀ ਅਤੇ ਅੰਮ੍ਰਿਤਸਰ ਪੂਰਬੀ ਵਿਖੇ ਕਰੀਬ 35 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਕੰਮਾਂ ਦੇ ਨੀਂਹ ਪੱਥਰ ਰੱਖੇ। ਪਿੰਡ ਸੁਲਤਾਨਵਿੰਡ ਪਿੰਡ ਵਿਖੇ ਬਣਨ ਵਾਲੇ ਦੋ ਮਾਰਗੀ ਫਲਾਈਓਵਰ ਦਾ ਨੀਂਹ ਪੱਥਰ ਰੱਖਿਆ ਅਤੇ ਕਿਹਾ ਕਿ ਤਾਰਾਂ ਵਾਲੇ ਪੁਲ ਤੋਂ ਸੁਲਤਾਨਵਿੰਡ ਪਿੰਡ ਦੇ ਚੌਕ ਉਪਰ ਦੋ ਮਾਰਗੀ ਫਲਾਈਓਵਰ ਦਾ ਨਿਰਮਾਣ ਕੀਤਾ ਜਾਣਾ ਹੈ,



ਜਿਸ ਤੇ ਲਗਭਗ 33.55 ਕਰੋੜ ਰੁਪਏ ਖਰਚ ਆਉਣਗੇ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਦੀ ਕੁੱਲ ਲੰਬਾਈ 985 ਮੀਟਰ, ਫਲਾਈਓਵਰ ਦੀ ਲੰਬਾਈ 725 ਮੀਟਰ ਅਤੇ ਚੌੜਾਈ 14 ਮੀਟਰ ਹੋਵੇਗੀ। ਉਨਾਂ ਦੱਸਿਆ ਕਿ ਇਸਦੇ ਨਾਲ ਹੀ 5.50 ਮੀਟਰ ਸਰਵਿਸ ਰੋਡ ਫਲਾਈਓਵਰ ਦੇ ਦੋਵੇਂ ਪਾਸੇ ਅਤੇ ਬਰਸਾਤੀ ਪਾਣੀ ਦੇ ਲਈ ਡਰੇਨ ਦੀ ਵਿਵਸਥਾ ਵੀ ਕੀਤੀ ਜਾਵੇਗੀ। ਅੰਮ੍ਰਿਤਸਰ ਮਹਿਤਾ ਸੜਕ ਦੀ ਸਪੈਸ਼ਲ ਰਿਪੇਅਰ ਦੇ ਕੰਮ ਦਾ ਵੀ ਨੀਂਹ ਪੱਥਰ ਰੱਖਿਆ। ਉਨ੍ਹਾਂ ਦੱਸਿਆ ਕਿ ਇਸ ਸੜਕ ਦੀ ਲੰਬਾਈ 1.350 ਕਿਲੋਮੀਟਰ ਅਤੇ ਚੌੜਾਈ 31 ਫੁੱਟ ਹੈ, ਦੀ ਸਪੈਸ਼ਲ ਰਿਪੇਅਰ ਕੀਤੀ ਜਾਵੇਗੀ। ਟੈਂਡਰ ਪ੍ਰਕ੍ਰਿਆ ਮੁਕੰਮਲ ਹੋ ਚੁੱਕੀ ਹੈ ਅਤੇ ਇਸ ਕਾਰਜ ਨੂੰ 6 ਮਹੀਨੇ ਵਿਚ ਮੁਕੰਮਲ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਸਪੈਸ਼ਲ ਰਿਪੇਅਰ ਦੇ ਕੰਮ ਉਪਰ 120.92 ਲੱਖ ਰੁਪਏ ਖਰਚ ਆਉਣਗੇ। ਇਸ ਮੌਕੇ ਹਲਕਾ ਵਿਧਾਇਕ ਦੱਖਣੀ ਡਾ: ਇੰਦਰਬੀਰ ਸਿੰਘ ਨਿੱਜਰ, ਹਲਕਾ ਵਿਧਾਇਕ ਪੂਰਬੀ ਮੈਡਮ ਜੀਵਨਜੋਤ ਕੌਰ, ਸਾਬਕਾ ਮੇਅਰ ਕਰਮਜੀਤ ਸਿੰਘ ਰਿੰਟੂ, ਆਮ ਆਦਮੀ ਪਾਰਟੀ ਦੇ ਦਿਹਾਤੀ ਪ੍ਰਧਾਨ ਬਲਜਿੰਦਰ ਸਿੰਘ ਢਿੱਲੋਂ, ਲੋਕ ਨਿਰਮਾਣ ਵਿਭਾਗ ਦੇ ਚੀਫ ਇੰਜੀ: ਜਗਦੀਪ ਸਿੰਘ, ਨਵਨੀਤ ਸ਼ਰਮਾ, ਚੇਅਰਮੈਨ ਮਾਰਕੀਟ ਕਮੇਟੀ ਬਲਬੀਰ ਸਿੰਘ ਰਿੰਕੂ, ਐੱਸਈ ਇੰਦਰਜੀਤ ਸਿੰਘ, ਐਕਸੀਅਨ ਕੁਸ਼ਲਦੀਪ ਸਿੰਘ ਢਿੱਲੋਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਪਿੰਡਾਂ 'ਚ ਸ਼ਹਿਰਾਂ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ : ਬਲਕਾਰ ਸਿੰਘ

**ਜਲੰਧਰ (ਸ਼ੈਲੀ ਐਲਬਰਟ)**

ਪੰਜਾਬ ਸਰਕਾਰ ਵਲੋਂ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਪਿੰਡਾਂ ਵਿੱਚ ਹੋਣ ਵਾਲੇ ਵੱਖ-ਵੱਖ ਵਿਕਾਸ ਕਾਰਜਾਂ ਲਈ ਲਗਾਤਾਰ ਗਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਵਲੋਂ ਵਿਧਾਨ ਸਭਾ ਹਲਕਾ ਕਰਤਾਰਪੁਰ ਦੇ ਕਸਬਾ ਭੋਗਪੁਰ, ਆਦਮਪੁਰ ਅਤੇ ਜਲੰਧਰ ਪੱਛਮੀ ਵਿੱਚ ਪੈਂਦੇ ਵੱਖ-ਵੱਖ ਪਿੰਡਾਂ ਦੇ ਵਿਕਾਸ ਕਾਰਜਾਂ ਲਈ 65.40 ਲੱਖ ਰੁਪਏ ਦੀ ਗਰਾਂਟ ਜਾਰੀ ਕਰਦਿਆਂ ਲੋਕਾਂ ਨਾਲ ਰੂਬਰੂ ਹੁੰਦਿਆਂ ਕੀਤਾ ਗਿਆ। ਇਸ ਮੌਕੇ ਉਨਾਂ ਦੇ ਸੁਪਤਨੀ ਹਰਪ੍ਰੀਤ ਕੌਰ ਵੀ ਉਨਾਂ ਦੇ ਨਾਲ ਸਨ । ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਸਿੰਘ ਦੀ ਅਗਵਾਈ ਵਾਲੀ ਸੂਬਾ ਸਰਕਾਰ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਸੂਬੇ ਦੇ ਪਿੰਡਾਂ ਵਿਚਲੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਪੇਂਡੂ ਇਲਾਕਿਆਂ ਵਿੱਚ ਵਿਕਾਸ ਕਾਰਜਾਂ ਵੱਲ ਵਿਸ਼ੇਸ਼ ਤਵੱਜੋਂ ਦਿੱਤੀ ਜਾ ਰਹੀ ਹੈ । ਸੂਬਾ ਸਰਕਾਰ ਵਲੋਂ ਲੋਕਾਂ ਨੂੰ ਨਾਗਰਿਕ ਸੇਵਾਵਾਂ ਉਨਾਂ ਦੀਆਂ ਬਰੂਹਾਂ 'ਤੇ ਮੁਹੱਈਆ ਕਰਵਾਉਣ ਦੇ ਮੰਤਵ ਤਹਿਤ ਵਿਲੱਖਣ ਪਹਿਲ ਕਦਮੀ ਕਰਦਿਆਂ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ ਜਿਥੇ 44 ਤਰ੍ਹਾਂ ਦੀਆਂ ਸੇਵਾਵਾਂ ਇਕੋ ਛੱਤ ਹੇਠ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਸੂਬੇ ਦੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਦੇ ਮੰਤਵ ਤਹਿਤ ਸਕੂਲ ਆਫ



ਐਮੀਨੈਂਸ ਦੀ ਸ਼ੁਰੂਆਤ ਕੀਤੀ ਗਈ ਹੈ। ਲੋਕਾਂ ਨੂੰ ਬਹਿਤਰੀਨ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਵਲੋਂ ਆਮ ਆਦਮੀ ਕਲੀਨਿਕਾਂ ਖੋਲ੍ਹੇ ਗਏ ਹਨ ਜਿਥੇ ਮਰੀਜ਼ਾਂ ਦੇ ਜ਼ਰੂਰੀ ਟੈਸਟ ਮੁਫ਼ਤ ਕੀਤੇ ਜਾ ਰਹੇ ਹਨ ਅਤੇ ਦਵਾਈਆਂ ਵੀ ਮੁਫ਼ਤ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਬਲਕਾਰ ਸਿੰਘ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਪਿੰਡਾਂ ਵਿੱਚ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਅਤੇ ਪੂਰੀ ਗੁਣਵੱਤਾ ਨਾਲ ਮੁਕੰਮਲ ਕਰਨ ਨੂੰ ਯਕੀਨੀ ਬਣਾਇਆ ਜਾਵੇ।। ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਕਿਹਾ ਕਿ ਪਿੰਡਾਂ ਵਿੱਚ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਨੂੰ ਨਿਸ਼ਚਿਤ ਸਮੇਂ ਵਿੱਚ ਨੇਪਰੇ ਚਾੜ ਕੇ ਹੋਰ ਨਵੇਂ ਵਿਕਾਸ ਕਾਰਜਾਂ ਦੇ ਤਖਮੀਨੇ ਭੇਜੇ ਜਾਣ। ਪਿੰਡਾਂ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ।

## ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ



**ਜਲੰਧਰ :** ਜਲੰਧਰ ਦੇ ਦੁਆਬਾ ਚੌਂਕ ਨੇੜੇ ਸੰਪਤੀ ਕੰਪਲੈਕਸ ਸਾਹਮਣੇ ਇੱਕ ਅਣਪਛਾਤੇ ਵਿਆਕਤੀ ਦੀ ਲਾਸ਼ ਮਿਲੀ, ਜਿਸ ਦੇ ਰੰਗ ਦੀ ਟੀ ਸ਼ਰਟ ਪਾਈ ਹੈ। ਉਮਰ ਲਗਭਗ 40 ਤੋਂ 45 ਸਾਲ ਲੱਗਦੀ ਹੈ। ਇਸ ਦੀ ਮ੍ਰਿਤਕ ਲਾਸ਼ ਨੂੰ ਸਿਵਲ ਹਸਪਤਾਲ ਜਲੰਧਰ ਵਿਖੇ ਰੱਖਿਆ ਗਿਆ, ਜੇ ਕੋਈ ਇਸ ਨੂੰ ਪਛਾਣਦਾ ਹੈ ਤਾਂ ਉਹ ਜਲੰਧਰ ਦੇ ਸਿਵਲ ਹਸਪਤਾਲ ਜਾਂ ਮੁੱਖ ਅਫ਼ਸਰ ਥਾਣਾ ਡਵੀਜ਼ਨ ਨੰਬਰ-8 ਨਾਲ 95929-14118 'ਤੇ ਸੰਪਰਕ ਕਰ ਸਕਦਾ ਹੈ।

## ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਸੰਬੰਧੀ ਪ੍ਰੇਰਨਾਦਾਇਕ ਲੈਕਚਰ ਕਰਵਾਇਆ

**ਸ੍ਰੀ ਚਮਕੌਰ ਸਾਹਿਬ,(ਗੁਰਵਿੰਦਰਪਾਲ ਸਿੰਘ ਬੌਬੀ)**-ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਸਥਾਪਿਤ ਬੀਬੀ ਸ਼ਰਨ ਕੌਰ ਖਾਲਸਾ ਕਾਲਜ ਸ੍ਰੀ ਚਮਕੌਰ ਸਾਹਿਬ ਦੇ ਪਲੇਸਮੈਂਟ ਸੈਲ ਵੱਲੋਂ ਪ੍ਰਿੰਸੀਪਲ ਡਾ. ਬਲਜੀਤ ਸਿੰਘ ਦੀ ਅਗਵਾਈ ਹੇਠਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਸੰਬੰਧੀ ਪ੍ਰੇਰਨਾਦਾਇਕ ਲੈਕਚਰ ਕਰਵਾਇਆ ਗਿਆ। ਜਿਸ ਵਿੱਚ ਰਾਜਵੀਰ ਸਿੰਘ ਨੇ ਵਿਦਿਆਰਥੀਆਂ ਨੂੰ ਯੂ.ਪੀ.ਐਸ.ਸੀ ਦੀ ਪ੍ਰੀਖਿਆਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਇਸ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਕਾਲਜ ਦੇ ਪਲੇਸਮੈਂਟ ਸੈਲ ਦੇ ਇੰਚਾਰਜ ਪ੍ਰੋ.ਨਵਜੋਤ ਕੌਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਦੇ ਵਿਸ਼ੇਸ਼ ਉਦਮ ਸਦਕਾ ਚਲਾਈ ਜਾ ਰਹੀ ਨਿਸਚੈ ਅਕੈਡਮੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਇਸ ਮੌਕੇ ਕਾਲਜ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਟ੍ਰੈਫਿਕ ਪੁਲਸ ਐਜੂਕੇਸ਼ਨ ਸੈੱਲ ਵੱਲੋਂ ਸੈਮੀਨਾਰ ਆਯੋਜਿਤ

**ਗੁਰਦਾਸਪੁਰ, (ਜਨਕ ਮਹਾਜਨ)**—ਜ਼ਿਲ੍ਹਾ ਟ੍ਰੈਫਿਕ ਪੁਲਸ ਐਜੂਕੇਸ਼ਨ ਸੈੱਲ ਵੱਲੋਂ ਸੈਮੀਨਾਰ ਦੌਰਾਨ ਜਹਾਜ਼ ਚੌਕ ਵਿਖੇ ਟੈਕਸੀ, ਈ-ਰਿਕਸ਼ਾ ਅਤੇ ਆਟੋ ਚਾਲਕਾਂ ਨੂੰ ਇੱਕਠੇ ਕਰਕੇ ਟ੍ਰੈਫਿਕ



ਨਿਯਮਾਂ ਦੀ ਜਾਣਕਾਰੀ ਦਿੱਤੀ ਗਈ। ਸੈਮੀਨਾਰ ਵਿੱਚ ਟ੍ਰੈਫਿਕ ਐਜੂਕੇਸ਼ਨ ਸੈੱਲ ਗੁਰਦਾਸਪੁਰ ਏਐੱਸਆਈ ਸੁਭਾਸ਼ ਚੰਦਰ ਸ਼ਾਮਿਲ ਸੀ। ਸੈਮੀਨਾਰ ਵਿੱਚ ਈ ਅਤੇ ਆਟੋ ਰਿਕਸ਼ਾ ਚਾਲਕਾਂ ਨੂੰ ਦੱਸਿਆ ਕਿ ਡਰਾਈਵਿੰਗ ਕਰਦੇ ਸਮੇਂ ਯੂਨੀਫਾਰਮ ਪਾ ਕੇ ਰੱਖਣ ਅਤੇ ਆਪਣੀ ਵਰਦੀ ਉਤੇ ਨਾਮ ਪਲੇਟ ਲਗਾ ਕੇ ਰੱਖਣ। ਡਰਾਈਵਿੰਗ ਕਰਦੇ ਸਮੇਂ ਮੋਬਾਇਲ ਫੋਨ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਸੀਟ ਬੈਲਟ ਲਗਾਉਣਾ ਬਹੁਤ ਜ਼ਰੂਰੀ ਹੈ। ਹੈਲਪ ਲਾਈਨ ਨੰਬਰ (112) ਤੇ (181) ਬਾਰੇ ਜਾਣਕਾਰੀ ਦਿੱਤੀ ਗਈ ਤਾਂ ਕਿ ਮੁਸ਼ਕਿਲ ਆਉਣ 'ਤੇ ਪੁਲਸ ਨੂੰ ਫੋਨ ਕੀਤਾ ਜਾ ਸਕੇ। ਸੈਮੀਨਾਰ ਵਿੱਚ ਨਸ਼ੇ ਖਿਲਾਫ ਵੀ ਜਾਗਰੂਕ ਕੀਤਾ ਗਿਆ ਕਿ ਨਸ਼ਾ ਤੁਹਾਡੀ ਸਿਹਤ ਲਈ ਬਹੁਤ ਹਾਨੀਕਾਰਕ ਹੈ। ਕਦੀ ਵੀ ਨਸ਼ਾ ਕਰਕੇ ਡਰਾਈਵਿੰਗ ਨਾ ਕਰੋ।

# ਅਹਿਮਦੀਆ ਮੁਸਲਿਮ ਜਮਾਤ ਕਾਦੀਆਂ ਨੇ ਲਗਾਇਆ ਮੁਫ਼ਤ ਮੈਡੀਕਲ ਕੈਂਪ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਅਹਿਮਦੀਆ ਮੁਸਲਿਮ ਜਮਾਤ ਮਜਲਿਸ ਖੁਦਾਮਿਲ ਅਹਿਮਦੀਆ ਯੂਥ ਵਿੰਗ ਕਾਦੀਆਂ ਦੇ ਵੱਲੋਂ ਇੱਕ ਮੈਡੀਕਲ ਕੈਂਪ ਅਹਿਮਦੀਆ ਗਰਾਊਂਡ ਵਿਖੇ ਲਗਾਇਆ ਗਿਆ। ਇਸ ਮੈਡੀਕਲ ਕੈਂਪ ਦਾ ਆਯੋਜਨ ਕੁਰਾਨ ਪਾਕ ਦੀ ਤਲਾਵਤ ਨਾਲ ਕੀਤਾ ਗਿਆ। ਇਸ ਦੌਰਾਨ ਵੱਖ-ਵੱਖ ਬਿਮਾਰੀਆਂ ਦੇ ਮਾਹਰ ਡਾਕਟਰਾਂ ਨੇ ਇਸ ਕੈਂਪ ਵਿੱਚ ਸ਼ਮੂਲੀਅਤ ਕੀਤੀ ਅਤੇ ਬੜੇ ਹੀ ਸੁਚੱਜੇ ਢੰਗ ਨਾਲ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਇਸ ਮੌਕੇ ਅੱਖਾਂ ਦੇ ਮਾਹਿਰ ਡਾਕਟਰ ਕੇ. ਡੀ. ਸਿੰਘ ਪਠਾਨਕੋਟ ਵੱਲੋਂ ਆਏ ਹੋਏ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਉਨ੍ਹਾਂ ਨੇ ਕਿਹਾ ਕਿ ਅੱਖਾਂ ਕੁਦਰਤ ਦੀ ਇੱਕ ਅਨਮੁੱਲੀ ਦਾਤ ਹੈ। ਇਸ ਦੀ ਸਾਨੂੰ ਸਭ ਨੂੰ ਸੰਭਾਲ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਹੋਰਨਾਂ ਬਿਮਾਰੀਆਂ ਦੇ ਮਾਹਰ ਡਾਕਟਰ ਵੀ ਇਸ ਕੈਂਪ ਵਿੱਚ ਪਹੁੰਚੇ ਹੋਏ ਸਨ ਜਿਵੇਂ



ਪ੍ਰਿਤਪਾਲ ਸਿੰਘ ਬੀਏਐੱਮਐੱਸ ਆਯੁਰਵੈਦਿਕ, ਡਾ. ਏਜੇਸਵਰ ਮਹੰਤ ਐੱਮਡੀ, ਡਾ. ਸੁਸ਼ੀਲ ਪਨੀਤਾ, ਡਾ. ਮਨਜੀਤ ਸਿੰਘ, ਡਾ. ਮਨੀਸ਼ ਗਿੱਲ, ਬੰਟੀ ਪੀਏ ਅਤੇ ਬਿੱਟੂ ਆਦਿ ਨੇ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਪਹੁੰਚੇ ਮਰੀਜ਼ਾਂ ਦਾ ਚੈੱਕਅਪ ਕੀਤਾ ਅਤੇ ਲੋੜ ਮੁਤਾਬਕ ਦਵਾਈਆਂ ਵੀ ਦਿੱਤੀਆਂ ਗਈਆਂ। ਕੈਂਪ ਦੌਰਾਨ ਅਹਿਮਦੀਆ ਜਮਾਤ ਦੇ ਵਲੰਟੀਅਰ ਵੱਡੀ ਗਿਣਤੀ ਵਿੱਚ ਪਹੁੰਚੇ ਹੋਏ ਸਨ। ਇਸ ਮੌਕੇ ਖੁਦਾਮਲ ਅਹਿਮਦੀਆ ਯੂਥ ਵਿੰਗ ਭਾਰਤ ਦੇ ਪ੍ਰਧਾਨ ਸ਼ਮੀਮ ਅਹਿਮਦ ਗੌਰੀ ਨੇ ਆਏ ਹੋਏ ਡਾਕਟਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਭਵਿੱਖ ਵਿੱਚ ਇਹੋ ਜਿਹੇ ਕੈਂਪ ਜਮਾਤ ਅਹਿਮਦੀਆ ਵੱਲੋਂ ਲਗਾਏ ਜਾਂਦੇ ਰਹਿਣਗੇ।

# ਪੰਜਾਬ ਸਰਕਾਰ ਵੱਲੋਂ ਪੁਰਾਣੇ ਸਿਵਲ ਹਸਪਤਾਲ ਲਈ 20 ਅਸਾਮੀਆਂ ਨੂੰ ਪ੍ਰਵਾਨਗੀ

**ਗੁਰਦਾਸਪੁਰ, (ਜਨਕ ਮਹਾਜਨ)**- ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਗੁਰਦਾਸਪੁਰ ਸ਼ਹਿਰ ਦੇ ਅਰਬਨ ਪ੍ਰਾਇਮਰੀ ਹੈਲਥ ਸੈਂਟਰ (ਪੁਰਾਣਾ ਸਿਵਲ ਹਸਪਤਾਲ) ਲਈ 20 ਅਸਾਮੀਆਂ ਦੀ ਪ੍ਰਵਾਨਗੀ ਮਿਲ ਗਈ ਹੈ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਵਲੋਂ ਬੀਤੇ ਕੱਲ੍ਹ ਅਰਬਨ ਪ੍ਰਾਇਮਰੀ ਹੈਲਥ ਸੈਂਟਰ, ਗੁਰਦਾਸਪੁਰ ਲਈ 20 ਅਸਾਮੀਆਂ ਜਿਨ੍ਹਾਂ ਵਿੱਚ 4 ਮੈਡੀਕਲ ਅਫ਼ਸਰ, 1 ਸਪੈਸ਼ਲਿਸਟ ਡਾਕਟਰ ਗਾਇਨੋਕਾਲੋਜਿਸਟ, 1 ਪੈਡੇਟਰੇਸ਼ੀਅਨ, 1 ਸਰਜਨ, 1 ਮੈਡੀਸਨ, 1 ਡੈਂਨਟਿਸਟ, 5 ਸਟਾਫ਼ ਨਰਸ, 1 ਫਾਰਮਾਸਿਸਟ, 1 ਲੈਬ ਟੈਕਨੀਸ਼ੀਅਨ, 1 ਐਕਸ-ਰੇਅ ਟੈਕਨੀਸ਼ੀਅਨ, 1 ਓ.ਟੀ. ਸਹਾਇਕ ਅਤੇ 2 ਮਲਟੀਟਾਸਕ ਵਰਕਰ ਦੀਆਂ ਪੋਸਟਾਂ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਚੇਅਰਮੈਨ ਸ੍ਰੀ ਰਮਨ ਬਹਿਲ ਨੇ ਅਰਬਨ ਪ੍ਰਾਇਮਰੀ ਹੈਲਥ ਸੈਂਟਰ ਗੁਰਦਾਸਪੁਰ ਲਈ 20 ਪੋਸਟਾਂ ਮਨਜ਼ੂਰ ਕਰਨ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਸਮੇਤ ਸਮੁੱਚੀ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵਲੋਂ ਜਿਥੇ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਜਾ ਰਿਹਾ ਹੈ ਓਥੇ ਇਲਾਜ ਲਈ ਲੋੜੀਂਦੀਆਂ ਮਸ਼ੀਨਾਂ, ਸਾਜੋ-ਸਮਾਨ ਅਤੇ ਮਾਹਿਰ ਡਾਕਟਰਾਂ ਅਤੇ ਹੋਰ ਸਟਾਫ਼ ਦੀ ਤਾਇਨਾਤੀ ਵੀ ਕੀਤੀ ਜਾ ਰਹੀ ਹੈ। ਚੇਅਰਮੈਨ ਸ੍ਰੀ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਅਰਬਨ ਪ੍ਰਾਇਮਰੀ ਹੈਲਥ ਸੈਂਟਰ ਗੁਰਦਾਸਪੁਰ ਲਈ 20 ਅਸਾਮੀਆਂ ਮਨਜ਼ੂਰ ਕਰਨ ਤੋਂ ਬਾਅਦ ਗੁਰਦਾਸਪੁਰ ਦੇ ਸਮੂਹ ਵਾਸੀ ਬਹੁਤ ਖੁਸ਼ ਹਨ ਅਤੇ ਉਨ੍ਹਾਂ ਵੱਲੋਂ ਇਸ ਲੋਕ ਪੱਖੀ ਫੈਸਲਾ ਦਾ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ।

# ਟਾਹਲੀ ਬੱਲਾ ਵੈਲਫੇਅਰ ਸੁਸਾਇਟੀ ਵੱਲੋਂ ਕੁਸ਼ਤੀ ਮੁਕਾਬਲੇ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਟਾਹਲੀ ਬੱਲਾ ਵੈਲਫੇਅਰ ਸੋਸਾਇਟੀ ਯੂ.ਐਸ.ਏ ਵੱਲੋਂ ਪਿੰਡ ਟਾਹਲੀ ਵਿਖੇ ਕਰਵਾਇਆ ਗਿਆ ਅੱਠਵਾਂ ਬਾਬਾ ਮੁਤਾਬ ਦਾਸ ਕੁਸ਼ਤੀ ਦੰਗਲ ਮੁਕਾਬਲਾ ਪਹਿਲਵਾਨ ਜੱਸਾ ਪੱਟੀ ਦੇ ਨਾਂਅ ਰਿਹਾ। ਅੰਤਰਰਾਸ਼ਟਰੀ ਪਹਿਲਵਾਨ ਦੇਵਾ ਨੰਦ ਦੀ ਯਾਦ ਨੂੰ ਸਮਰਪਿਤ ਪ੍ਰਧਾਨ ਰੌਣਕ ਸਿੰਘ, ਸਾਬਕਾ ਪ੍ਰਧਾਨ ਸਤਨਾਮ ਸਿੰਘ ਸੱਤਾ ਤੇ ਸਤਵਿੰਦਰ ਸਿੰਘ ਯੂ.ਐਸ.ਏ ਦੀ ਅਗਵਾਈ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਕੁਸ਼ਤੀ ਦੰਗਲ ਮੁਕਾਬਲੇ ਦੌਰਾਨ ਪੰਜਾਬ ਭਰ 'ਚੋਂ ਪਹਿਲਵਾਨਾਂ ਨੇ ਭਾਗ ਲੈ ਕੇ ਸ਼ਾਨਦਾਰ ਕੁਸ਼ਤੀਆਂ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਵੱਡੀ ਰਮਾਲੀ ਦੀ ਕੁਸ਼ਤੀ ਦੌਰਾਨ ਪਹਿਲਵਾਨ ਜੱਸਾ ਭੱਟੀ ਨੇ ਪਹਿਲਵਾਨ ਮਨਜੀਤ ਖੱਤਰੀ ਦਿੱਲੀ ਤੇ ਛੋਟੀ ਰੁਮਾਲੀ ਦੀ ਕੁਸ਼ਤੀ ਦੌਰਾਨ ਰਵੀ ਬਹਿਰਾ ਸ਼ਾਹਕੋਟ ਨੇ ਪਾਲਬ ਬਾਬਾ ਫਲਾਹੀ ਨੂੰ ਹਰਾਇਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਆਈ.ਜੀ ਜਲੰਧਰ ਰੇਂਜ ਜਗਜੀਤ ਸਿੰਘ ਵਰਿਆਣਾ ਨੇ ਜੇਤੂ ਪਹਿਲਵਾਨਾਂ ਨੂੰ ਇਨਾਮਾਂ ਦੀ ਵੰਡ ਕੀਤੀ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਸਾਬਕਾ ਕੈਬਨਿਟ ਮੰਤਰੀ ਸੰਗਤ ਸਿੰਘ ਗਿਲਜੀਆਂ ,ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਲਖਵਿੰਦਰ ਸਿੰਘ ਲੱਖੀ, ਪ੍ਰੀਤਮ ਸਿੰਘ ਗਿਲਜੀਆਂ ਯੂ.ਐਸ.ਏ, ਬਲਦੇਵ ਸਿੰਘ ਗਿਲਜੀਆਂ, ਸਰਬਜੀਤ ਸਿੰਘ ਸੱਲਾਂ, ਤੇ ਮੈਂਬਰ ਐਸ.ਜੀ.ਪੀ.ਸੀ ਜਥੇਦਾਰ ਤਾਰਾ ਸਿੰਘ ਸੱਲਾ ਨੇ ਪ੍ਰਬੰਧਕਾਂ ਵੱਲੋਂ ਕਰਵਾਏ ਗਏ ਕੁਸ਼ਤੀ ਦੰਗਲ ਮੁਕਾਬਲੇ ਦੀ ਸ਼ਲਾਘਾ ਕੀਤੀ ਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਗੁਰਮੀਤ ਸਿੰਘ, ਰੌਣਕ ਸਿੰਘ,ਸਤਵਿੰਦਰ ਸਿੰਘ ਮੁਲਤਾਨੀ, ਸੰਪੂਰਨ ਸਿੰਘ, ਬਲਵੀਰ ਸਿੰਘ ਸਰਬਜੀਤ ਸਿੰਘ, ਇੰਦਰਜੀਤ ਸਿੰਘ,ਮੰਗਤ ਸਿੰਘ ਟਾਹਲੀ, ਰਜਿੰਦਰ ਸਿੰਘ ਪਟਵਾਰੀ, ਜੈਮਲ ਸਿੰਘ ਲਾਟੀ, ਜੰਗਵੀਰ ਸਿੰਘ,ਨੰਬਰਦਾਰ, ਵਿੱਕੀ ਯੂ.ਐਸ ਏ, ਜਸਵਿੰਦਰ ਸਿਘ ਸਰਪੰਚ ਬੱਲਾ, ਬਚਿੱਤਰ ਸਿੰਘ ਸਰਪੰਚ ਟਾਹਲੀ, ਬਲਜਿੰਦਰ ਸਿੰਘ ਬੱਬੂ ਸਟੇਜ ਸੈਕਟਰੀ, ਮਲਕੀਤ ਸਿੰਘ, ਬਲਦੇਵ ਸਿੰਘ, ਬਲਵਿੰਦਰ ਸਿੰਘ, ਸੁਰਿੰਦਰ ਸਿੰਘ , ਗੁਰਚਰਨ ਸਿੰਘ, ਬਾਬੂ ਜੋਗਿੰਦਰ ਸਿੰਘ, ਹੌਲਦਾਰ ਹਰਭਜਨ ਸਿੰਘ, ਹਰਬੰਸ ਸਿੰਘ ਥਾਣੇਦਾਰ, ਹਰਮਨਪ੍ਰੀਤ ਸਿੰਘ, ਗੁਰਸੇਵਕ ਸਿੰਘ, ਸੁਖਜਿੰਦਰ ਸਿੰਘ, ਬਲਵੀਰ ਸਿੰਘ, ਲਖਵਿੰਦਰ ਸਿੰਘ, ਅਮਰਜੀਤ ਕੌਰ, ਨਰਿੰਦਰ ਕੌਰ, ਹਨੀ ਯੂਐਸ ਏ, ਸੰਗਾਰ ਸਿੰਘ, ਬਲਦੇਵ ਸਿੰਘ ਪ੍ਰਧਾਨ, ਲਖਵਿੰਦਰ ਸਿੰਘ, ਬਲਵਿੰਦਰ ਸਿੰਘ, ਜਗੀਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ ਹਾਜ਼ਰ ਸਨ।

## ਤੀਰਥ ਯਾਤਰਾ ਲਈ ਸ਼ਰਧਾਲੂਆਂ ਦੀ ਪੰਜਵੀਂ ਬੱਸ ਰਵਾਨਾ

**ਬਟਾਲਾ (ਡਾ. ਮਲਵਿੰਦਰ ਸਿੰਘ)**-ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਦੀ ਦੇਖ-ਰੇਖ ਵਿਸ਼ੇਸ਼ ਬੱਸ ਰਵਾਨਾ ਕੀਤੀ ਗਈ। ਵਿਧਾਇਕ ਅਮਰਪਾਲ ਸਿੰਘ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਚੰਗੀ ਸੋਚ ਸਦਕਾ ਸੰਗਤਾਂ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰ ਰਹੀਆਂ ਹਨ। ਸੰਗਤਾਂ ਨੂੰ ਮਾਰਕਫੈੱਡ ਵੱਲੋਂ ਯਾਤਰੀ ਕਿੱਟਾਂ ਵੀ ਦਿੱਤੀਆਂ ਗਈਆਂ। ਇਸ ਮੌਕੇ ਪੀਏ ਸੁਖਦੇਵ ਸਿੰਘ, ਮੈਡਮ ਕਮਲਜੀਤ ਕੌਰ ਖਹਿਰਾ, ਡਾ. ਰਮਨੀਤ ਕੌਰ ਸੈਣੀ, ਜਸਵਿੰਦਰ ਸਿੰਘ ਰੌਕੀ, ਬਲਾਕ ਪ੍ਰਧਾਨ ਸੁਖਵਿੰਦਰ ਸਿੰਘ, ਬਲਾਕ ਪ੍ਰਧਾਨ ਜਸਬੀਰ ਸਿੰਘ ਮੇਤਲੇ, ਬਲਾਕ ਪ੍ਰਧਾਨ ਡਾ. ਨਰਿੰਦਰ ਸਿੰਘ ਬੱਬੂ, ਬਲਾਕ ਇੰਚਾਰਜ ਮੁਖਤਿਆਰ ਸਿੰਘ ਬੋਹਜਾ ਅਤੇ ਤਜਿੰਦਰ ਸਿੰਘ ਸੰਧਵਾਂ ਆਦਿ ਹਾਜ਼ਰ ਸਨ।

## ਦਿ ਹੰਸ ਫਾਊਂਡੇਸ਼ਨ ਨੇ ਮਨਾਇਆ ਵਿਸ਼ਵ ਮਹਿਲਾ ਦਿਵਸ

**ਗੁਰਦਾਸਪੁਰ, (ਜਨਕ ਮਹਾਜਨ)**—ਪਿੰਡ ਅਬੁਲਖੈਰ ਕਲੋਨੀ ਵਿਖੇ ਦਿ ਹੰਸ ਫਾਊਂਡੇਸ਼ਨ ਗੁਰਦਾਸਪੁਰ ਦੀ ਟੀਮ ਵੱਲੋਂ ਵਿਸ਼ਵ ਮਹਿਲਾ ਦਿਵਸ ਮਨਾਇਆ ਗਿਆ। ਇਸ ਮੌਕੇ ਟੀਮ ਦੇ ਮੈਡੀਕਲ ਅਫਸਰ ਡਾ: ਦੀਕਸ਼ਾ ਰਾਣਾ ਨੇ ਔਰਤਾਂ ਨੂੰ ਇਸ ਦਿਵਸ ਨੂੰ ਮਨਾਉਣ ਦੀ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਇਹ ਦਿਨ ਔਰਤਾਂ ਲਈ ਇੱਕ ਮਹਾਨ ਦਿਨ ਹੈ। ਇਸ ਵਿੱਚ ਬਰਾਬਰੀ ਦੇ ਅਧਿਕਾਰ, ਔਰਤਾਂ ਵਿਰੁੱਧ ਦੁਰਵਿਵਹਾਰ ਅਤੇ ਪ੍ਰਜਨਨ ਅਧਿਕਾਰਾਂ ਵਰਗੇ ਮੁੱਦਿਆਂ ਨੂੰ



ਵਿਚਾਰਿਆ। ਇਸ ਦੌਰਾਨ ਹੀਰਾ ਲਾਲ ਸ਼ਰਮਾ ਨੇ ਦੱਸਿਆ ਕਿ ਹੰਸ ਫਾਊਂਡੇਸ਼ਨ ਦੇ ਸੰਸਥਾਪਕ ਭੋਲੇ ਮਹਾਰਾਜ ਅਤੇ ਮਾਤਾ ਮੰਗਲਾ ਹਨ ਜੋ ਸਿਹਤ, ਸਿੱਖਿਆ ਅਤੇ ਅਪੰਗਤਾ ਦੇ ਖੇਤਰ ਵਿੱਚ ਦਖਲ ਦੇ ਕੇ ਲੋਕਾਂ ਦੇ ਜੀਵਨ ਵਿੱਚ ਸੁਧਾਰ ਕਰ ਰਹੇ ਹਨ। ਇਸੇ ਕੜੀ ਤਹਿਤ ਇਸ ਮੋਬਾਇਲ ਮੈਡੀਕਲ ਸੇਵਾ ਵੱਲੋਂ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਬਿਮਾਰੀਆਂ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਬਿਮਾਰੀਆਂ ਦੀ ਜਾਂਚ ਕਰਕੇ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਡਾ. ਦੀਕਸ਼ਾ ਰਾਣਾ (ਮੈਡੀਕਲ ਅਫਸਰ), ਹੀਰਾ ਲਾਲ ਸ਼ਰਮਾ (ਸਮਾਜਿਕ ਸੁਰੱਖਿਆ ਅਫਸਰ), ਰਿਤਿਕਾ ਠਾਕੁਰ (ਫਾਰਮਾਸਿਸਟ), ਕੁਲਵਿੰਦਰ ਕੌਰ (ਲੈਬ ਟੈਕਨੀਸ਼ੀਅਨ), ਹਨੀ ਸ਼ਰਮਾ (ਪਾਇਲਟ) ਆਦਿ ਹਾਜ਼ਰ ਸਨ।

## ਅੱਜ ਬਿਜਲੀ ਬੰਦ ਰਹੇਗੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਸਹਾਇਕ ਕਾਰਜਕਾਰੀ ਇੰਜੀਨੀਅਰ ਸਬ ਡਵੀਜ਼ਨ ਸਹਿਰੀ ਟਾਂਡਾ ਵਲੋਂ ਸੂਚਿਤ ਕੀਤਾ ਗਿਆ ਹੈ ਕਿ 132 ਕੇ.ਵੀ ਸ/ਸ ਟਾਂਡਾ ਤੋ ਚੱਲਦੇ 11ਕੇ.ਵੀ ਉੜਮੁੜ ,11ਕੇ .ਵੀ ਦਾਰਾਪੁਰ, 11 ਕੇ.ਵੀ ਮਾਡਲ ਟਾਊਨ ਅਤੇ 11 ਕੇ.ਵੀ ਜਾਜਾ ਫੀਡਰ ਜਰੂਰੀ ਮੈਨਟੀਨੈਂਸ ਕਰਨ ਲਈ 12 ਮਾਰਚ ਨੂੰ ਸਮਾਂ ਸਵੇਰੇ 10 ਤੋਂ 5 ਵਜੇ ਤੱਕ ਸ਼ਾਮ ਤੱਕ ਬਿਜਲੀ ਬੰਦ ਰਹੇਗੀ ।ਇਹਨਾਂ ਫੀਡਰਾਂ ਨਾਲ ਸੰਬੰਧਿਤ ਪਿੰਡਾਂ ਦੀ ਸਪਲਾਈ ਵੀ ਪ੍ਰਭਾਵਿਤ ਰਹੇਗੀ।

# ਮਜੀਠਾ 'ਚ ਕਾਂਗਰਸ ਦੀ ਹੋਣ ਵਾਲੀ ਰੈਲੀ ਇਤਿਹਾਸਕ ਹੋਵੇਗੀ : ਕੱਥੂਨੰਗਲ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਵਿਧਾਨ ਸਭਾ ਹਲਕਾ ਮਜੀਠਾ ਦੇ ਕਸਬਾ ਮਜੀਠਾ ਵਿੱਚ 17 ਮਾਰਚ ਐਤਵਾਰ ਨੂੰ ਕਾਂਗਰਸ ਪਾਰਟੀ ਵੱਲੋ ਭਗਵੰਤ ਪਾਲ ਸਿੰਘ ਸੱਚਰ ਦੀ ਅਗਵਾਈ ਵਿੱਤ ਕਰਵਾਈ ਜਾ ਰਹੀ ਵਿਸ਼ਾਲ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਦਾ ਇਕੱਠ ਕਰਕੇ ਸਾਰਿਆਂ ਦੇ ਭਰਮ ਭੁਲੇਖੇ ਦੂਰ ਕਰ ਦਿਆਂਗੇ ਤੇ ਇਹ ਰੈਲੀ ਇਤਿਹਾਸਕ ਹੋਵੇਗੀ। ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਲੋਕਾਂ ਨੂੰ ਲਾਮਬੰਦ ਕਰਨ ਉਪਰੰਤ ਸੀਨੀਅਰ ਕਾਂਗਰਸੀ ਆਗੂ ਦਲਜੀਤ ਸਿੰਘ ਪਾਖਰਪੁਰ ਦੇ ਗ੍ਰਹਿ ਵਿਖੇ ਕਾਂਗਰਸੀ ਆਗੂਆਂ ਨਾਲ ਮੀਟਿੰਗ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਵਿੰਦਰ ਸਿੰਘ ਕੱਥੂਨੰਗਲ ਨੇ ਕਿਹਾ ਕਿ ਅਗਾਮੀ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਕਰਵਾਈ ਕੀਤੀ ਜਾ ਰਹੀ ਹੈ। ਇਸ ਰੈਲੀ ਨਾਲ ਕਾਂਗਰਸ ਪਾਰਟੀ ਦੇ ਵਰਕਰਾਂ ਨੂੰ ਵੱਡਾ ਬਲ ਮਿਲੇਗਾ ਤੇ ਕਾਂਗਰਸੀ ਉਮੀਦਵਾਰ ਦੀ ਜਿੱਤ ਵੀ ਯਕੀਨੀ ਹੋਵੇਗੀ। ਕੱਥੂਨੰਗਲ ਨੇ ਕਿਹਾ ਕਿ ਮੈਂ ਤੇ ਭਗਵੰਤ ਪਾਲ ਸੱਚਰ ਲਗਭਗ ਪਿਛਲੇ ਚਾਰ ਦਹਾਕਿਆਂ ਤੋਂ ਇਸ ਹਲਕੇ ਦੀ ਸੇਵਾ ਕਰ ਰਹੇ ਹਾਂ ਤੇ ਹਮੇਸ਼ਾ ਹੀ ਇਸ ਹਲਕੇ ਦੇ ਲੋਕਾਂ ਨੇ ਸਾਡਾ ਸਾਥ ਦਿੱਤਾ ਤੇ ਹੁਣ ਵੀ ਦੇ ਰਹੇ ਹਨ। ਸ. ਸੱਚਰ ਨੇ ਕਿਹਾ ਕਿ ਪੰਜਾਬ ਪ੍ਰਦੇਸ ਕਾਂਗਰਸ ਗੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਪੰਜਾਬ ਪ੍ਰਦੇਸ ਕਾਂਗਰਸ ਦੇ ਇੰਚਾਰਜ ਦਵਿੰਦਰ ਯਾਦਵ ਤੋਂ ਇਲਾਵਾ ਮਾਝੇ ਦੀ ਸਮੁੱਚੀ ਕਾਂਗਰਸ ਹਾਈਕਮਾਂਡ ਇਸ ਰੈਲੀ ਨੂੰ ਸੰਬੋਧਨ ਕਰਨ ਲਈ ਪਹੁੰਚ ਰਹੀ ਹੈ ਤੇ ਮੈਂ ਸਾਰੇ ਕਾਂਗਰਸੀ ਆਗੂਆਂ, ਵਰਕਰਾਂ ਤੇ ਵੋਟਰਾਂ ਨੂੰ ਨਿਮਰਤਾ ਸਹਿਤ ਬੇਨਤੀ ਕਰਦਾ ਕਿ ਉਹ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਆਪਣੇ ਮਹਿਬੂਬ ਆਗੂਆਂ ਦੇ ਵਿਚਾਰ ਸੁਣਨ। ਇਸ ਮੌਕੇ ਸਾਬਕਾ ਡਾਇਰੈਕਟਰ ਸ਼ਿੰਗਾਰਾ ਸਿੰਘ ਸ਼ਹਿਨੇਵਾਲੀ, ਦਲਜੀਤ ਸਿੰਘ ਪਾਖਰਪੁਰ, ਸਤਨਾਮ ਸਿੰਘ ਹੈੱਡਮਾਸਟਰ, ਖੈੜਾ, ਰਣਜੀਤ ਸਿੰਘ ਤਲਵੰਡੀ, ਜਸਬੀਰ ਸਿੰਘ ਬੱਲ, ਅੰਮ੍ਰਿਤ ਸਿੰਘ ਔਲਖ ਵੀ ਹਾਜ਼ਰ ਸਨ।

# ਸਰਬ ਕੰਬੋਜ ਸਮਾਜ ਵੱਲੋਂ ਵਿਸ਼ਾਲ ਕਾਨਫਰੰਸ

## ਕਿਰਪਾਲ ਸਿੰਘ ਰਾਮਦਿਵਾਲੀ ਨੂੰ ਪ੍ਰਧਾਨ ਤੇ ਮੰਗਲ ਸਿੰਘ ਕਿਸ਼ਨਪੁਰੀ ਨੂੰ ਜਨਰਲ ਸਕੱਤਰ ਚੁਣਿਆ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**

ਅੰਮ੍ਰਿਤਸਰ ਕੰਬੋਜ ਸਭਾ ਅਤੇ ਸਰਬ ਕੰਬੋਜ ਸਮਾਜ ਵੱਲੋਂ ਵਿਸ਼ਾਲ ਕਾਨਫਰੰਸ ਜੰਡਿਆਲਾ ਗੁਰੂ ਦੇ ਕਿਸ਼ਨ ਸਿੰਘ ਯਾਦਗਾਰੀ ਆਡੀਟੋਰੀਅਮ ਵਿੱਚ ਕੀਤੀ ਗਈ। ਇਸ ਵਿੱਚ ਅੰਮ੍ਰਿਤਸਰ ਦੇ ਕੰਬੋਜ ਸਭਾ ਦੇ ਮੈਂਬਰ ਜਿਹੜੇ ਬਹੁਤ ਲੰਬੇ ਸਮੇਂ ਤੋਂ ਕੰਬੋਜ ਭਾਈਚਾਰੇ ਲਈ ਕੰਮ ਕਰ ਰਹੇ ਸਨ, ਭਾਰੀ ਗਿਣਤੀ ਵਿੱਚ ਸ਼ਾਮਿਲ ਹੋਏ। ਸਰਬ ਕੰਬੋਜ ਸਮਾਜ ਦੇ ਬਾਨੀ ਦੌਲਤ ਰਾਮ ਕੰਬੋਜ ਦੇ ਆਸ਼ੀਰਵਾਦ ਸਦਕਾ ਸਰਬ ਕੰਬੋਜ ਸਮਾਜ ਦੇ ਪ੍ਰਧਾਨ ਬੋਬੀ ਕੰਬੋਜ, ਸਕੱਤਰ ਪਰਮਜੀਤ ਪੰਮਾ, ਸਾਬਕਾ ਸੈਸ਼ਨ ਜੱਜ ਪਰਮਿੰਦਰ ਪਾਲ ਸਿੰਘ ਕੰਬੋਜ, ਦਿਲਾਵਰ ਸਿੰਘ ਐਡਵੋਕੇਟ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਪਲਵਿੰਦਰ ਸਿੰਘ ਲੁਧਿਆਣਾ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਇਸ ਕਾਨਫਰੰਸ ਵਿੱਚ ਅੰਮ੍ਰਿਤਸਰ ਦੇ 300 ਤੋਂ ਵੱਧ ਮੈਂਬਰਾਂ ਨੇ ਭਾਗ ਲਿਆ ਅਤੇ ਸ਼ਹੀਦ ਊਧਮ ਸਿੰਘ ਦੀ 13 ਮਾਰਚ ਨੂੰ ਕੀਤੀ ਹੋਈ ਲਸਾਨੀ ਕਾਰਵਾਈ ਨੂੰ ਯਾਦ ਕੀਤਾ ਜਦੋਂ ਉਨ੍ਹਾਂ ਨੇ ਮਾਈਕਲ ਐਡਵਾਇਰ ਨੂੰ ਗੋਲੀਆਂ ਨਾਲ ਭੁੰਨ ਕੇ ਜਲ੍ਹਿਆਂਵਾਲੇ ਬਾਗ ਦਾ ਬਦਲਾ ਲਿਆ ਸੀ ਤੇ ਹੱਸਦੇ ਹੋਏ ਫਾਂਸੀ ਚੜ੍ਹ ਗਏ ਸਨ। ਬੁਲਾਰਿਆਂ ਨੇ ਕੰਬੋਜ ਸਮਾਜ ਨੂੰ ਆ ਰਹੀਆਂ ਮੁਸ਼ਕਲਾਂ, ਸ਼ਹੀਦ ਦੀ ਵਿਰਾਸਤ ਨੂੰ ਬਦਲਣ ਦੇ ਕੀਤੇ ਜਾ ਰਹੇ ਯਤਨਾਂ ਨੂੰ ਠੱਲ੍ਹ ਪਾਉਣ ਲਈ ਇੰਡੀਆ ਪੱਧਰ 'ਤੇ ਇੱਕ ਪਲੇਟਫਾਰਮ ਤਿਆਰ ਕਰਨ ਦਾ ਫੈਸਲਾ ਲਿਆ। ਦਿਲਬਾਗ ਸਿੰਘ ਐਕਸ ਚੀਫ ਐਗਰੀਕਲਚਰ ਅਫਸਰ ਨੇ ਇਸ ਕਾਨਫਰੰਸ ਵਿੱਚ ਕਿਰਪਾਲ ਸਿੰਘ ਰਾਮ ਦਿਵਾਲੀ ਨੂੰ ਸਭਾ ਦਾ ਪ੍ਰਧਾਨ ਤੇ ਡਾ. ਮੰਗਲ ਸਿੰਘ ਕਿਸ਼ਨਪੁਰੀ ਐੱਮਡੀ ਸੇਂਟ ਸੋਲਜਰ ਗਰੁੱਪ ਆਫ ਸਕੂਲਜ਼ ਨੂੰ ਸੈਕਟਰੀ ਬਣਾਉਣ ਦਾ ਐਲਾਨ ਕੀਤਾ ਤਾਂ ਜੈਕਾਰਿਆਂ ਦੀ ਗੂੰਜ ਵਿੱਚ ਬਲਬੀਰ ਸਿੰਘ ਚੰਦੀ, ਕਰਨੈਲ ਸਿੰਘ ਰਸੂਲਪੁਰ, ਡਾ. ਇਕਬਾਲ ਸਿੰਘ ਡਾਇਰੈਕਟਰ ਨਾਜਰ ਸਿੰਘ, ਹਰਦੀਪ ਸਿੰਘ ਨਵਾਂ ਪਿੰਡ, ਹਰਜਿੰਦਰ ਸਿੰਘ ਫਤਿਹਪੁਰ, ਸੁਵਿੰਦਰ ਸਿੰਘ ਚੰਦੀ, ਸਰਪੰਚ ਕਵਲਜੀਤ ਸਿੰਘ ਧਾਰੜ, ਨਿਸ਼ਾਨ ਸਿੰਘ ਧਾਰੜ, ਸਰਪੰਚ ਬਲਬੀਰ ਸਿੰਘ ਜਹਾਂਗੀਰ ਅਤੇ ਬਾਹਰੋਂ ਆਏ ਹੋਏ ਪਤਵੰਤੇ ਸੱਜਣਾਂ ਨੇ ਬੋਬੀ ਕੰਬੋਜ ਅਤੇ ਸੈਸ਼ਨ ਜੱਜ ਪੀ. ਪੀ. ਸਿੰਘ ਨੇ ਦੋਵਾਂ ਨੂੰ ਸਿਰੋਪੇ ਪਾ ਕੇ ਇਹ ਜ਼ਿੰਮੇਵਾਰੀ ਸੌਂਪੀ।



## ਸ਼ਿਵਾਲਾ ਮੰਦਰ ਮਜੀਠਾ ਵਿਖੇ ਮਹਾਂ-ਸ਼ਿਵਰਾਤਰੀ ਦਾ ਤਿਓਹਾਰ ਬੜੀ ਸ਼ਰਧਾ ਨਾਲ ਮਨਾਇਆ

**ਮਜੀਠਾ (ਸੋਇਮ ਆਨੰਦ)**-ਸ਼ਿਵਾਲਾ ਮੰਦਿਰ ਮਜੀਠਾ ਵਿਖੇ ਮਹਾਂ-ਸ਼ਿਵਰਾਤਰੀ ਦਾ ਤਿਓਹਾਰ ਬਾਬਾ ਦਿਆਲ ਨਾਥ ਯੋਗੀ ਦੀ ਅਗਵਾਈ ਹੇਠ ਸਮੂਹ ਸੰਗਤਾ ਦੇ ਸਹਿਯੋਗ ਨਾਲ ਮਨਾਇਆ ਗਿਆ। ਸ਼ਿਵਾਲਾ ਮੰਦਿਰ ਮਜੀਠਾ ਦੇ ਸੇਵਕ ਬਾਬਾ ਦਿਆਲ ਨਾਥ ਯੋਗੀ ਵੱਲੋ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਧਾਰਮਿਕ ਸਮਾਗਮ ਵਿੱਚ ਹਵਨ ਕੀਤਾ ਗਿਆ ਅਤੇ ਭਗਵਾਨ ਸ਼ਿਵ ਜੀ ਦੀ ਅਰਾਧਨਾ ਕੀਤੀ ਗਈ।



ਮਹਾਮਾਈ ਦੇ ਜਾਗਰਣ ਵਾਸਤੇ ਜੋਤੀ ਪਰਚੰਡ ਕੀਤੀ ਗਈ।ਇਸ ਮੌਕੇ ਭਜਨ ਮੰਡਲੀਆਂ ਵੱਲੋਂ ਭਗਵਾਨ ਸ਼ਿਵ ਦੀ ਮਹਿਮਾ ਵਿੱਚ ਭਜਨ ਗਾਏ ਅਤੇ ਸਤਿਸੰਗ ਕੀਤਾ ਗਿਆ।ਇਸ ਮੌਕੇ ਰਾਜ ਕਰਨ ਰਾਜੂ ਮਜੀਠਾ ਦੀ ਭਜਨ ਮੰਡਲੀ ਵੱਲੋ ਜਾਗਰਣ ਕੀਤਾ ਗਿਆ। ਇਸ ਮੌਕੇ ਸੰਗਤਾਂ ਨੇ ਪੂਰੀ ਲਗਨ ਅਤੇ ਇੱਕ ਚਿੱਤ ਹੋ ਕੇ ਸਤਿਸੰਗ ਸਰਵਣ ਕੀਤਾ ਅਤੇ ਭਗਵਾਨ ਸ਼ਿਵ ਦਾ ਆਸ਼ੀਰਵਾਦ ਲਿਆ।ਇਸ ਮੌਕੇ ਆਏ ਪਤਵੰਤਿਆਂ ਨੂੰ ਸਨਮਾਨਿਤ ਕੀਤਾ ।ਇਸ ਮੌਕੇ ਬਾਬਾ ਦਿਆਲ ਨਾਥ ਯੋਗੀ ਨਾਲ ਸਾਬਕਾ ਨਗਰ ਕੌਂਸਲ ਪ੍ਰਧਾਨ ਤਰੁਨ ਅਬਰਰੋਲ, ਕਾਂਗਰਸੀ ਆਗੂ ਪਰਮਜੀਤ ਸਿੰਘ ਪੰਮਾ, ਨਗਰ ਕੌਂਸਲ ਸੀਨੀ ਮੀਤ ਪ੍ਰਧਾਨ ਪ੍ਰਿੰਸ ਨਈਅਰ, ਰਾਜ ਕਰਨ ਰਾਜੂ, ਨਰੇਸ਼ ਕੁਮਾਰ, ਬਿੱਲਾ ਆੜ੍ਹਤੀ, ਨਰਿੰਦਰ ਪਟਵਾਰੀ, ਰਾਜੂ ਕਾਮਰੇਡ, ਨਵੀਨ ਮਹਾਜਨ, ਬੱਬ ਕਹੇੜ੍ਹ, ਰਾਜੇਸ਼ ਭੱਲਾ, ਰਾਜਨ ਕਪਾਹੀ, ਦੀਪਕ ਆੜ੍ਹਤੀ, ਸਤੀਸ਼ ਕੁਮਾਰ, ਕਾਲਾ ਕਟਿੰਗ ਵਾਲਾ, ਭੋਲੇ ਨਾਥ, ਗੁਲਸ਼ਨ ਮਜੀਠਾ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ ।

# ਸੱਤਾ ਜਸਪਾਲ ਦਾ ਧਾਰਮਿਕ ਗੀਤ 'ਗੱਡੀ ਚੱਲੀ ਆਨੰਦਪੁਰ ਨੂੰ' ਲੋਕ ਅਰਪਿਤ



**ਬਾਬਾ ਬਕਾਲਾ ਸਾਹਿਬ (ਨਿਰਮਲ ਸੰਘਾ)**

ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਇਕ ਸਾਹਿਤਕ ਸਮਾਗਮ ਸਭਾ ਦੇ ਸਰਪ੍ਰਸਤ ਮਰਹੂਮ ਪ੍ਰਿਥੀਪਾਲ ਸਿੰਘ ਅਠੌਲਾ ਯਾਦਗਾਰੀ ਲਾਇਬਰੇਰੀ, ਬਾਬਾ ਬਕਾਲਾ ਸਾਹਿਬ ਵਿਖੇ ਕਰਾਇਆ ਗਿਆ। ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਕਾਰਜਕਾਰੀ ਮੈਂਬਰ ਮਾ: ਮਨਜੀਤ ਸਿੰਘ ਵੱਸੀ, ਪ੍ਰਿੰ. ਰਘਬੀਰ ਸਿੰਘ ਸੋਹਲ ਸਰਪ੍ਰਸਤ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ, ਸੁਖਦੇਵ ਸਿੰਘ ਭੁੱਲਰ ਸਾ: ਸੀਨੀਅਰ ਮੈਨੇਜਰ ਪੰਜਾਬ ਸਕੂਲ ਸਿੱਖਿਆ ਬੋਰਡ, ਮੱਖਣ ਸਿੰਘ ਭੈਣੀਵਾਲਾ ਸਾਬਕਾ ਬੀਈਈਓ., ਡਾ: ਕੁਲਵੰਤ ਸਿੰਘ ਬਾਠ ਸਾ: ਵੈਟਰਨਰੀ ਅਫਸਰ ਅਤੇ ਮਾ: ਲਖਵਿੰਦਰ ਸਿੰਘ ਮਾਨ ਸਟੇਟ ਐਵਾਰਡੀ ਨੇ ਸਾਂਝੇ ਤੌਰ 'ਤੇ ਕੀਤੀ। ਇਸ ਮੌਕੇ ਜੈ ਮਿਊਜ਼ਿਕ ਪੰਜਾਬੀ ਅਤੇ ਗਾਇਕ ਮੱਖਣ ਭੈਣੀਵਾਲਾ ਦੀ ਪੇਸ਼ਕਸ਼ ਅਤੇ ਗਾਇਕ ਅਤੇ ਗੀਤਕਾਰ ਸਤਨਾਮ ਸਿੰਘ ਸੱਤਾ ਜਸਪਾਲ ਦਾ ਗਾਇਆ ਧਾਰਮਿਕ ਗੀਤ "ਗੱਡੀ ਚੱਲੀ ਆਨੰਦਪੁਰ' ਨੂੰ ਸੰਗਤਾਂ ਦੇ ਅਰਪਿਤ ਕੀਤਾ ਗਿਆ। ਇਸ ਮੌਕੇ ਜਸਪਾਲ ਸਿੰਘ ਧੂਲਕਾ, ਅਜੀਤ ਸਿੰਘ ਸਠਿਆਲਵੀ, ਮਨਜੀਤ ਸਿੰਘ ਵੱਸੀ, ਜਤਿੰਦਰ ਸਿੰਘ ਬੱਬੂ, ਮਾ: ਬਲਬੀਰ ਸਿੰਘ ਬੀਰ, ਜਸਮੇਲ ਸਿੰਘ ਜੋਧੇ, ਰਮਨਦੀਪ ਸਿੰਘ ਵੱਸੀ, ਨਵਦੀਪ ਸਿੰਘ ਬਦੇਸ਼ਾ, ਮੁਖਤਾਰ ਸਿੰਘ ਗਿੱਲ, ਕਰਨਬੀਰ ਸਿੰਘ ਸਫਰੀ, ਬਲਵਿੰਦਰ ਸਿੰਘ ਅਠੌਲਾ, ਅਰਜਿੰਦਰ ਸਿੰਘ ਬੁਤਾਲਵੀ, ਗੁਰਮੇਜ ਸਹੋਤਾ, ਪਰਮਜੀਤ ਸਿੰਘ, ਸਕੱਤਰ ਸਿੰਘ ਪੁਰੇਵਾਲ, ਸੂਬੇਦਾਰ ਹਰਜਿੰਦਰ ਸਿੰਘ ਨਿੱਝਰ, ਮੈਨੇਜਰ ਬੂਟਾ ਰਾਮ ਅਤੇ ਹੋਰ ਕਵੀਜਨ ਹਾਜ਼ਰ ਸਨ।

# ਬਹੁਪੱਖੀ ਸ਼ਖਸੀਅਤ ਭੁਪਿੰਦਰ ਸਿੰਘ ਸੰਧੂ ਨੂੰ ਲੇਖਕਾਂ ਤੇ ਮੁਲਾਜ਼ਮਾਂ ਵੱਲੋਂ ਵਿਦਾਇਗੀ ਪਾਰਟੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਚਾਰ ਦਹਾਕੇ ਪਹਿਲਾਂ ਪੰਜਾਬ ਦੀ ਵਿਦਿਆਰਥੀ ਲਹਿਰ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਪੰਜਾਬੀ ਕਲਮਕਾਰ ਤੇ ਬਹੁਪੱਖੀ ਸ਼ਖ਼ਸੀਅਤ ਭੁਪਿੰਦਰ ਸਿੰਘ ਸੰਧੂ ਨੂੰ ਪੰਜਾਬ ਰਾਜ ਬਿਜਲੀ ਨਿਗਮ ਵਿਚੋਂ ਗਜ਼ਟਿਡ ਅਧਿਕਾਰੀ ਵਜੋਂ ਰਿਟਾਇਰ ਹੋਣ ਤੋਂ ਪਹਿਲਾਂ ਲੇਖਕਾਂ, ਬਿਜਲੀ ਅਧਿਕਾਰੀਆਂ, ਅਧਿਆਪਕਾਂ, ਰਾਜਸੀ ਤੇ ਸਮਾਜੀ ਹਸਤੀਆਂ ਵਲੋਂ ਅਗੇਤੀ ਸ਼ਾਨਦਾਰ ਤੇ ਯਾਦਗਾਰੀ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਚੰਡੀਗੜ੍ਹ, ਪ੍ਰਗਤੀਸ਼ੀਲ ਲੇਖਕ ਸੰਘ ਭਾਰਤ ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਸੁਪਰਡੈਂਟ ਇੰਜ ਗੁਰਸ਼ਰਨ ਸਿੰਘ ਖਹਿਰਾ, ਰਿਟਾ: ਐਸਈ ਇੰਜੀ: ਸਵਰਨ ਸਿੰਘ ਬਾਜਵਾ, ਇੰਜੀ: ਐੱਮ. ਐੱਸ. ਰਟੌਲ, ਪੰਜਾਬ ਪ੍ਰਗਤੀਸ਼ੀਲ ਲੇਖਕ ਸੰਘ ਦੇ ਮੁਖੀ ਪ੍ਰੋ. ਸੁਰਜੀਤ ਜੱਜ, ਪ੍ਰਿੰਸੀ: ਗੁਰਪ੍ਰੀਤ ਕੌਰ ਸੰਧੂ ਆਧਾਰਿਤ ਪ੍ਰਧਾਨਗੀ ਮੰਡਲ ਵਿਚ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਭੁਪਿੰਦਰ ਸਿੰਘ ਸੰਧੂ ਨਾਲ ਯਾਦਾਂ, ਸਾਂਝਾ ਦਾ ਜ਼ਿਕਰ ਕੀਤਾ। ਸਭ ਨੂੰ ਜੀ ਆਇਆਂ ਨੂੰ ਕਹਿੰਦਿਆਂ ਫੋਕਲੋਰ ਰਿਸਰਚ ਅਕਾਦਮੀ ਦੇ ਪ੍ਰਧਾਨ ਰਮੇਸ਼ ਯਾਦਵ ਨੇ ਵਿਦਿਆਰਥੀ ਲਹਿਰ ਤੋਂ ਅੱਜ ਤਕ ਗੁਜ਼ਰੇ ਪਲਾਂ ਦਾ ਬਾਖ਼ੂਬੀ ਜ਼ਿਕਰ ਕੀਤਾ। ਡਾ. ਸਰਬਜੀਤ ਸਿੰਘ ਨੇ ਭੁਪਿੰਦਰ ਸਿੰਘ ਸੰਧੂ ਵੱਲੋਂ ਪਿਛਲੇ ਦਹਾਕੇ ਵਿਚ ਸਾਹਿਤ ਅਕਾਦਮੀ ਲੁਧਿਆਣਾ ਵਿੱਚ ਪ੍ਰਬੰਧਕੀ ਬੋਰਡ ਦੇ ਮੈਂਬਰ, ਸਕੱਤਰ ਤੇ ਮੀਤ ਪ੍ਰਧਾਨ ਵਜੋਂ ਕੀਤੇ ਕਾਰਜਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਹਮੇਸ਼ਾ ਮਾਝੇ ਦੇ ਲੇਖਕਾਂ ਦੀ ਅਵਾਜ਼ ਬਣ ਕੇ ਰਹੇ। ਪ੍ਰਗਤੀਸ਼ੀਲ ਲੇਖਕ ਸੰਘ ਦੇ ਸੂਬਾ ਪ੍ਰਧਾਨ ਪ੍ਰੋ. ਸੁਰਜੀਤ ਜੱਜ ਨੇ ਪੰਜਾਬ ਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਕੰਮਾਂ ਵਿੱਚ ਮੋਹਰੀ ਭੂਮਿਕਾ ਦਾ ਜ਼ਿਕਰ ਕੀਤਾ। ਬਿਜਲੀ ਨਿਗਮ ਦੇ ਮੁਲਾਜ਼ਮਾਂ ਦੇ ਸੂਬਾਈ ਆਗੂ ਅਮਰੀਕ ਸਿੰਘ ਕੰਗ ਨੇ ਭੁਪਿੰਦਰ ਸਿੰਘ ਸੰਧੂ ਦੀ ਮੁਲਾਜ਼ਮ ਭਾਈਚਾਰੇ ਵਿੱਚ ਲਾਮਿਸਾਲ ਇੱਜ਼ਤ, ਸਿਆਣਪ ਤੇ ਦੂਰਦ੍ਰਿਸ਼ਟੀ ਦਾ ਹਵਾਲਾ ਦੇ ਕੇ ਲੰਘੇ ਸਾਲਾਂ ਦੀਆਂ ਸਾਂਝਾਂ ਦਾ ਜ਼ਿਕਰ ਕੀਤਾ। ਕਿਸਾਨ ਆਗੂ ਲਖਬੀਰ ਸਿੰਘ ਨਿਜ਼ਾਮਪੁਰਾ, ਏਟਕ ਆਗੂ ਅਮਰਜੀਤ ਸਿੰਘ ਆਸਲ, ਮਹਾਂਬੀਰ ਸਿੰਘ ਪੱਟੀ, ਜੇ.ਈ. ਕੌਂਸਲ ਦੇ ਆਗੂ ਰਣਬੀਰ ਸਿੰਘ ਲੁਧਿਆਣਾ, ਜਗਤਰਨ ਸਿੰਘ ਮੁਹਾਲੀ ਨੇ ਵੀ ਵਿਚਾਰ ਪ੍ਰਗਟ ਕੀਤੇ। ਡਾ. ਸੁਖਦੇਵ ਸਿੰਘ ਸਿਰਸਾ ਨੇ ਸਮੁੱਚੀ ਵਿਚਾਰ ਚਰਚਾ ਨੂੰ ਅੱਗੇ ਤੋਰਦਿਆਂ ਕਿਹਾ ਕਿ ਭੁਪਿੰਦਰ ਸਿੰਘ ਸੰਧੂ ਨੇ ਜਿਥੇ ਲਗਭਗ ਸੈਂਤੀ ਸਾਲ ਬਿਜਲੀ ਬੋਰਡ ਵਿੱਚ ਮੁਲਾਜ਼ਮਤ ਕੀਤੀ, ਉਥੇ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਲੇਖਕਾਂ, ਦੀਆਂ ਲਹਿਰਾਂ ਵਿਚ ਭਰਵਾਂ ਸਹਿਯੋਗ ਦਿੱਤਾ, ਬਹੁਤ ਸਾਰੇ ਚਲੰਤ ਮਾਮਲਿਆਂ ਤੇ ਕਾਨਫਰੰਸਾਂ, ਮੀਟਿੰਗਾਂ, ਸੈਮੀਨਾਰਾਂ, ਤੇ ਮੇਲਿਆਂ ਦਾ ਵੀ ਆਯੋਜਨ ਕੀਤਾ ਤੇ ਇਕ ਸਰਗਰਮ ਕਾਮੇ ਵਜੋਂ ਸਮਰਪਿਤ ਰਹੇ। ਮੰਚ ਸੰਚਾਲਕ ਦੇ ਫਰਜ਼ ਨਿਭਾਉਂਦੇ ਹੋਏ ਪ੍ਰਗਤੀਸ਼ੀਲ ਲੇਖਕ ਸੰਘ ਅੰਮ੍ਰਿਤਸਰ ਇਕਾਈ ਦੇ ਜਨਰਲ ਸਕੱਤਰ ਧਰਵਿੰਦਰ ਸਿੰਘ ਔਲਖ ਨੇ ਪੂਰੇ ਸਮਾਗਮ ਨੂੰ ਇੱਕ ਲੜੀ ਵਿੱਚ ਪਰੋ ਕੇ ਪੇਸ਼ ਕੀਤਾ। ਇਸ ਮੌਕੇ ਸੀਨੀਅਰ ਪੱਤਰਕਾਰ ਐੱਸ. ਪਰਸ਼ੋਤਮ, ਬਾਬਰ ਸਿੰਘ ਐਂਜਲਾ, ਹਰਭਾਲ ਸਿੰਘ ਨਾਗਰਾ, ਲੇਖਕ ਰੋਜ਼ੀ ਸਿੰਘ, ਨਿਰੰਜਣ ਗਿੱਲ, ਸੁਖਬੀਰ ਸਿੰਘ ਭੁੱਲਰ, ਪ੍ਰਿੰ.ਗੁਰਚਰਨ ਸਿੰਘ ਸੰਧੂ, ਮੁਲਾਜ਼ਮ ਆਗੂ ਸੁੱਖਾ ਸਿੰਘ ਵਲਟੋਹਾ,ਡਾ. ਰਾਣੀ, ਪ੍ਰਿੰਸੀ.ਮਨਜੀਤ ਕੌਰ ਸਲਵਾਨ, ਹਰਮੀਤ ਆਰਟਿਸਟ, ਰਾਜ ਲੂਥਰਾ ਆਰਟਿਸਟ, ਵਿਕਰਾਂਤ ਸਿੰਘ ਸੰਧੂ, ਰਾਜਪਾਲ ਸਿੰਘ, ਰਾਜਬੀਰ ਕੌਰ ਗਰੇਵਾਲ, ਪ੍ਰੋ. ਮਧੂ ਭਾਸਕਰ, ਪੀ. ਐਸ. ਯੂ. ਦੇ ਸਾਬਕਾ ਪ੍ਰਧਾਨ ਮੁਖਤਾਰ ਸਿੰਘ ਝੰਡੇਰ, ਸਰਪੰਚ ਜੀਵਨ ਸਿੰਘ ਝੰਡੇਰ, ਸਤਨਾਮ ਸਿੰਘ ਪਾਖਰਪੁਰਾ, ਰਾਣਾ ਪ੍ਰਤਾਪ, ਰਸ਼ਪਿੰਦਰ ਕੌਰ ਗਿੱਲ, ਬਰਕਤ ਸਿੰਘ ਵੋਹਰਾ, ਪਰਸ਼ੋਤਮ ਸਿੰਘ ਪੱਟੀ, ਡਾ. ਹੀਰਾ ਸਿੰਘ, ਡਾ ਸੁਖਦੇਵ ਸਿੰਘ ਸੇਖੋਂ, ਕਮਲ ਨੈਨ ਸਿੰਘ, ਰਾਜਪਾਲ ਸਿੰਘ ਬਾਠ ਤੋਂ ਇਲਾਵਾ ਦੋ ਸੋ ਤੋਂ ਜ਼ਿਆਦਾ ਦੋਸਤਾਂ ਮਿੱਤਰਾਂ ਨੇ ਹਾਜ਼ਰੀ ਭਰੀ।



## ਚੇਅਰਮੈਨ ਬਹਿਲ ਨੇ ਇਤਿਹਾਸਕ ਸ਼ਿਵ ਮੰਦਰ 'ਚ ਕੀਤੀ ਸਰਬੱਤ ਦੇ ਭਲੇ ਦੀ ਅਰਦਾਸ

**ਗੁਰਦਾਸਪੁਰ, (ਜਨਕ ਮਹਾਜਨ)**-ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਆਪਣੇ ਪਰਿਵਾਰ ਅਤੇ ਸਾਥੀਆਂ ਸਮੇਤ ਕਲਾਨੌਰ ਵਿਖੇ ਭਗਵਾਨ ਸ਼ਿਵ ਜੀ ਦੇ ਇਤਿਹਾਸਿਕ ਮੰਦਿਰ ਵਿਖੇ ਨਤਮਸਤਕ ਹੋ ਕੇ ਭਗਵਾਨ ਸ਼ੰਕਰ ਦਾ ਆਸ਼ੀਰਵਾਦ ਲਿਆ। ਇਸ ਦੌਰਾਨ ਰਮਨ ਬਹਿਲ ਨੇ ਮੰਦਿਰ ਦੀ ਪ੍ਰਬੰਧਕ ਕਮੇਟੀ ਵਲੋਂ ਸ਼ਿਵਰਾਤਰੀ ਦੇ ਸਬੰਧ ਵਿਚ ਪਿਛਲੇ ਕਈ ਦਿਨਾਂ ਤੋਂ ਮੰਦਿਰ ਵਿਚ ਕਰਵਾਏ ਜਾ ਰਹੇ ਸਮਾਗਮਾਂ ਅਤੇ ਸ਼ਰਧਾਲੂਆਂ ਦੀ ਸਹੂਲਤ ਲਈ ਕੀਤੇ ਸੁਚੱਜੇ ਪ੍ਰਬੰਧਾਂ ਦੀ ਸ਼ਲਾਘਾ ਕੀਤੀ ਅਤੇ ਨਾਲ ਹੀ ਭਗਵਾਨ ਭੋਲੇਨਾਥ ਦੇ ਚਰਨਾਂ ਵਿਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਦੌਰਾਨ ਮੰਦਿਰ ਦੀ ਪ੍ਰਬੰਧਕ ਕਮੇਟੀ ਨੇ ਰਮਨ ਬਹਿਲ ਅਤੇ ਉਨਾਂ ਦੇ ਨਾਲ ਪਹੁੰਚੇ ਪਰਿਵਾਰਕ ਮੈਂਬਰਾਂ ਤੇ ਹੋਰ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਅਤੇ ਭਗਵਾਨ ਦਾ ਪ੍ਰਸ਼ਾਦ ਦਿੱਤਾ।

# ਪ੍ਰਿੰ. ਹਰਭਜਨ ਸਿੰਘ ਵਿਚਾਰ ਮੰਚ ਵੱਲੋਂ ਸਾਹਿਤਕ ਤੇ ਸੰਗੀਤਕ ਸਮਾਰੋਹ

**ਮਾਹਿਲਪੁਰ, (ਸਫਰੀ)**

ਸ੍ਰੀ ਗੁਰੂ ਗੋਬਿੰਦ ਖਾਲਸਾ ਕਾਲਜ ਮਾਹਿਲਪੁਰ ਦੇ ਬਾਨੀ ਪ੍ਰਿੰਸੀਪਲ ਹਰਭਜਨ ਸਿੰਘ ਦੀ ਇਸ ਵਿਦਿਅਕ ਸੰਸਥਾ ਨੂੰ ਦੇਣ ਨੂੰ ਸਮਰਪਿਤ ਕਰਕੇ ਬਣਾਏ ਪ੍ਰਿੰਸੀਪਲ ਹਰਭਜਨ ਸਿੰਘ ਵਿਚਾਰ ਮੰਚ ਵੱਲੋਂ ਕਾਲਜ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਦੇ ਸਹਿਯੋਗ ਨਾਲ ਗਦਰੀ ਬਾਬਾ ਹਰਜਾਪ ਸਿੰਘ ਮੈਮੋਰੀਅਲ ਕਨਵੈਨਸ਼ਨ ਹਾਲ ਵਿੱਚ ਕਰਵਾਇਆ ਸਾਲਾਨਾ ਸਾਹਿਤਕ ਅਤੇ ਸੰਗੀਤਕ ਸਮਾਰੋਹ ਅਮਿੱਟ ਪੈੜਾਂ ਛੱਡ ਗਿਆ। ਪ੍ਰਿੰ ਹਰਭਜਨ ਸਿੰਘ ਵਿਚਾਰ ਮੰਚ ਦੇ ਸੰਯੋਜਕ ਪ੍ਰੋ ਅਜੀਤ ਲੰਗੇਰੀ ਦੇ ਵਿਸ਼ੇਸ਼ ਉੱਦਮ ਅਤੇ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਦੇ ਸਾਂਝੇ ਯਤਨਾਂ ਨਾਲ ਕਰਵਾਏ ਇਸ ਸਮਾਰੋਹ



ਵਿੱਚ ਮੁੱਖ ਬੁਲਾਰੇ ਵੱਜੋਂ ਪੰਜਾਬੀ ਟ੍ਰਿਬਿਊਨ ਅਦਾਰੇ ਨਾਲ ਜੁੜੇ ਸੀਨੀਅਰ ਪੱਤਰਕਾਰ ਹਮੀਰ ਸਿੰਘ ਨੇ ਸ਼ਿਰਕਤ ਕੀਤੀ ਜਦਕਿ ਸਮਾਰੋਹ ਦੇ ਪ੍ਰਧਾਨਗੀ ਮੰਡਲ ਵਿੱਚ ਲੈਫਟੀਨੈਂਟ ਜਰਨਲ ਜੇ.ਐੱਸ. ਢਿੱਲੋਂ, ਖੇਡ ਪ੍ਰਮੋਟਰ ਕੁਲਵੰਤ ਸਿੰਘ ਸੰਘਾ, ਪ੍ਰਿੰ. ਡਾ ਪਰਵਿੰਦਰ ਸਿੰਘ, ਕੌਂਸਲ ਦੇ ਜਨਰਲ ਸਕੱਤਰ ਪ੍ਰੋ ਅਪਿੰਦਰ ਸਿੰਘ, ਸ਼ਮਿੰਦਰਜੀਤ ਸਿੰਘ ਬੈਂਸ, ਸੋਹਣ ਸਿੰਘ ਦਿਓ ਅਤੇ ਲੇਖਕ ਹਰਭਜਨ ਸਿੰਘ ਚੇੜਾ ਹਾਜ਼ਰ ਹੋਏ। ਸਮਾਰੋਹ ਦੇ ਆਰੰਭ ਮੌਕੇ ਪ੍ਰੋ ਅਜੀਤ ਲੰਗੇਰੀ ਨੇ ਪ੍ਰਿੰ ਹਰਭਜਨ ਸਿੰਘ ਵੱਲੋਂ ਖੇਡਾਂ ਅਤੇ ਸਿੱਖਿਆ ਦੇ ਖੇਤਰ ਨੂੰ ਪਾਏ ਯੋਗਦਾਨ ਬਾਰੇ ਵਿਚਾਰ ਰੱਖੇ ਅਤੇ ਵਿਚਾਰ ਮੰਚ ਨੂੰ ਹੋਰ ਪ੍ਰਫੁੱਲਿਤ ਕਰਨ ਸਬੰਧੀ ਹਰ ਤਰ੍ਹਾਂ ਦੇ ਸੁਝਾਅ ਅਤੇ ਸਹਿਯੋਗ ਦਾ ਸਵਾਗਤ ਕੀਤਾ। ਇਸ ਮੌਕੇ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਨੇ ਕਾਲਜ ਦੇ ਇਤਿਹਾਸ ਬਾਰੇ ਵਿਚਾਰ ਪੇਸ਼ ਕੀਤੇ। ਪੰਜਾਬੀ ਵਿਭਾਗ ਦੇ ਮੁੱਖੀ ਡਾ. ਜੇ ਬੀ ਸੇਖੋਂ ਨੇ ਵਿਦਿਆਰਥੀਆਂ ਦੀਆਂ ਅਕਾਦਮਿਕ, ਸਾਹਿਤਕ ਅਤੇ ਖੇਡ ਪ੍ਰਾਪਤੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਸਮਾਰੋਹ ਦੇ ਮੁੱਖ ਬੁਲਾਰੇ ਸੀਨੀਅਰ ਪੱਤਰਕਾਰ ਹਮੀਰ ਸਿੰਘ ਨੇ ਵਰਤਮਾਨ ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਬਾਰੇ ਗੰਭੀਰ ਚਰਚਾ ਕੀਤੀ। ਉਨ੍ਹਾਂ ਪੰਜਾਬ ਵਿਚਲੀ ਰਾਜਸੀ ਦਿਸ਼ਾਹੀਣਤਾ, ਵਿਦਿਆਰਥੀਆਂ ਦੇ ਬੇਲੋੜੇ ਪਰਵਾਸ, ਕਿਸਾਨੀ ਸੰਕਟ ਆਦਿ ਸਮੇਤ ਦੇਸ਼ ਅੰਦਰ ਪ੍ਰਗਟਾਵੇ ਦੀ ਆਜ਼ਾਦੀ ਦੇ ਦਮਨ ਅਤੇ ਜਮਹੂਰੀ ਸੰਸਥਾਵਾਂ ਦੀ ਕੀਤੀ ਜਾ ਰਹੀ ਭੰਨ ਤੋੜ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਪੰਜਾਬ ਦੇ ਸਿੱਖ ਇਤਿਹਾਸ ਦੀ ਨਾਬਰੀ ਅਤੇ ਹੋਰ ਲੋਕ ਪੱਖੀ ਲਹਿਰਾਂ ਤੋਂ ਸੇਧ ਲੈ ਕੇ ਲੋਕਾਂ ਨੂੰ ਚੰਗੇ ਸਮਾਜ ਦੀ ਸਿਰਜਣਾ ਦਾ ਸੱਦਾ ਦਿੱਤਾ। ਸਮਾਰੋਹ ਦੌਰਾਨ ਪ੍ਰਸਿੱਧ ਗੀਤਕਾਰ ਤੇ ਗਾਇਕ ਜਗਸੀਰ ਜੀਂਦਾ ਨੇ ਵਿਅੰਗਮਈ ਟੱਪਿਆਂ ਦੁਆਰਾ ਰਾਜਸੀ ਧਿਰਾਂ ਤੇ ਧਾਰਮਿਕ ਆਗੂਆਂ ਦੀ ਅਨੈਤਿਕਤਾ, ਭ੍ਰਿਸ਼ਟਾਚਾਰ ਆਦਿ ਸਮੇਤ ਅਨੇਕਾਂ ਸਮਾਜਿਕ ਚੁਣੌਤੀਆਂ 'ਤੇ ਚੋਟ ਕਰਦਿਆਂ ਸਰੋਤਿਆਂ ਦੀ ਵਾਹਵਾ ਖੱਟੀ। ਇਸ ਮੌਕੇ ਪ੍ਰਸਿੱਧ ਗਾਇਕ ਦੇਵ ਦਿਲਦਾਰ ਨੇ ਸੂਫੀ ਗਾਇਣ ਅਤੇ ਲੋਕ ਗਾਇਣ ਦੇ ਵੱਖ ਵੱਖ ਰੂਪਾਂ ਪੇਸ਼ ਕੀਤੇ ਅਤੇ ਹਾਜ਼ਰ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਸਮਾਰੋਹ ਦੌਰਾਨ ਹਰਭਜਨ ਸਿੰਘ ਚੇੜਾ ਦੇ ਸਾਹਿਤਕ ਯੋਗਦਾਨ ਬਾਰੇ ਹਰਮੀਤ ਅਟਵਾਲ ਵੱਲੋਂ ਸੰਪਾਦਿਤ ਪੁਸਤਕ ਨੂੰ ਲੋਕ ਅਰਪਣ ਕੀਤਾ ਗਿਆ। ਅੰਤ ਵਿੱਚ ਕਾਲਜ ਦੇ ਪ੍ਰਿੰ. ਡਾ ਪਰਵਿੰਦਰ ਸਿੰਘ ਨੇ ਧੰਨਵਾਦੀ ਸ਼ਬਦ ਸਾਂਝੇ ਕੀਤੇ। ਇਸ ਮੌਕੇ ਹਰਜੀਤ ਸਿੰਘ ਨਾਗਰਾ, ਕਮਲਜੀਤ ਸਿੰਘ ਕੈਨੇਡਾ, ਲਖਵੀਰ ਸਿੰਘ ਨਾਗਰਾ, ਰੌਸ਼ਨਜੀਤ ਸਿੰਘ ਪਨਾਮ, ਰਵਿੰਦਰ ਕੌਰ ਬੈਂਸ, ਪ੍ਰੋ ਦਲਵਿੰਦਰਜੀਤ ਕੌਰ, ਗੁਰਦੀਪ ਰੂਬੀ ਯੂਐੱਸਏ, ਬਲਵਿੰਦਰ ਬੱਬੂ, ਬੰਤ ਸਿੰਘ ਬੈਂਸ, ਪ੍ਰੀਤ ਨੀਤਪੁਰ, ਰੁਪਿੰਦਰਜੋਤ ਸਿੰਘ, ਪ੍ਰਿੰ ਬਲਵਿੰਦਰ ਕੌਰ, ਵਿਜੇ ਬੰਬੇਲੀ, ਪ੍ਰਿੰ ਸੁਰਿੰਦਰਪਾਲ ਪ੍ਰਦੇਸੀ, ਕੰਵਲਜੀਤ ਕੰਵਰ ਆਦਿ ਸਮੇਤ ਕਾਲਜ ਤੋਂ ਪੜ੍ਹੇ ਅਨੇਕ ਪੁਰਾਣੇ ਵਿਦਿਆਰਥੀ ਹਾਜ਼ਰ ਸਨ।

# ਬਾਬਾ ਵਡਭਾਗ ਸਿੰਘ ਦੀ ਯਾਦ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ



**ਮਜੀਠਾ (ਸੋਇਮ ਆਨੰਦ)**

ਹੋਲੇ ਮਹੱਲੇ ਨੂੰ ਸਮਰਪਿੰਤ ਬਾਬਾ ਵਡਭਾਗ ਸਿੰਘ ਪ੍ਰਬੰਧਕ ਕਮੇਟੀ ਮਜੀਠਾ ਦੇ ਮੁੱਖ ਸੇਵਾਦਾਰ ਬਾਬਾ ਬਲਦੇਵ ਸਿੰਘ ਦੀ ਅਗਵਾਈ ਹੇਠ ਸੰਗਤਾਂ ਦੇ ਸਹਿਯੋਗ ਨਾਲ ਮਜੀਠਾ ਵਿਖੇ ਨਗਰ ਕੀਰਤਨ ਸਜਾਇਆ ਗਿਆ ਜੋ ਗੁਰਦੁਆਰਾ ਬਾਬਾ ਜੀਵਨ ਸਿੰਘ ਸਬਜ਼ੀ ਮੰਡੀ ਮਜੀਠਾ ਤੋਂ ਸ਼ੁਰੂ ਹੋ ਕੇ ਮਜੀਠਾ ਦੇ ਬਜ਼ਾਰਾਂ ਵਿੱਚੋਂ ਦੀ ਹੁੰਦਾ ਹੋਇਆ ਫਿਰ ਗੁਰਦੁਆਰਾ ਬਾਬਾ ਜੀਵਨ ਸਿੰਘ ਵਿਖੇ ਸਮਾਪਤ ਹੋਇਆ।ਇਸ ਨਗਰ ਕੀਰਤਨ ਨੂੰ ਰਵਾਨਾ ਕਰਨ ਮੌਕੇ ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ, ਯੂਥ ਆਗੂ ਅਕਾਸ਼ਦੀਪ ਸਿੰਘ ਮਜੀਠਾ, ਕਾਂਗਰਸੀ ਕੌਂਸਲਰ ਪਰਮਜੀਤ ਸਿੰਘ ਪੰਮਾ ਤੇ ਕਾਂਗਰਸੀ ਆਗੂ ਜਗਦੀਪ ਸਿੰਘ ਗੋਗਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਨਗਰ ਕੀਰਤਨ ਦਾ ਮਜੀਠਾ ਦੇ ਬਜ਼ਾਰਾਂ ਵਿੱਚ ਸੰਗਤਾਂ ਵੱਲੋਂ ਚਾਹ ਪਕੌੜੇ ਤੇ ਲੰਗਰ ਲਗਾ ਕੇ ਨਿੱਘਾ ਸੁਆਗਤ ਕੀਤਾ ਗਿਆ।ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਵਲੋਂ ਸ਼ਬਦ ਗਾਇਨ ਕੀਤੇ ਗਏ।ਹਲਕਾ ਇੰਚਾਰਜ ਜੱਗਾ ਮਜੀਠਾ ਨੇ ਕਿਹਾ ਕਿ ਆਪਸੀ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਸਾਨੂੰ ਆਪਣੇ ਸਾਰੇ ਤਿਉਹਾਰ ਜਾਤ ਪਾਤ ਤੇ ਰਾਜਨੀਤਕ ਤੋਂ ਉੱਪਰ ਉੱਠ ਕੇ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ।ਇਸ ਮੌਕੇ ਜੱਗਾ ਮਜੀਠਾ ਨਾਲ ਅਕਾਸ਼ਦੀਪ ਸਿੰਘ, ਕਾਬਲ ਸਿੰਘ ਮਜੀਠਾ, ਪ੍ਰਿਤਪਾਲ ਸਿੰਘ ਬੱਲ ਮਜੀਠਾ, ਰੇਸ਼ਮ ਸਿੰਘ ਬੇਗੇਵਾਲ, ਰਾਜਬਲਵਿੰਦਰ ਸਿੰਘ ਮਜੀਠਾ, ਸਰਪੰਚ ਹਨੀ ਅਜੈਬਵਾਲੀ, ਜਗਦੀਪ ਸਿੰਘ ਗੋਗਾ, ਅਮਰਜੀਤ ਸਿੰਘ, ਮਨੋਹਰ ਲਾਲ, ਮੁਖਤਾਰ ਸਿੰਘ, ਜੈਪਾਲ ਮਹਾਜਨ, ਨਿਰਮਲ ਸਿੰਘ ਟਾਇਰਾਂ ਵਾਲਾ, ਗੁਲਸ਼ਨ ਮਜੀਠਾ, ਮਨਜੀਤ ਸਿੰਘ ਭੰਗੂ, ਬਚਿੱਤਰ ਸਿੰਘ ਲਾਲੀ, ਡਾ. ਗੁਰਦੀਪ ਸਿੰਘ, ਅਵਤਾਰ ਸਿੰਘ, ਬੌਬੀ ਟੈਲੀਕੌਮ, ਮਿੰਟੂ ਮਜੀਠਾ, ਰਮਨ ਦੇਵਗਨ, ਭੁਪਿੰਦਰ ਗੋਲਣ, ਅਨੂਪ ਸਿੰਘ, ਗੁਰਮੀਤ ਸਿੰਘ, ਬਾਬਾ ਬਿੱਟੂ, ਸਤਬੀਰ ਸਿੰਘ ਆਦਿ ਹਾਜ਼ਰ ਸਨ।

## ਹਲਦੀ ਉਤਪਾਦਕ ਸੁਲਤਾਨ ਸਿੰਘ ਭਿੰਡਰ ਦਾ ਸਨਮਾਨ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**—ਕ੍ਰਿਸ਼ੀ ਵਿਗਿਆਨ ਕੇਂਦਰ ਨਾਗ ਕਲਾਂ 'ਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਲੋਂ ਖੇਤੀ ਨਾਲ ਸਹਾਇਕ ਧੰਦਾ ਪਰਿਵਾਰ ਸੁਖੀ ਮੁਨਾਫਾ ਚੰਗਾ ਵਿਸ਼ੇ ਤਹਿਤ ਕਰਵਾਏ ਗਏ ਕਿਸਾਨ ਮੇਲੇ ਵਿੱਚ ਹਲਦੀ ਦੀ ਫਸਲ ਵਿੱਚ ਮੁਨਾਫਾ ਖੱਟਣ ਵਾਲੇ ਕਿਸਾਨ ਸੁਲਤਾਨ ਸਿੰਘ ਭਿੰਡਰ ਤਰਸਿੱਕਾ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਸਟਰ ਸੁਲਤਾਨ ਸਿੰਘ ਭਿੰਡਰ ਨੇ ਕਿਹਾ ਕਿ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਰਵਾਇਤੀ ਫਸਲਾਂ ਨੂੰ ਛੱਡ ਕੇ ਹੋਰ ਫਸਲਾਂ ਜਿਨ੍ਹਾਂ ਵਿੱਚ ਗੁੜ ਕੱਢਣਾ ਹਲਦੀ ਆਦਿ ਸ਼ਾਮਿਲ ਹਨ, ਦੀ ਖੇਤੀ ਨੂੰ ਤਰਜੀਹ ਦਿੱਤੀ ਜਾਵੇ। ਇਸ ਮੌਕੇ ਉਪ ਕੁਲਪਤੀ ਡਾ. ਸਤਿਬੀਰ ਸਿੰਘ ਗੋਸਲ, ਡਿਪਟੀ ਡਾਇਰੈਕਟਰ ਡਾ. ਕੇ. ਵੀ. ਕੇ. ਅਤੇ ਡਾ. ਬਿਕਰਮਜੀਤ ਸਿੰਘ ਉਚੇਚੇ ਤੌਰ 'ਤੇ ਹਾਜ਼ਰ ਸਨ।

ਨਵਾਂ ਜ਼ਮਾਨਾ
ਮੰਗਲਵਾਰ, 12 ਮਾਰਚ 2024

# ਬੇਥਵੀਆਂ ਦਲੀਲਾਂ

*1972 ਵਿਚ ਕਾਂਗਰਸ 'ਚ ਆਏ ਮੱਧ ਪ੍ਰਦੇਸ਼ ਦੇ 72 ਸਾਲਾ ਆਗੂ ਸੁਰੇਸ਼ ਪਚੌਰੀ ਪਿਛਲੇ ਦਿਨੀਂ ਇਹ ਕਹਿੰਦਿਆਂ ਭਾਜਪਾ 'ਚ ਸ਼ਾਮਲ ਹੋ ਗਏ ਕਿ ਕਾਂਗਰਸ ਨੂੰ ਅਯੁੱਧਿਆ ਦੇ ਰਾਮ ਮੰਦਰ 'ਚ ਰਾਮ ਲੱਲਾ ਦੇ ਪ੍ਰਾਣ ਪ੍ਰਤਿਸ਼ਠਾ ਸਮਾਗਮ 'ਚ ਸ਼ਾਮਲ ਹੋਣ ਦੇ ਸੱਦੇ ਨੂੰ ਠੁਕਰਾਉਣਾ ਨਹੀਂ ਚਾਹੀਦਾ ਸੀ। ਪਚੌਰੀ, ਜਿਹੜੇ ਬਿਨਾਂ ਕੋਈ ਚੋਣ ਲੜੇ 24 ਸਾਲ ਰਾਜ ਸਭਾ 'ਚ ਕਾਂਗਰਸ ਦੇ ਮੈਂਬਰ ਰਹਿਣ ਤੋਂ ਇਲਾਵਾ ਕੇਂਦਰੀ ਮੰਤਰੀ ਵੀ ਰਹੇ, ਨੇ ਇਹ ਨਹੀਂ ਸਪੱਸ਼ਟ ਕੀਤਾ ਕਿ ਕੀ ਆਰ ਐੱਸ ਐੱਸ-ਭਾਜਪਾ ਦੇ ਫਲਸਫੇ ਦਾ ਤਿੱਖਾ ਵਿਰੋਧ ਕਰਨ ਵਾਲੀ ਕਾਂਗਰਸ ਵਿਚ ਸਾਰੀ ਜ਼ਿੰਦਗੀ ਬਿਤਾਉਣ ਦਾ ਉਨ੍ਹਾ ਨੂੰ ਪਛਤਾਵਾ ਰਹੇਗਾ! ਪਚੌਰੀ ਵਾਂਗ ਗੁਜਰਾਤ ਦੇ ਪੁਰਾਣੇ ਕਾਂਗਰਸੀ ਆਗੂ ਅਰਜੁਨ ਮੋਧਵਾਡੀਆ ਵੀ ਪਿਛਲੇ ਦਿਨੀਂ ਭਾਜਪਾ 'ਚ ਸ਼ਾਮਲ ਹੋ ਗਏ। ਇਹ ਉਹੀ ਮੋਧਵਾਡੀਆ ਹਨ, ਜਿਹੜੇ ਗੁਜਰਾਤ ਕਾਂਗਰਸ ਦੇ ਪ੍ਰਧਾਨ ਹੁੰਦਿਆਂ ਵੇਲੇ ਦੇ ਮੁੱਖ ਮੰਤਰੀ ਨਰਿੰਦਰ ਮੋਦੀ 'ਤੇ ਤਿੱਖੇ ਹਮਲੇ ਕਰਦੇ ਹੁੰਦੇ ਸਨ। ਇਕ ਵਾਰ ਤਾਂ ਉਨ੍ਹਾ ਮੋਦੀ ਨੂੰ ਬਾਂਦਰ ਤੇ ਸਿਆਸੀ ਦਹਿਸ਼ਤਗਰਦ ਵੀ ਕਿਹਾ ਸੀ। ਮੋਧਵਾਡੀਆ ਨੇ ਵੀ ਭਾਜਪਾ ਵਿਚ ਸ਼ਾਮਲ ਹੋਣ ਦਾ ਪਚੌਰੀ ਵਾਲਾ ਬਹਾਨਾ ਹੀ ਲਾਇਆ ਕਿ ਕਾਂਗਰਸ ਨੇ ਰਾਮ ਲੱਲਾ ਦੇ ਸਮਾਗਮ 'ਚ ਨਾ ਜਾ ਕੇ ਚੰਗਾ ਨਹੀਂ ਕੀਤਾ।*

*ਪਚੌਰੀ ਤੇ ਮੋਧਵਾਡੀਆ ਵਰਗੇ ਹੰਢੇ ਹੋਏ ਸਿਆਸਤਦਾਨ ਜਿਓਤਿਰਾਦਿੱਤਿਆ ਸਿੰਧੀਆ, ਜਤਿਨ ਪ੍ਰਸਾਦ ਤੇ ਮਿਲਿੰਦ ਦਿਓੜਾ ਵਰਗੇ ਨੌਜਵਾਨ ਸਿਆਸਤਦਾਨਾਂ ਨਾਲੋਂ ਵੱਖਰੇ ਹਨ, ਕਿਉਂਕਿ ਨੌਜਵਾਨ ਸਿਆਸਤਦਾਨ ਸੱਤਾ ਦੇ ਆਨੰਦ ਬਿਨਾਂ ਨਹੀਂ ਰਹਿ ਸਕਦੇ ਸਨ। ਇਨ੍ਹਾਂ ਨੌਜਵਾਨ ਸਿਆਸਤਦਾਨਾਂ ਨੇ ਕਾਂਗਰਸ ਛੱਡਣ ਦਾ ਕਾਰਨ ਰਾਹੁਲ ਦੀ ਕੰਮ ਕਰਨ ਦੀ ਸ਼ੈਲੀ ਨੂੰ ਦੱਸਿਆ ਸੀ, ਪਰ ਹੰਢੇ ਹੋਏ ਸਿਆਸਤਦਾਨਾਂ ਨੇ ਵੀ ਲੋਕਾਂ ਨੂੰ ਇਹ ਦੱਸਣ ਦੀ ਹਿੰਮਤ ਨਹੀਂ ਕੀਤੀ ਕਿ ਉਨ੍ਹਾਂ ਦੇ ਕਾਂਗਰਸੀ ਵਿਚਾਰਧਾਰਾ ਤੋਂ ਉਲਟ ਵਿਚਾਰਧਾਰਾ ਵਾਲੀ ਪਾਰਟੀ ਵੱਲ ਪਲਟੀ ਮਾਰਨ ਦੇ ਕਿਹੜੇ ਵਿਚਾਰਧਾਰਕ ਕਾਰਨ ਸਨ।*

*ਉਂਜ ਤਾਂ ਕਾਂਗਰਸ ਦੋਫਾੜ ਹੁੰਦੀ ਆਈ ਹੈ ਤੇ ਵੱਡੇ-ਵੱਡੇ ਆਗੂ ਇਸ ਵਿੱਚੋਂ ਨਿਕਲਦੇ ਰਹੇ ਹਨ। 1969 ਵਿਚ ਵੱਡੀ ਦੋਫਾੜ ਇਸ ਕਰਕੇ ਹੋਈ ਸੀ ਕਿ ਕੁਝ ਸੀਨੀਅਰ ਆਗੂ ਇੰਦਰਾ ਗਾਂਧੀ ਨੂੰ ਨਿੱਜੀ ਤੌਰ 'ਤੇ ਨਾਪਸੰਦ ਕਰਦੇ ਸਨ। ਫਿਰ ਸ਼ਰਦ ਪਵਾਰ ਨੇ ਸੋਨੀਆ ਗਾਂਧੀ ਦੇ ਵਿਦੇਸ਼ੀ ਮੂਲ ਦੇ ਹੋਣ ਦਾ ਸਵਾਲ ਚੁੱਕਦਿਆਂ ਬਗਾਵਤ ਦੀ ਅਗਵਾਈ ਕੀਤੀ, ਪਰ ਇਨ੍ਹਾਂ ਵਿੱਚੋਂ ਕਿਸੇ ਨੇ ਆਨੰਦਦਾਇਕ ਸਿਆਸੀ ਕੈਰੀਅਰ ਲਈ ਆਰ ਐੱਸ ਐੱਸ ਦੇ ਫਲਸਫੇ ਨੂੰ ਨਹੀਂ ਅਪਣਾਇਆ।*

*ਪਾਰਟੀਆਂ ਬਦਲਣ ਲਈ ਜੱਚਵਾਂ ਸਿਆਸੀ ਤੇ ਵਿਚਾਰਧਾਰਕ ਕਾਰਨ ਨਾ ਦੱਸਣ ਨੇ ਵੋਟਰਾਂ ਪ੍ਰਤੀ ਜਵਾਬਦੇਹੀ ਦਾ ਸਵਾਲ ਲਗਭਗ ਦਫਨਾ ਦਿੱਤਾ ਹੈ। ਕਾਂਗਰਸ ਛੱਡਣ ਵਾਲਿਆਂ ਦੇ ਉਲਟ ਐਤਵਾਰ ਕਾਂਗਰਸ ਵਿਚ ਸ਼ਾਮਲ ਹੋਣ ਵਾਲੇ ਹਿਸਾਰ ਦੇ ਭਾਜਪਾ ਸਾਂਸਦ ਬ੍ਰਿਜੇਂਦਰ ਸਿੰਘ ਨੇ ਸਾਫ ਕਿਹਾ ਕਿ ਉਹ ਅਗਨੀਵੀਰ ਸਕੀਮ ਤੇ ਭਲਵਾਨਾਂ ਦੇ ਪ੍ਰੋਟੈੱਸਟ ਨਾਲ ਨਜਿੱਠਣ ਦੇ ਮੋਦੀ ਸਰਕਾਰ ਦੇ ਢੰਗ-ਤਰੀਕਿਆਂ ਤੋਂ ਖਫਾ ਸਨ। ਬ੍ਰਿਜੇਂਦਰ ਸਿੰਘ ਦੀ ਦਲੀਲ ਵਿਚ ਦਮ ਲੱਗਦਾ ਹੈ, ਕਿਉਂਕਿ ਅਗਨੀਵੀਰ ਸਕੀਮ ਤੇ ਭਲਵਾਨਾਂ ਦੇ ਮੁੱਦੇ ਨੇ ਕੁਝ ਰਾਜਾਂ ਦੇ ਜਾਟਾਂ ਵਿਚ ਸਖਤ ਗੁੱਸਾ ਪੈਦਾ ਕੀਤਾ ਹੈ। ਇੱਥੇ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਣ ਵਾਲੇ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਚਵਾਨ ਦੇ ਬਿਆਨ ਦਾ ਜ਼ਿਕਰ ਕਰਨਾ ਵੀ ਦਿਲਚਸਪੀ ਤੋਂ ਖਾਲੀ ਨਹੀਂ ਹੋਵੇਗਾ ਕਿ ਉਹ ਪ੍ਰਧਾਨ ਮੰਤਰੀ ਦੀ 'ਸਬਕਾ ਸਾਥ, ਸਬਕਾ ਵਿਕਾਸ' ਵਾਲੀ ਸਿਆਸਤ ਤੋਂ ਪ੍ਰਭਾਵਤ ਹੋਏ ਹਨ। ਚਵਾਨ ਨੇ ਵੀ ਇਹ ਨਹੀਂ ਦੱਸਿਆ ਕਿ ਜਿਸ ਪਾਰਟੀ ਨੇ ਉਨ੍ਹਾ ਦੇ ਪਿਤਾ ਐੱਸ ਬੀ ਚਵਾਨ ਨੂੰ ਕੇਂਦਰ ਵਿਚ ਗ੍ਰਹਿ ਮੰਤਰੀ ਤੇ ਉਨ੍ਹਾ ਨੂੰ ਮੁੱਖ ਮੰਤਰੀ ਬਣਾਇਆ, ਸਤਿਕਾਰ ਦੇਣ ਦੇ ਮਾਮਲੇ 'ਚ ਉਹ ਚੰਗੀ ਸੀ ਜਾਂ ਭਾਜਪਾ।*

# 'ਇਨਸਾਨੀ ਕਦਰਾਂ ਅਤੇ ਲੋਕ-ਪੱਖੀ ਵਿਕਾਸ' ਹੋਵੇ ਸੰਸਦੀ ਚੋਣ ਮੁੱਦਾ



ਡਾ. ਸੁਰਿੰਦਰ ਮੰਡ (ਪ੍ਰੋਫੈਸਰ)

ਇਕ ਪਾਸੇ ਭਾਜਪਾ ਦੀ ਅਗਵਾਈ ਵਾਲਾ ਜ਼ੋਰ ਜੁਗਾੜ ਨਾਲ ਬਣਾਇਆ 40 ਕੁ ਦੇ ਕਰੀਬ ਪਾਰਟੀਆਂ ਦਾ ਐੱਨ.ਡੀ.ਏ ਸਿਆਸੀ ਗਠਜੋੜ ਅਤੇ ਦੂਜੇ ਪਾਸੇ 25 ਕੁ ਵਿਰੋਧੀ ਪਾਰਟੀਆਂ ਦੇ 'ਇੰਡੀਆ' ਫਰੰਟ ਦਰਮਿਆਨ 2024 ਦੀ ਭਾਰਤੀ ਲੋਕ ਸਭਾ ਚੋਣ ਦਾ ਮੁੱਖ ਮੁਕਾਬਲਾ ਹੋ ਰਿਹਾ ਦਿਸਦਾ। ਇਸ ਸੱਚਾਈ ਦੇ ਹੁੰਦਿਆਂ ਮੋਦੀ ਖੇਮੇ ਵੱਲੋਂ 'ਏਕ ਅਕੇਲਾ ਸਭ ਪਰ ਭਾਰੀ' ਦਾ ਪ੍ਰਚਾਰ ਅਤੇ ਦਾਅਵਾ ਝੂਠ ਹੈ। ਢਾਣੀਬਾਜ਼ ਹੋਣਾ ਅੰਦਰੂਨੀ ਕਮਜ਼ੋਰੀ ਦੀ ਨਿਸ਼ਾਨੀ ਵੀ ਹੁੰਦੀ।

ਪੰਜਾਬ ਵਿਚ ਅਕਾਲੀ-ਭਾਜਪਾ ਗਠਜੋੜ ਵੀ ਤਕਰੀਬਨ ਮੁੜ ਕੇ ਫਿਰ ਹੋ ਚੁੱਕਾ , ਬਸ ਐਲਾਨਣ ਲਈ ਕਿਸਾਨ ਅੰਦੋਲਨ ਦੇ ਮੱਠਾ ਪੈਣ ਦੀ ਉਡੀਕ ਹੋ ਰਹੀ। ਜਿਵੇਂ ਪਹਿਲਾਂ ਮਹਾਂਰਾਸ਼ਟਰ ਦੀ ਸ਼ਿਵ ਸੈਨਾ, ਹਰਿਆਣੇ ਦੇ ਕੁਲਦੀਪ ਬਿਸ਼ਨੋਈ ਦੀ ਪਾਰਟੀ ਅਤੇ ਅਸਾਮ ਗਣ ਪ੍ਰੀਸ਼ਦ ਨੂੰ ਸਮਝੌਤੇ ਕਰਕੇ ਨਿਗਲ ਗਈ ਭਾਰਤੀ ਜਨਤਾ ਪਾਰਟੀ। ਠੀਕ ਓਸੇ ਤਰ੍ਹਾਂ ਅਕਾਲੀ ਦਲ, ਨਿਤੀਸ਼ ਦੀ ਜੇ.ਡੀ.ਯੂ, ਯੂ.ਪੀ ਦੇ ਜਯੰਤ ਚੌਧਰੀ ਅਤੇ ਕਰਨਾਟਕਾ ਵਿਚ ਦੇਵਗੌੜਾ ਦੀ ਪਾਰਟੀ ਨੂੰ ਨਿਗਲ ਜਾਣ ਵਾਲੀ ਭਾਜਪਾ ਦੀ ਰਣਨੀਤੀ ਜਾਪਦੀ। ਕੁੰਡੀ 'ਚ ਗੰਡੋਆ ਪਰੋ ਕੇ ਅੰਨਾ ਡੀ.ਐੱਮ.ਕੇ ਅਤੇ ਆਂਧਰਾ ਵਾਲੇ ਚੰਦਰ ਬਾਬੂ ਨਾਇਡੂ ਵੱਲ ਵੀ ਸੁੱਟਿਆ ਜਾ ਰਿਹਾ। ਜਿੱਤਣ ਲਈ ਕਿਸੇ ਤੋਂ ਵੀ ਪਰਹੇਜ਼ ਨਹੀਂ।

ਵੈਸੇ ਅਕਾਲੀ ਦਲ ਦੀ ਜਥੇਬੰਦੀ ਅਤੇ ਬਹੁਤੇ ਲੀਡਰਾਂ ਨੂੰ ਤਾਂ ਭਾਜਪਾ ਅੰਦਰੋਂ ਅੰਦਰੀ 25 ਸਾਲਾਂ 'ਚ ਖਾ ਚੁੱਕੀ ਹੈ, ਸਿਰਫ ਚਿਹਰੇ-ਮੋਹਰੇ ਤੋਂ ਹੀ ਜਾਪਦਾ ਅਕਾਲੀ ਦਲ। ਅਕਾਲੀ ਦਲ ਦੀ ਪੰਜਾਬੀ ਅਣਖ, ਤੜ੍ਹ, ਵਿਚਾਰਧਾਰਾ ਮੁਰਝਾ ਗਈ ਹੈ। ਸਿੱਖੀ, ਪੰਜਾਬੀਅਤ ਅਤੇ ਤਮਾਮ ਇਤਿਹਾਸਕ ਵਿਰਾਸਤ ਦੀ ਆਰ.ਐੱਸ.ਐੱਸ ਨੁਮਾ ਵਿਆਖਿਆ ਦਾ ਅਕਾਲੀ ਦਲ ਮੋਹਰਾ ਬਣ ਚੁੱਕਾ ਅਤੇ ਪਲੇਟਫਾਰਮ ਬਣ ਗਿਆ। ਮੌਜੂਦਾ ਸਮੇਂ ਭਾਜਪਾ ਨਾਲ ਸਮਝੌਤਾ ਅਕਾਲੀਆਂ ਦੇ ਬਚੇ-ਖੁਚੇ ਕਿਸਾਨੀ ਅਧਾਰ ਨੂੰ ਹੋਰ ਖੋਰੇਗਾ।

ਵਿਰੋਧੀ ਦਲਾਂ ਦੇ 'ਇੰਡਿਆ ਫਰੰਟ' ਨੇ ਜੇਕਰ ਸਿਆਸੀ ਲਚਕ ਤੇ ਫੁਰਤੀ ਸਿੱਖਣੀ ਤਾਂ ਮੋਦੀ ਹੁਰਾਂ ਤੋਂ ਸਿੱਖੇ। ਅਣਗੌਲੇ ਅਲੱਗ ਖੜੇ ਆਂਧਰਾ, ਉੜੀਸਾ ਕੋਲ 50 ਸੀਟਾਂ, ਰੈਡੀ ਤੇ ਪਟਨਾਇਕ ਕਿੰਗ ਮੇਕਰ ਹੋ ਸਕਦੇ। ਵੇਖੋ ਕੌਣ ਤੇ ਕਿਵੇਂ ਇਹਨਾਂ ਨੂੰ ਪਤਿਆਉਣ ਦੀ ਅਕਲਮੰਦੀ ਵਿਖਾਉਂਦਾ।

ਉਂਜ ਟੀ.ਵੀ 'ਤੇ ਬੜਾ ਧਮੱਚੜਾ ਸੁਣੀਂਦਾ ਕਿ ਫਿਰ ਮੋਦੀ ਸਰਕਾਰ ਆ ਰਹੀ, ਕਿਉਂਕਿ ਇਸ ਨੇ ਫਲਾਣੀ-ਫਲਾਣੀ ਇਮਾਰਤ ਬਣਾਤੀ, ਲੋਕੋ ਜਜ਼ਬਾਤੀ ਹੋ ਜੋ, ਹੋਰ ਕੁਛ ਨਾ ਸੋਚੋ। ਪਰ ਜਾਪਦਾ ਕਿ ਭਾਜਪਾ ਨੇ 200 ਸੀਟਾਂ ਦੇ ਆਸ-ਪਾਸ ਰਹਿਣਾ।

ਕਿਉਂਕਿ ਹਰੇਕ ਨੂੰ ਤਿੰਨ ਵੇਲੇ ਭੁੱਖ ਵੀ ਲੱਗਦੀ, ਮਹਿੰਗਾਈ ਨੇ ਲੱਕ ਤੋੜਿਆ ਪਿਆ, ਲੋਕਾਂ ਨੂੰ ਆਪਣੀ ਔਲਾਦ ਦੀ ਪੜ੍ਹਾਈ ਰੁਜ਼ਗਾਰ ਦੀ ਚਿੰਤਾ ਹੈ, ਬੇਇਲਾਜੇ ਮਰ ਰਹੇ ਨੇ, ਕਿਸਾਨੀ ਨੂੰ ਫਸਲਾਂ ਦਾ ਘੱਟੋ-ਘੱਟ ਭਾਅ ਦੇਣ ਨੂੰ ਵੀ ਸਰਕਾਰ ਤਿਆਰ ਨਹੀਂ, ਮਜ਼ਦੂਰ ਡੰਗੋ-ਡੰਗ ਖਾਣ, ਕਮਾਉਣ ਨੂੰ ਤਰਸ ਰਿਹਾ, ਜਿਉਣ ਜੋਗੀ ਬੁਢਾਪਾ ਪੈਨਸ਼ਨ ਕਿਸੇ ਦੇ ਏਜੰਡੇ ਉੱਤੇ ਨਹੀਂ, ਪੈਨਸ਼ਨ ਤਾਂ ਸਰਕਾਰੀ ਮੁਲਾਜ਼ਮਾਂ ਦੀ ਵੀ ਵਾਜਪਾਈ ਸਰਕਾਰ ਬੰਦ ਕਰ ਗਈ ਸੀ, 'ਅਗਨੀਵੀਰ' ਨਾਲ ਮੋਦੀ ਨੇ ਫੌਜ ਦਾ ਚਾਰਮ ਵੀ ਖਤਮ ਕਰਤਾ, ਨਿਰਾਸ਼ਾ ਵਿਚ ਬਹੁਤੀ ਪੜ੍ਹੀ-ਲਿਖੀ ਨੌਜਵਾਨੀ ਬਾਹਰ ਨੂੰ ਭੱਜ ਤੁਰੀ, ਮੰਦਭਾਗਾ ਬਰੇਨ ਡਰੇਨ।

ਦੇਸ਼ ਵਿਚ ਸਨਅਤੀਕਰਨ ਪਹਿਲੇ ਗੇਅਰ ਨੂੰ ਤਰਸ ਰਿਹਾ, ਖੇਤੀ ਅਧਾਰਤ ਜਾਂ ਰੁਜ਼ਗਾਰ-ਮੁਖੀ ਵਿਕਾਸ ਮਾਡਲ ਵੱਲ ਮੋਦੀ ਸਰਕਾਰ ਦੀ ਪਿੱਠ ਹੈ, ਵੱਡੇ ਕਾਰੋਬਾਰੀਆਂ ਤੋਂ ਚੋਣ ਫੰਡ ਲੈ ਕੇ ਉਹਨਾਂ ਨੂੰ ਗੱਫੇ, ਸਭ ਸਰਕਾਰੀ ਕੰਮ ਹਿੱਸਾ-ਪੱਤੀ ਲੈ ਕੇ ਠੇਕੇਦਾਰਾਂ ਹਵਾਲੇ, ਫਸਲੀ ਬੀਮਾ ਯੋਜਨਾ ਰਾਹੀਂ ਸਿੱਧੀ ਕਿਸਾਨੀ ਲੁੱਟ, ਮੰਡੀ ਤੰਤਰ ਉੱਤੇ ਆਪਣੇ ਬੇਲਗਾਮ ਵਪਾਰੀਆਂ ਦਾ ਕਬਜ਼ਾ, ਏਥੋਂ ਤੱਕ ਕਿ ਜਿਹੜੀ ਮੋਦੀ ਗੌਰਮਿੰਟ ਸਿਰਫ ਪੰਜ ਸਾਲ ਦੇਸ਼ ਚਲਾਉਣ ਲਈ ਚੁਣੀ, ਉਹ ਦੇਸ਼ ਦੇ ਸਭ ਅਹਿਮ ਸਰਕਾਰੀ ਅਦਾਰੇ ਹੀ ਆਪਣੇ ਬੇਲੀਆਂ ਨੂੰ ਵੇਚਣ ਦੇ ਰਾਹੇ ਪੈਗੀ, ਕੇਂਦਰ ਸਰਕਾਰ ਦੇ ਸਿਰ ਚੜ੍ਹੇ ਕਰਜ਼ੇ ਦਾ ਵਿਆਜ ਕੁੱਲ ਬੱਜਟ ਦਾ ਤੀਜਾ ਹਿੱਸਾ ਤੋਂ ਵੀ ਵੱਧ ਹੈ। 'ਤਰੱਕੀ' ਤਾਂ ਏਨੀ ਹੋ ਚੁੱਕੀ ਕਿ ਦੇਸ਼ ਦੇ 85 ਕਰੋੜ ਲੋਕ ਮਹੀਨੇ ਦਾ ਪੰਜ ਕਿੱਲੋ ਆਟਾ ਲੈਣ ਲਈ ਮੰਗਤਿਆਂ ਵਾਂਗ ਹਰ ਮਹੀਨੇ ਝੋਲੀ ਫੈਲਾਉਂਦੇ। ਬੀ.ਜੇ.ਪੀ ਦਾ ਆਪਣਾ ਸੀਨੀਅਰ ਐੱਮ.ਪੀ ਸੁਬਰਾਮਨੀਅਮ ਸਵਾਮੀ ਵਾਰ-ਵਾਰ ਇੰਟਰਵਿਊਆਂ ਦੇ ਰਿਹਾ ਕਿ "ਇਸ ਮੋਦੀ ਸਰਕਾਰ ਨੂੰ ਆਰਥਿਕਤਾ ਅਤੇ ਤਰੱਕੀ ਦਾ ਕੋਈ ਗਿਆਨ ਨਹੀਂ ਅਤੇ ਇਹ ਵਿਕਾਸ ਦੇ ਝੂਠੇ ਅੰਕੜੇ ਦੱਸ ਕੇ ਦੇਸ਼ ਨੂੰ ਗੁੰਮਰਾਹ ਕਰ ਰਹੀ ਹੈ"।

'ਵਿਕਾਸ' ਦਾ ਮਤਲਬ ਹੁੰਦਾ ਸਭ ਲੋਕਾਂ ਦੀ ਜ਼ਿੰਦਗੀ ਵਿਚ ਚੰਗੇ ਪਾਸੇ ਨੂੰ ਬਦਲਾਵ, ਆਹ ਨਹੀਂ ਜੋ ਸੁਣ ਰਹੇ ਆਂ ।

ਵੇਖੋ ਹੋਰ ਖਤਰਨਾਕ ਸੀਨ... ਸਰਕਾਰ ਅਤੇ ਉਸ ਦਾ ਮੀਡੀਆ ਲੋਕਾਂ ਦੀ ਜ਼ਿੰਦਗੀ ਨਾਲ ਜੁੜੇ ਗੰਭੀਰ ਅਸਲੀ ਮੁੱਦਿਆਂ ਦੀ ਵਿਚਾਰ ਚਰਚਾ ਜਾਂ ਫਿਕਰਮੰਦੀ ਕਰਨ ਦੀ ਬਜਾਏ, ਧਰਮ ਅਧਾਰਿਤ ਨਫਰਤੀ ਗੱਲਾਂ ਨੂੰ ਹਵਾ ਦੇ ਕੇ, ਬਹੁਗਿਣਤੀ ਭਾਈਚਾਰੇ ਨੂੰ ਉਕਸਾ ਡਰਾ ਕੇ ਨਾਲ ਜੋੜਨ ਅਤੇ ਵੋਟਾਂ ਲੈਣ ਨੂੰ ਹੀ ਆਪਣਾ ਮੂਲ ਏਜੰਡਾ ਬਣਾਈ ਬੈਠਾ ਹੈ, ਇੰਜ ਵਕਤੀ ਵੋਟ ਲਾਭ ਲਈ ਇਵੇਂ ਅੱਗ ਨਾਲ ਖੇਡ ਰਿਹਾ, ਜਿਵੇਂ ਮੁਲਕ ਦੇ ਵਕਾਰ ਅਤੇ ਅਮਨ-ਸ਼ਾਂਤੀ ਦਾ ਕੋਈ ਫਿਕਰ ਹੀ ਨਹੀਂ। ਚੋਣਾਂ ਤੱਕ ਰੱਬ ਸੁੱਖ ਰੱਖੇ, ਕਿਉਂਕਿ ਬਹੁਤ ਬੇਕਿਰਕ ਹੁੰਦੇ ਰਾਜ ਗੱਦੀ ਦੇ ਲਾਲਚੀ ਲੋਕ, ਇਨਸਾਨੀਅਤ ਤੋਂ ਲੱਖਾਂ ਕੋਹਾਂ ਦੂਰ। ਸਭ ਮਾਵਾਂ ਆਪਣੇ ਧੀਆਂ-ਪੁੱਤਾਂ ਦੀ ਖੈਰ ਮਨਾਉਣ। ਸਰਕਾਰ ਦਾ ਆਪਣਾ ਸਾਬਕਾ ਗਵਰਨਰ ਸਤਪਾਲ ਮਲਿਕ ਦੁਹਾਈ ਦੇ ਰਿਹਾ ਹੈ ਕਿ ਮੋਦੀ ਸਰਕਾਰ ਭਾਵੁਕ ਕਰਕੇ ਚੋਣ ਜਿੱਤਣ ਲਈ ਕੋਈ ਵੀ ਵੱਡੀ ਵਾਰਦਾਤ ਖੁਦ ਕਰਵਾ ਸਕਦੀ ਹੈ।

ਮਜ਼ਹਬਪ੍ਰਸਤੀ ਦਾ ਰੂਪ ਧਾਰ ਲੈਂਦੀ ਧਰਮ ਦੀ ਸੰਸਥਾ ਤਾਂ ਲੋਕਰਾਜ ਅਤੇ ਸਮਾਜ ਭਾਈਚਾਰੇ ਲਈ ਮੁਸੀਬਤ ਬਣ ਜਾਂਦੀ ਹੁੰਦੀ। 'ਧਰਮ' ਤਾਂ ਧਰਤੀ ਦੇ ਸਹਿਜ ਵਰਤਾਰੇ ਦੀ ਸਮਝ ਹੈ, ਜੋ ਪਿਆਰ 'ਚੋਂ ਜਨਮਦੀ। ਭੋਲੇ ਲੋਕਾਂ ਨੂੰ ਕੌਣ ਸਮਝਾਵੇ।

ਮੈਂ ਤਾਂ ਆਪਣੇ ਕੰਨੀ ਇਕ ਹਾਕਮ ਪਾਰਟੀ ਦੇ ਬੁਲਾਰੇ ਨੂੰ ਟੀ.ਵੀ ਬਹਿਸ ਵਿਚ ਬੋਲਦਿਆਂ ਵੀ ਸੁਣਿਆ। ਜਦ ਉਸ ਨੂੰ ਪੁੱਛਿਆ ਕਿ ਤੁਸੀਂ ਵਿਰੋਧੀ ਪਾਰਟੀਆਂ ਖਿਲਾਫ ਸਰਕਾਰੀ ਏਜੰਸੀਆਂ ਈ.ਡੀ, ਇਨਕਮ ਟੈਕਸ ਨੂੰ ਗ਼ਲਤ ਵਰਤਦੇ ਹੋ ਤਾਂ ਉਹ ਜਲਾਲ ਵਿਚ ਆ ਕੇ ਕਹਿੰਦਾ ਕਿ "ਅਸੀਂ ਕ੍ਰਿਸ਼ਨ ਦੇ ਪੈਰੋਕਾਰ ਪਾਂਡਵ ਹਾਂ, ਸਾਡਾ ਮੁਕਾਬਲਾ ਕੌਰਵਾਂ ਨਾਲ ਹੈ, ਅਸੀਂ ਇਹਨਾਂ ਨੂੰ ਹਰਾਉਣ ਲਈ ਸਾਮ ਦਾਮ ਦੰਡ ਭੇਦ ਝੂਠ ਛਲ ਕਪਟ ਸਭ ਕਰਾਂਗੇ, ਜਿਵੇਂ ਕ੍ਰਿਸ਼ਨ ਨੇ ਕੀਤਾ ਸੀ, ਇਹ ਜਾਇਜ਼ ਹੈ"।

ਇੰਜ ਤਾਂ ਸੰਵਿਧਾਨ ਹੀ ਖਤਰੇ ਵਿਚ ਲਗਦਾ ਹੈ। ਸਾਬਕਾ ਗਵਰਨਰ ਅਤੇ ਬੀ.ਜੇ.ਪੀ ਲੀਡਰ ਸਤਪਾਲ ਮਲਿਕ ਵਾਰ-ਵਾਰ ਕਹਿ ਰਿਹਾ ਹੈ ਕਿ "ਜੇ ਮੋਦੀ ਤੀਜੀ ਵਾਰ ਹੁਣ ਜਿੱਤ ਗਿਆ ਤਾਂ ਇਸ ਤੋਂ ਬਾਅਦ ਕੋਈ ਚੋਣ ਨਹੀਂ ਹੋਵੇਗੀ"। ਇਸ ਤੋਂ ਇਲਾਵਾ ਗੁੱਝਾ ਏਜੰਡਾ ਤਾਂ ਅਮਰੀਕਨ ਤਰਜ਼ ਉੱਤੇ ਰਾਸ਼ਟਰਪਤੀ ਪ੍ਰਣਾਲੀ ਲਿਆਉਣ ਦਾ ਵੀ ਝਾਉਲਾ ਜਿਹਾ ਪਾਉਂਦਾ ਹੈ, ਤਾਂ ਕਿ ਇਕ ਬੰਦਾ ਹੀ ਸਭ ਉੱਤੇ ਭਾਰੂ ਹੋਇਆ ਰਵ੍ਹੇ। ਮਨਸ਼ਾ ਤਾਂ ਇੰਗਲੈਂਡ-ਅਮਰੀਕਾ ਵਾਂਗ ਦੋ-ਪਾਰਟੀ ਸਿਸਟਮ ਬਣਾ ਦੇਣ ਦੀਆਂ ਗੋਂਦਾਂ ਗੁੰਦਣ ਦੀ ਵੀ ਲਗਦੀ ਤਾਂ ਕਿ ਅਦਲ-ਬਦਲ ਕੇ ਵੱਡੀਆਂ ਪਾਰਟੀਆਂ ਵਾਰੀ ਬੰਨ੍ਹ ਲੈਣ। ਸ਼ਾਇਦ ਤਾਹੀਓਂ ਫੈਡਰਲ ਢਾਂਚੇ ਨੂੰ ਲਗਾਤਾਰ ਕਮਜ਼ੋਰ ਕੀਤਾ ਜਾ ਰਿਹਾ ਤੇ ਕੇਂਦਰ ਨੂੰ ਅਸੀਮ ਤਾਕਤਾਂ ਦੇਣ ਵੱਲ ਰੁਝਾਨ ਹੈ। ਵੇਖਿਆ ਗਿਆ ਹੈ ਕਿ ਕਿਸੇ ਸਿਰਫਿਰੇ ਆਗੂ ਵਿਚ ਤਾਨਾਸ਼ਾਹੀ ਰੁਝਾਨ ਜਦ ਝੱਖੜ ਵਾਂਗ ਝੁੱਲਦਾ ਹੈ ਤਾਂ ਉਹ ਕੇਵਲ ਵਿਰੋਧੀਆਂ ਲਈ ਹੀ ਤਬਾਹੀ ਨਹੀਂ ਬਣਦਾ, ਸਗੋਂ ਆਪਣੇ ਸਿਰਕੱਢ ਸਾਥੀਆਂ ਨੂੰ ਵੀ ਰਗੜ ਸੁੱਟਦਾ ਹੈ। ਫਿਰ ਸਦੀਆਂ ਤੱਕ ਕਈ ਪੀੜ੍ਹੀਆਂ ਜ਼ਖਮ ਹੰਢਾਉਂਦੀਆਂ ਹਨ। ਏਸੇ ਲਈ ਜ਼ਰੂਰੀ ਹੈ ਕਿ ਜਾਗਰੂਕ ਲੋਕ ਕਦੀ ਕਿਸੇ ਬੰਦੇ ਨੂੰ ਮੁਲਕ ਧਰਮ ਨਾਲੋਂ ਵੱਡਾ ਹੋਣ ਦਾ ਭਰਮ ਨਾ ਪਾਲਣ ਦੇਣ।

ਰਾਜਨੀਤੀ ਬੁਰੀ ਨਹੀਂ, ਰਾਜਨੀਤੀ ਨੇ ਹੀ ਕਿਸੇ ਮੁਲਕ ਦੀ ਅਗਵਾਈ ਕਰਨੀ, ਤਰੱਕੀ ਨੂੰ ਦਿਸ਼ਾ ਦੇਣੀ ਹੈ। ਲੋੜ ਹੈ ਲੋਕਾਂ ਨੂੰ ਚੇਤੰਨ ਹੋਣ ਦੀ, ਆਪਣਾ ਭਲਾ-ਬੁਰਾ ਪਛਾਨਣ ਦੀ। ਲੋਕ ਲੀਡਰਾਂ ਨੂੰ ਆਖਣ ਭਾਈ ਸਾਡੀ ਖੁਸ਼ਹਾਲੀ ਦੀ ਗੱਲ ਕਰੋ, ਹੱਲ ਕਰੋ। ਪਾਠ ਪੂਜਾ ਅਸੀਂ ਆਪੇ ਜਿਵੇਂ ਜੀਅ ਕਰੂ ਕਰ ਲਵਾਂਗੇ, ਤੁਸੀਂ ਏਡੇ ਵਿਚੋਲੇ ਨਾ ਬਣੋ। ਰੱਬ ਲਈ ਸਭ ਇਕ ਬਰਾਬਰ ਨੇ।

**# ਸੰਪਰਕ : 94173-24543**

# ਡੇਰਾਵਾਦ ਦੀ ਪ੍ਰਫੁਲਤਾ ਲਈ ਕਮਜ਼ੋਰ ਮਾਨਸਿਕ ਸੋਚ ਤੇ ਸਿਆਸੀ ਨੇਤਾ ਜ਼ਿੰਮੇਵਾਰ

**ਅਜੀਤ ਖੰਨਾ**

ਅੱਜ ਦੇ ਵਿਗਿਆਨਕ ਤੇ ਕਮਰਸ਼ੀਅਲ ਯੁੱਗ ਵਿੱਚ ਲੋਕਾਂ ਅੰਦਰ ਅੰਧ-ਵਿਸ਼ਵਾਸ ਏਨਾ ਵਧੇਰੇ ਪੱਸਰ ਚੁੱਕਾ ਹੈ ਕਿ ਦੇਸ਼ ਦੀ ਅੱਧ ਤੋਂ ਵਧੇਰੇ ਆਬਾਦੀ ਇਨ੍ਹਾਂ ਬਾਬਿਆਂ ਦੇ ਚੱਕਰਾਂ ਵਿੱਚ ਫਸ ਕੇ ਉਲਝੀ ਬੈਠੀ ਹੈ। ਇਹੀ ਵਜ੍ਹਾ ਹੈ ਕਿ ਇਨ੍ਹਾਂ ਬਾਬਿਆਂ ਦੀ ਗਿਣਤੀ ਹਰ ਸੂਬੇ ਤੇ ਸ਼ਹਿਰ ਅੰਦਰ ਅਮਰ ਵੇਲ ਵਾਂਗ ਵਧਦੀ ਜਾ ਰਹੀ ਹੈ। ਅੰਧ-ਵਿਸ਼ਵਾਸ ਤੇ ਰਾਜਨੀਤਕ ਨੇਤਾਵਾਂ ਦੀ ਸਰਪ੍ਰਸਤੀ ਦੀ ਬਦੌਲਤ ਇਹ ਪਾਖੰਡੀ ਤੇ ਢੌਂਗੀ ਬਾਬੇ ਆਪਣਾ ਕਰੋੜਾਂ-ਅਰਬਾਂ ਦਾ ਸਾਮਰਾਜ ਸਥਾਪਤ ਕਰੀ ਬੈਠੇ ਹਨ। ਦੁੱਖਾਂ-ਕਲੇਸ਼ਾਂ ਵਿੱਚ ਘਿਰੀ ਜਨਤਾ ਇਨ੍ਹਾਂ ਬਾਬਿਆਂ ਦਾ ਸਹਾਰਾ ਲੈ ਕੇ ਆਪਣੇ ਜੀਵਨ ਨੂੰ ਸੁਖਦਾਇਕ ਤੇ ਅਨੰਦਮਈ ਬਣਾਉਣ ਦੀ ਲਾਲਸਾ 'ਚ ਜੋ ਕੁਝ ਪੱਲੇ ਹੁੰਦਾ ਹੈ, ਉਸ ਨੂੰ ਵੀ ਲੁਟਾ ਬੈਠਦੀ ਹੈ ਅਤੇ ਆਪਣਾ ਕੀਮਤੀ ਵਕਤ ਤੇ ਪੈਸਾ ਅਜਾਈਂ ਗਵਾ ਲੈਂਦੀ ਹੈ। ਇਹ ਪਾਖੰਡੀ ਸਾਧ ਲੋਕਾਂ ਦੀ ਕਮਜ਼ੋਰ ਮਾਨਸਿਕਤਾ ਦਾ ਲਾਭ ਉਠਾ ਕੇ ਆਪਣੇ ਡੇਰਿਆਂ ਨੂੰ ਪ੍ਰਫੁੱਲਤ ਕਰਨ ਵਿੱਚ ਤੇਜ਼ੀ ਨਾਲ ਪੁਲਾਂਘਾਂ ਪੁੱਟਣ ਲੱਗਦੇ ਹਨ। ਵੇਖਦੇ ਹੀ ਵੇਖਦੇ ਇਨ੍ਹਾਂ ਢੌਂਗੀ ਤੇ ਪਖੰਡੀ ਬਾਬਿਆਂ ਦਾ ਵਿਸ਼ਾਲ ਸਾਮਰਾਜ ਖੜ੍ਹਾ ਹੋ ਜਾਂਦਾ ਹੈ। ਆਮ ਤੇ ਭੋਲੀ-ਭਾਲੀ ਜਨਤਾ ਦਾ ਭਾਵੇਂ ਕੁਝ ਸੌਰੇ ਜਾਂ ਨਾ, ਪਰ ਇਨ੍ਹਾਂ ਬਾਬਿਆਂ ਦੀ ਜ਼ਿੰਦਗੀ ਐਸ਼ਪ੍ਰਸਤੀ ਵਾਲੀ ਅਤੇ ਵੀ.ਆਈ.ਪੀ ਵਾਲੀ ਬਣ ਜਾਂਦੀ ਹੈ।

ਇਹ ਬਾਬੇ ਲੋਕਾਂ ਦੀ ਹੱਕ-ਹਲਾਲ ਤੇ ਮਿਹਨਤ ਦੀ ਕਮਾਈ ਲੁੱਟ ਕੇ ਮਹਿੰਗੀਆਂ ਲਗਜ਼ਰੀ ਕਾਰਾਂ/ਗੱਡੀਆਂ ਤੇ ਸਰਕਾਰੀ ਗੰਨਮੈਨ ਲੈ ਕੇ ਸ਼ੋਸ਼ੇਬਾਜ਼ੀ ਕਰਨ ਦੇ ਨਾਲ-ਨਾਲ ਆਲੀਸ਼ਾਨ ਬੰਗਲਿਆਂ 'ਚ ਐਸ਼ੋ-ਇਸ਼ਰਤ ਦੀ ਜ਼ਿੰਦਗੀ ਬਤੀਤ ਕਰ ਰਹੇ ਹਨ। ਇਨ੍ਹਾਂ ਪਾਖੰਡੀ ਬਾਬਿਆਂ ਦੀ ਸੁਰੱਖਿਆ ਲਈ ਲਾਏ ਸੁਰੱਖਿਆ ਗਾਰਡਾਂ (ਸਰਕਾਰੀ ਪੁਲਸ ਮੁਲਾਜ਼ਮਾਂ) ਦੀ ਤਨਖਾਹ ਦਾ ਲੱਖਾਂ ਰੁਪਏ ਦਾ ਬੋਝ ਸਿੱਧਾ ਸਰਕਾਰੀ ਖਜ਼ਾਨੇ 'ਤੇ ਪੈ ਰਿਹਾ ਹੈ। ਜੇ ਮੋਟਾ ਜਿਹਾ ਹਿਸਾਬ ਲਾਇਆ ਜਾਵੇ ਤਾਂ ਇਕ ਪੁਲਸ ਸੁਰੱਖਿਆ ਕਰਮਚਾਰੀ ਦੀ ਤਨਖਾਹ ਘੱਟੋ-ਘੱਟ 60-70 ਹਜ਼ਾਰ ਰੁਪਏ ਮਹੀਨਾ ਹੈ। ਪੂਰੇ ਪੰਜਾਬ 'ਚ ਇਨ੍ਹਾਂ ਬਾਬਿਆਂ ਦੀ ਸੁਰੱਖਿਆ ਤੇ ਸੈਂਕੜੇ ਮੁਲਾਜ਼ਮ ਲੱਗੇ ਹੋਏ ਹਨ, ਜਿਸ ਦਾ ਸਿੱਧਾ ਮਤਲਬ ਹੈ ਕਿ ਇਨ੍ਹਾਂ ਬਾਬਿਆਂ ਦੀ ਸੁਰੱਖਿਆ ਉੱਤੇ ਕਰੋੜਾਂ ਰੁਪਏ ਸਰਕਾਰੀ ਖਜ਼ਾਨੇ 'ਚੋਂ ਖਰਚ ਕੀਤੇ ਜਾ ਰਹੇ ਹਨ, ਜਿਸ ਦਾ ਬੋਝ ਆਮ ਜਨਤਾ 'ਤੇ ਟੈਕਸਾਂ ਦੇ ਰੂਪ 'ਚ ਪੈ ਰਿਹਾ ਹੈ। ਭਲਾ ਕੋਈ ਪੁੱਛਣ ਵਾਲਾ ਹੋਵੇ ਕਿ ਇਨ੍ਹਾਂ ਬਾਬਿਆਂ ਨੂੰ ਕਿਸ ਤੋਂ ਖਤਰਾ ਹੈ ? ਇਨ੍ਹਾਂ ਦੀ ਸੁਰੱਖਿਆ ਲਈ ਕਿਉਂ ਸਰਕਾਰੀ ਖਜ਼ਾਨੇ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ ? ਹਾਂ, ਜੇ ਇਨ੍ਹਾਂ ਦੀ ਜਾਨ ਨੂੰ ਏਨਾ ਹੀ ਖਤਰਾ ਜਾਪਦਾ ਹੈ ਤਾਂ ਸੁਰੱਖਿਆ ਕਰਮਚਾਰੀਆਂ ਦੀਆਂ ਤਨਖਾਹਾਂ ਦਾ ਸਾਰਾ ਖਰਚਾ ਇਨ੍ਹਾਂ ਬਾਬਿਆਂ ਦੀਆਂ ਨਿੱਜੀ ਜੇਬਾਂ 'ਚੋਂ ਲਿਆ ਜਾਣਾ ਚਾਹੀਦਾ ਹੈ ਤਾਂ ਜੋ ਸਰਕਾਰੀ ਖਜ਼ਾਨੇ ਦੀ ਹੋ ਰਹੀ ਲੁੱਟ ਨੂੰ ਰੋਕਿਆ ਜਾ ਸਕੇ। ਬਹੁਤੇ ਬਾਬੇ ਤਾਂ ਸਿਰਫ ਸੁਰੱਖਿਆ ਲੈਣ ਲਈ ਹੀ ਆਪਣੇ-ਆਪ ਨੂੰ ਖਤਰਾ ਦੱਸ ਕੇ ਜਾਂ ਫਿਰ ਆਪਣੇ 'ਤੇ ਹਮਲੇ ਦਾ ਡਰਾਮਾ ਕਰਕੇ ਸੁਰੱਖਿਆ ਦੀ ਮੰਗ ਕਰ ਲੈਂਦੇ ਹਨ। ਫਿਰ ਆਪਣੇ ਇਨ੍ਹਾਂ ਸੁਰੱਖਿਆ ਗਾਰਡਾਂ ਦੀ ਆੜ 'ਚ ਇਹ ਬਾਬੇ ਸਰਕਾਰੇ-ਦਰਬਾਰੇ ਰੋਹਬ ਝਾੜਦੇ ਹਨ ਅਤੇ ਅਫਸਰਾਂ ਤੋਂ ਜਾਇਜ਼-ਨਜਾਇਜ਼ ਕੰਮ ਕਰਵਾਉਣ 'ਚ ਕਾਮਯਾਬ ਹੋ ਜਾਂਦੇ ਹਨ।

ਇਨ੍ਹਾਂ ਬਾਬਿਆਂ ਵੱਲੋਂ ਬਹੁਤੇ ਥਾਂਈਂ ਸਰਕਾਰੀ ਤੇ ਗੈਰ-ਸਰਕਾਰੀ ਥਾਂਵਾਂ 'ਤੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ। ਜਿੱਥੇ ਨਜਾਇਜ਼ ਉਸਾਰੀਆਂ ਕਰਕੇ ਆਪਣੀ ਕਮਾਈ ਦਾ ਸਾਧਨ ਬਣਾਇਆ ਹੋਇਆ ਹੈ, ਪਰ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਮੇਰੇ ਆਂਢ-ਗੁਆਂਢ 'ਚ ਅਜਿਹੇ ਕਈ ਸਥਾਨ ਹਨ, ਜਿੱਥੇ ਇਨ੍ਹਾਂ ਪਾਖੰਡੀ ਬਾਬਿਆਂ ਵੱਲੋਂ ਸਰਕਾਰੀ ਜ਼ਮੀਨਾਂ 'ਤੇ ਨਜਾਇਜ਼ ਕਬਜ਼ੇ ਕਰਕੇ ਆਪਣੀਆਂ ਦੁਕਾਨਦਾਰੀਆਂ ਖੋਲ੍ਹੀਆਂ ਹੋਈਆਂ ਹਨ।

ਧਰਮ ਦੇ ਨਾਂਅ 'ਤੇ ਦੁਕਾਨਾਂ ਚਲਾ ਰਹੇ ਇਹ ਢੌਂਗੀ ਬਾਬੇ ਆਪਣੇ-ਆਪਣੇ ਡੇਰਿਆਂ ਨੂੰ ਵਧਦਾ-ਫੁੱਲਦਾ ਕਰਨ ਲਈ ਜਿੱਥੇ ਸਿਆਸੀ ਲੋਕਾਂ ਦਾ ਸਹਾਰਾ ਲੈਂਦੇ ਹਨ, ਉਥੇ ਇਨ੍ਹਾਂ ਬਾਬਿਆਂ ਨੂੰ ਪ੍ਰਫੁਲਤ ਕਰਨ 'ਚ ਮੀਡੀਏ ਦਾ ਵੀ ਕੁਝ ਨਾ ਕੁਝ ਰੋਲ ਜ਼ਰੂਰ ਹੈ, ਕਿਉਂਕਿ ਇਹ ਬਾਬੇ ਵੱਡੇ-ਵੱਡੇ ਇਸ਼ਤਿਹਾਰਾਂ ਰਾਹੀਂ ਲੋਕਾਂ ਨੂੰ ਆਪਣੇ ਵੱਲ ਖਿੱਚਦੇ ਹਨ। ਇਹ ਬਾਬੇ ਅਖਬਾਰਾਂ, ਟੀ ਵੀ ਚੈਨਲਾਂ ਤੇ ਸੋਸ਼ਲ ਮੀਡੀਆ ਦੇ ਜ਼ਰੀਏ ਆਪਣੇ-ਆਪ ਨੂੰ ਅਤੇ ਆਪਣੇ ਡੇਰੇ ਦਾ ਪ੍ਰਚਾਰ ਕਰਨ ਵਾਸਤੇ ਰੱਜ ਕੇ ਇਸ਼ਤਿਹਾਰ ਤੇ ਖਬਰਾਂ ਦਿੰਦੇ ਹਨ ਤਾਂ ਜੋ ਲੋਕਾਂ ਦੀ ਗਿਣਤੀ ਨੂੰ ਵਧਾਇਆ ਜਾ ਸਕੇ ਤੇ ਸਿਆਸੀ ਲੋਕਾਂ ਨੂੰ ਲੱਗੇ ਕਿ ਉਨ੍ਹਾਂ (ਬਾਬੇ) ਮਗਰ ਤਾਂ ਵੋਟ ਬੈਂਕ ਹੀ ਬਹੁਤ ਜ਼ਿਆਦਾ ਹੈ। ਬਹੁਤ ਸਾਰੇ ਬਾਬਿਆਂ ਵੱਲੋਂ ਤਾਂ ਆਪਣੇ ਖੁਦ ਦੇ ਟੀ ਵੀ ਚੈਨਲ ਚਲਾਏ ਹੋਏ ਹਨ, ਜਿਥੇ 24 ਘੰਟੇ ਉਨ੍ਹਾ ਦਾ ਹੀ ਪ੍ਰਚਾਰ ਚਲਦਾ ਰਹਿੰਦਾ ਹੈ। ਧਰਮ ਦੇ ਇਹ ਠੇਕੇਦਾਰ ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾ ਕੇ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਦੇ ਹਨ। ਮੇਰੇ ਘਰ ਤੋਂ ਇੱਕ ਕਿਲੋਮੀਟਰ ਦੇ ਘੇਰੇ 'ਚ ਇੰਨੇ ਸਕੂਲ ਨਹੀਂ, ਜਿੰਨੀਆਂ ਇਹ ਬਾਬਿਆਂ ਵੱਲੋਂ ਦੁਕਾਨਦਾਰੀਆਂ ਚਲਾਈਆਂ ਜਾ ਰਹੀਆਂ ਹਨ।

ਰਾਜਨੀਤਕ ਲੋਕਾਂ ਨੂੰ ਵੀ ਸੋਚਣ ਦੀ ਲੋੜ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਇਹ ਬਾਬੇ ਸਿੱਧੇ ਰੂਪ ਵਿੱਚ ਰਾਜਨੀਤੀ ਵਿੱਚ ਪ੍ਰਵੇਸ਼ ਕਰਕੇ ਚੋਣ ਲੜਿਆ ਕਰਨਗੇ। ਇਹ ਗੱਲ ਵੀ ਕਿਸੇ ਤੋਂ ਲੁਕੀ-ਛਿਪੀ ਨਹੀਂ ਕਿ ਇਨ੍ਹਾਂ ਬਾਬਿਆਂ ਵਿੱਚੋਂ ਬਹੁਤ ਸਾਰੇ ਬਾਬੇ ਵੱਖ-ਵੱਖ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਹਨ। ਕਈ ਤਾਂ ਮਾਨਯੋਗ ਅਦਾਲਤਾਂ ਵੱਲੋਂ ਅਪਰਾਧ ਸਾਬਤ ਹੋਣ ਮਗਰੋਂ ਸਲਾਖਾਂ ਪਿੱਛੇ ਸਜ਼ਾ ਵੀ ਭੁਗਤ ਰਹੇ ਹਨ। ਇੱਕ ਹੋਰ ਵੱਡੀ ਗੱਲ ਇਹ ਵੀ ਵੇਖਣ ਨੂੰ ਮਿਲ ਰਹੀ ਹੈ ਕਿ ਬਹੁਤ ਸਾਰੇ ਪੜ੍ਹੇ-ਲਿਖੇ ਲੋਕ ਵੀ ਇਨ੍ਹਾਂ ਬਾਬਿਆਂ ਮਗਰ ਲੱਗੇ ਹੋਏ ਹਨ, ਜੋ ਨਿਰੋਏ ਸਮਾਜ ਵਾਸਤੇ ਸ਼ੁੱਭ ਸੰਕੇਤ ਨਹੀਂ। ਫਿਰ ਜ਼ਿਆਦਾਤਰ ਬਾਬੇ-ਬਾਬਿਆਂ ਦੀਆਂ ਕਾਲੀਆਂ ਕਰਤੂਤਾਂ ਅਤੇ ਉਨ੍ਹਾਂ ਦਾ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਹੋਣਾ ਬਾਬਾਵਾਦ ਸਮਾਜ 'ਤੇ ਸਵਾਲੀਆ ਚਿੰਨ੍ਹ ਲਾਉਂਦਾ ਹੈ ? ਹਾਲਾਂ ਅਜਿਹੇ ਢੌਂਗੀ ਬਾਬਿਆਂ ਦੇ ਚਿਹਰਿਆਂ ਤੋਂ ਨਕਾਬ ਲਾਹੁਣ ਲਈ ਅਨੇਕਾਂ ਵਾਰ ਕੋਸ਼ਿਸ਼ ਕੀਤੀਆਂ ਗਈਆਂ ਹਨ, ਜਿਨ੍ਹਾਂ ਨੂੰ ਚੰਗਾ ਬੂਰ ਵੀ ਪਿਆ। ਪਰ ਦੂਜੇ ਪਾਸੇ ਇਹ ਵੀ ਜ਼ਰੂਰੀ ਹੈ ਕਿ ਲੋਕਾਂ ਨੂੰ ਆਪਣੀ ਮਾਨਸਿਕ ਸੋਚ ਨੂੰ ਬਦਲਣਾ ਪਵੇਗਾ, ਇਨ੍ਹਾਂ ਬਾਬਿਆਂ ਦੇ ਮਗਰ ਲੱਗ ਕੇ ਪੈਸਾ ਤੇ ਸਮਾਂ ਖਰਾਬ ਕਰਨ ਦੀ ਬਜਾਏ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਰਮਾਤਮਾ ਬਾਰੇ ਵਿਚਾਰ ਕਿ ਪਰਮਾਤਮਾ ਇੱਕ ਹੈ, ਸਰਬ ਸ਼ਕਤੀਮਾਨ ਹੈ, ਸਰਬ ਵਿਆਪਕ ਹੈ, ਵਿੱਚ ਦ੍ਰਿੜ੍ਹ ਵਿਸ਼ਵਾਸ ਕਰਨਾ ਪਵੇਗਾ। ਨਹੀਂ ਤਾਂ ਡੇਰਾਵਾਦ ਵਧਦਾ-ਫੁੱਲਦਾ ਰਹੇਗਾ ਤੇ ਇਹ ਬਾਬੇ ਏਸੇ ਤਰ੍ਹਾਂ ਲੋਕਾਂ ਨੂੰ ਲੁੱਟਦੇ ਰਹਿਣਗੇ।

ਸੋ ਲੋੜ ਹੈ ਇਨ੍ਹਾਂ ਬਾਬਿਆਂ ਮਗਰ ਲੱਗਣ ਦੀ ਬਜਾਏ, ਮਾਨਸਕ ਸ਼ਕਤੀ ਤੇ ਸੋਚ ਨੂੰ ਤਕੜਾ ਕਰਕੇ ਆਪਣੀਆਂ ਸਮੱਸਿਆਵਾਂ ਦਾ ਖ਼ੁਦ ਨਿਪਟਾਰਾ ਕਰਨ ਦੀ, ਤਾਂ ਜੋ ਇਨ੍ਹਾਂ ਢੌਂਗੀ ਬਾਬਿਆਂ ਵੱਲੋਂ ਕੀਤੀ ਜਾ ਰਹੀ ਲੁੱਟ-ਕਸੁੱਟ ਤੋਂ ਬਚਿਆ ਜਾ ਸਕੇ। ਇਸ ਤੋਂ ਬਿਨਾਂ ਸਾਡੇ ਰਾਜਨੀਤਕ ਆਗੂਆਂ ਨੂੰ ਵੀ ਇਨ੍ਹਾਂ ਢੌਂਗੀ ਤੇ ਪਖੰਡੀ ਬਾਬਿਆਂ ਮਗਰ ਲੱਗਣ ਦੀ ਥਾਂ ਲੋਕ ਸੇਵਾ ਕਰਕੇ ਲੋਕਾਂ ਨੂੰ ਆਪਣੇ ਨਾਲ ਜੋੜਨ ਦੀ ਵਧੇਰੇ ਲੋੜ ਹੈ, ਤਾਂ ਜੋ ਨਿਰੋਏ ਸਮਾਜ ਦੀ ਸਿਰਜਣਾ ਹੋ ਸਕੇ।

**ਸੰਪਰਕ: 85448-54669**

# ਕਿਰਦਾਰ ਵਿਹੂਣੀ ਸਿਆਸਤ ਦਾ ਬੋਲ-ਬਾਲਾ



ਚੰਦਰਪਾਲ ਅੱਤਰੀ

ਸਾਲ 2024 ਦੀਆਂ ਆਮ ਚੋਣਾਂ ਲਈ ਸਰਗਰਮੀਆਂ ਸ਼ੁਰੂ ਹੋ ਚੁੱਕੀਆਂ ਹਨ।ਸਭ ਸਿਆਸੀ ਪਾਰਟੀਆਂ ਆਪੋ-ਆਪਣੀ ਸਿਆਸੀ ਸਥਿਤੀ ਸੁਧਾਰਨ ਤੇ ਕਾਇਮ ਰੱਖਣ ਲਈ ਚਾਰਾਜੋਈ ਕਰ ਰਹੀਆਂ ਹਨ, ਪਰ ਇਸ ਸਾਰੇ ਅਮਲ ਦੌਰਾਨ ਕਿਰਦਾਰ ਹਰ ਪਾਸੇ ਗਾਇਬ ਹੈ।ਆਪਣੇ ਇਸ ਆਰਟੀਕਲ ਵਿੱਚ ਅਸੀਂ ਦੇਸ਼ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਕਿਰਦਾਰ ਵਿੱਚ ਆ ਰਹੇ ਨਿਘਾਰ 'ਤੇ ਪਾਏ ਜਾ ਰਹੇ ਭੰਬਲਭੂਸਿਆਂ ਬਾਰੇ ਗੱਲ ਕਰਾਂਗੇ।ਦੇਸ਼ ਵਿੱਚ ਇਸ ਸਮੇਂ ਭਾਜਪਾ ਦੀ ਤੂਤੀ ਬੋਲ ਰਹੀ ਹੈ।ਇਸ ਲਈ ਸਭ ਤੋਂ ਪਹਿਲਾਂ ਆਰਟੀਕਲ ਵਿੱਚ ਭਾਜਪਾ ਦਾ ਹੀ ਜ਼ਿਕਰ ਕਰਾਂਗੇ।ਸਾਹਮਣੇ ਆ ਰਹੀਆਂ ਖ਼ਬਰਾਂ ਮੁਤਾਬਕ ਹਰ ਥਾਂ ਭਾਜਪਾ ਦੀ ਬਜਾਇ ਸਿਰਫ ਆਪਣਾ ਨਾਂਅ ਅੱਗੇ ਰੱਖਣ ਵਾਲੇ ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤਾਂ ਇਸ ਵਾਰ ਇੱਕ ਪਲਾਨ ਵਿੱਚ ਤਿੰਨ ਵਾਰ ਗਠਜੋੜ ਬਦਲਣ ਵਾਲੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੂੰ ਵੀ ਜੱਫੀ ਪਾ ਚੁੱਕੇ ਹਨ ।ਕਿਰਦਾਰ ਵਿਹੂਣੇ ਕਾਂਗਰਸੀਆਂ ਨੂੰ ਆਪਣੇ ਵੱਲ ਖਿੱਚਣ ਵਿੱਚ ਵੀ ਭਾਜਪਾ ਕੋਈ ਕਿਰਦਾਰ ਕਾਇਮ ਨਹੀਂ ਰੱਖ ਰਹੀ, ਜਦਕਿ ਕਿਸੇ ਵੇਲੇ ਉਹ ਖੁਦ ਦੀ ਵੱਖਰੀ ਪਹਿਚਾਣ ਰੱਖਣ ਤੇ ਕਾਂਗਰਸੀਆਂ ਨੂੰ ਪਤਾ ਨਹੀਂ ਕੀ-ਕੀ ਆਖਦੀ ਨਹੀਂ ਥੱਕਦੀ ਸੀ।

ਭਾਜਪਾ ਦੀ ਹਾਲਤ ਇਸ ਸਮੇਂ ਇਹ ਹੈ ਕਿ ਉਸ ਕੋਲ ਜੋ ਮਰਜ਼ੀ ਆ ਜਾਵੇ, ਉਹ ਸਭ ਉਸ ਦੀ ਪਾਰਟੀ ਵਿੱਚ ਹਜ਼ਮ ਹੈ ।ਰਾਮ ਰਾਜ ਦੇ ਦਾਅਵੇ ਕਰਨ ਵਾਲੀ ਪਾਰਟੀ ਨੇ ਚੰਡੀਗੜ੍ਹ ਮੇਅਰ ਚੋਣਾਂ ਵਿੱਚ ਤਾਂ ਧੱਕੇਸ਼ਾਹੀ ਦਾ ਰਿਕਾਰਡ ਹੀ ਤੋੜ ਦਿੱਤਾ ਸੀ।ਇਹ ਤਾਂ ਸੁਪਰੀਮ ਕੋਰਟ ਦਾ ਭਲਾ ਹੋਵੇ ਕਿ ਉਸ ਨੇ ਇਸ ਸਾਰੀ ਧੱਕੇਸ਼ਾਹੀ ਦੀਆਂ ਧੱਜੀਆਂ ਉਡਾ ਦਿੱਤੀਆਂ ।ਭਾਜਪਾ ਵੱਲੋਂ ਸੰਵਿਧਾਨ ਦੀ ਉਲੰਘਣਾ ਦੇ ਮਾਮਲੇ ਵਿੱਚ ਵੀ ਰਿਕਾਰਡ ਦਰ ਰਿਕਾਰਡ ਤੋੜੇ ਜਾ ਰਹੇ ਹਨ।ਦੁਨੀਆ ਨੂੰ ਬਹੁਤ ਕੁੱਝ ਦੇਣ ਵਾਲੀ ਧਰਮ ਨਿਰਪੱਖਤਾ ਨੂੰ ਪੂਰੀ ਤਰ੍ਹਾਂ ਮਧੋਲਿਆ ਜਾ ਰਿਹਾ ਹੈ।ਇੱਕ ਰਾਜਾ, ਇੱਕ ਚੁਣਿਆ ਹੋਇਆ ਨੁਮਾਇੰਦਾ ਤੇ ਇੱਕ ਸਰਕਾਰੀ ਮੁਲਾਜ਼ਮ, ਜਿਸ ਨੇ ਸੰਵਿਧਾਨ ਦੀ ਪਾਲਣਾ ਦੀ ਸਹੁੰ ਖਾਧੀ ਹੈ, ਉਹ ਸਰਕਾਰੀ ਤੌਰ ਉਤੇ ਕਿਸੇ ਇੱਕ ਧਰਮ ਨਾਲ ਕਿਵੇਂ ਖੜ੍ਹ ਸਕਦਾ ਹੈ ? ਹਾਲਾਂਕਿ ਅਸੀਂ ਇਹ ਵੀ ਨਹੀਂ ਕਹਿੰਦੇ ਕਿ ਉਹ ਧਰਮ ਨੂੰ ਮੰਨੇ ਹੀ ਨਾ ।ਕੋਈ ਵੀ ਆਦਮੀ ਧਰਮ ਨੂੰ ਦਿਲ ਖੋਲ੍ਹ ਕੇ ਮੰਨ ਸਕਦਾ ਹੈ, ਕਿਉਂਕਿ ਇਹ ਉਸ ਦਾ ਨਿੱਜੀ ਮਾਮਲਾ ਹੈ, ਪਰ ਜੇ ਉਹ ਧਰਮ ਨੂੰ ਵੋਟਾਂ ਹਾਸਲ ਕਰਨ ਲਈ ਵਰਤੇ ਜਾਂ ਸਟੇਜ ਉਤੇ ਲਿਆਵੇ ਤਾਂ ਫਿਰ ਉਸ ਦਾ ਵਿਰੋਧ ਕਿਉਂ ਨਾ ਹੋਵੇ ? ਇਸ ਤੋਂ ਇਲਾਵਾ ਕੇਂਦਰ ਸਰਕਾਰ ਦੂਜੀ ਪਾਰਟੀ ਦੇ ਸੂਬਿਆਂ ਵਾਲੀਆਂ ਸਰਕਾਰਾਂ ਦੀ ਮਦਦ ਕਰਨ ਦੇ ਮਾਮਲੇ ਵਿਚ ਵੀ ਸਿਆਸਤ ਨੂੰ ਹੀ ਤਰਜੀਹ ਦੇ ਰਹੀ ਹੈ।ਜੇ ਕਿਸੇ ਸੂਬੇ ਵਿੱਚ ਉਨ੍ਹਾਂ ਦੀ ਆਪਣੀ ਪਾਰਟੀ ਵਾਲੀ ਸਰਕਾਰ ਹੈ ਤਾਂ ਦਿਲ ਖੋਲ੍ਹ ਕੇ ਫੰਡ ਦਿੱਤੇ ਜਾ ਰਹੇ ਹਨ, ਜਦਕਿ ਜੇ ਕਿਸੇ ਸੂਬੇ ਵਿੱਚ ਦੂਜੀ ਪਾਰਟੀ ਦੀ ਸਰਕਾਰ ਹੈ ਤਾਂ ਉਸ ਨੂੰ ਫੰਡਾਂ ਦੇ ਮਾਮਲੇ ਵਿੱਚ ਬਹੁਤ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।ਇੱਕ ਪਾਸੇ 'ਸਬਕਾ ਸਾਥ ਤੇ ਸਬਕਾ ਵਿਕਾਸ' ਦੇ ਫੋਕੇ ਦਾਅਵੇ ਹਨ ਤੇ ਦੂਜੇ ਪਾਸੇ ਐਨਾ ਵਿਤਕਰਾ ਕੀਤਾ ਜਾ ਰਿਹਾ ਹੈ ਕਿ ਆਪਣੇ ਹੀ ਲੋਕ ਪ੍ਰੇਸ਼ਾਨ ਹੋ ਰਹੇ ਹਨ।ਇਹ ਸਭ ਉਦੋਂ ਹੋ ਰਿਹਾ ਹੈ, ਜਦੋਂ ਭਾਜਪਾ ਖੁਦ ਨੂੰ ਰਾਸ਼ਟਰਵਾਦ ਦੀ ਚੈਂਪੀਅਨ ਐਲਾਨਦਿਆਂ ਨਹੀਂ ਥੱਕਦੀ।ਇੱਕ ਪਾਸੇ ਭਾਜਪਾ ਸਮੁੱਚੇ ਭਾਰਤ ਨੂੰ ਸਨਾਤਨ ਧਰਮ ਵਾਲੇ ਧਾਗੇ ਵਿੱਚ ਪਰੋਣਾ ਚਾਹੁੰਦੀ ਹੈ, ਜਦਕਿ ਦੂਜੇ ਪਾਸੇ ਜੇ ਕਿਸੇ ਸਨਾਤਨ ਬਹੁਗਿਣਤੀ ਆਬਾਦੀ ਵਾਲੇ ਸੂਬੇ ਵਿੱਚ ਦੂਜੀ ਪਾਰਟੀ ਦੀ ਸਰਕਾਰ ਬਣ ਜਾਵੇ ਤਾਂ ਉਸ ਨੂੰ ਸਹੂਲਤਾਂ ਤੱਕ ਵੀ ਦੇਣੀਆਂ ਬੰਦ ਕਰ ਦਿੰਦੀ ਹੈ।ਇਹ ਇੱਕ ਵੱਖਰੀ ਤਰ੍ਹਾਂ ਦਾ ਹੀ ਕਿਰਦਾਰ ਹੈ।ਹੁਣ ਜੇ ਅਸੀਂ ਕਾਂਗਰਸ ਦੀ ਗੱਲ ਕਰੀਏ ਤਾਂ ਕਾਂਗਰਸ ਭਾਵੇਂ ਇਸ ਸਮੇਂ ਇੱਕ ਤਰ੍ਹਾਂ ਨਾਲ ਮੂਰਛਿਤ ਮੁਦਰਾ ਵਿੱਚ ਹੈ, ਪਰ ਉਸ ਵੱਲੋਂ ਵੀ ਇਤਿਹਾਸ ਵਿੱਚ ਇਸ ਤਰ੍ਹਾਂ ਦੀਆਂ ਸਾਰੀਆਂ ਕਾਰਵਾਈਆਂ ਕੀਤੀਆਂ ਜਾ ਚੁੱਕੀਆਂ ਹਨ।

ਉਹ ਗੱਲ ਵੱਖਰੀ ਹੈ ਕਿ ਕਾਂਗਰਸ ਨੇ ਇਹ ਸਭ ਕੁੱਝ ਥੋੜ੍ਹਾ ਸੰਕੋਚ ਕਰਦਿਆਂ ਕੀਤਾ ਹੋਵੇ, ਜਦਕਿ ਹੁਣ ਵਾਲੇ ਖੁੱਲ੍ਹੇ ਦਿਲ ਨਾਲ ਇਹ ਸਭ ਕੁੱਝ ਕਰ ਰਹੇ ਹਨ।ਭਾਜਪਾ ਨੇ ਜਿੱਥੇ ਆਪਣੇ ਸਿਧਾਂਤਕ ਕਿਰਦਾਰ ਨੂੰ ਖੋਰਾ ਲਾਇਆ ਹੈ, ਉੱਥੇ ਹੀ ਕਾਂਗਰਸੀਆਂ ਨੇ ਤਾਂ ਸਿਧਾਂਤਕ ਤੇ ਵਿਅਕਤੀਗਤ ਦੋਵੇਂ ਕਿਰਦਾਰ ਖੂਹ-ਖਾਤੇ ਵਿੱਚ ਪਾ ਦਿੱਤੇ ਹਨ।ਪੁਰਾਣੇ ਕਾਂਗਰਸੀ ਨਵੇਂ ਕਾਂਗਰਸੀ ਵਰਕਰਾਂ ਲਈ ਥਾਂ ਛੱਡਣ ਨੂੰ ਤਿਆਰ ਹੀ ਨਹੀਂ ਹਨ ।ਬਜ਼ੁਰਗ ਕਾਂਗਰਸੀ ਖੁਦ ਲਈ ਰਾਜ ਸਭਾ ਦੀ ਮੈਂਬਰੀ ਤੇ ਆਪਣੇ ਬੱਚਿਆਂ ਲਈ ਲੋਕ ਸਭਾ ਤੇ ਵਿਧਾਨ ਸਭਾ ਦੀਆਂ ਮੈਂਬਰੀਆਂ ਪੱਕੀਆਂ ਕਰ ਰਹੇ ਹਨ, ਜਦਕਿ ਸਰਗਰਮ ਤੇ ਮਿਹਨਤੀ ਨੌਜਵਾਨ ਵਰਕਰ ਦਰੀਆਂ ਵਿਛਾਉਣ ਜੋਗੇ ਹੀ ਰਹਿ ਗਏ ਹਨ।ਵੱਡੀ ਗਿਣਤੀ ਨੌਜਵਾਨ ਕਾਂਗਰਸੀ ਆਗੂ ਇਸ ਵਿਤਕਰੇ ਦੇ ਚੱਲਦਿਆਂ ਹੀ ਪਾਰਟੀ ਛੱਡ ਰਹੇ ਹਨ।ਇਸ ਤੋਂ ਇਲਾਵਾ ਦੂਜੇ ਪਾਸੇ ਜੇ ਕਿਸੇ ਪੁਰਾਣੇ ਕਾਂਗਰਸੀ ਆਗੂ ਨੂੰ ਅਹੁਦਾ ਨਾ ਮਿਲੇ ਤਾਂ ਉਹ ਪਾਰਟੀ ਪ੍ਰਤੀ ਆਪਣੀ ਸਾਰੀ ਵਫਾਦਾਰੀ ਭੁੱਲ ਜਾਂਦਾ ਹੈ।ਹੋਰ ਤਾਂ ਹੋਰ ਉਹ ਪਾਰਟੀ ਨੂੰ ਛੱਡਦਾ ਤਾਂ ਹੈ ਹੀ ਹੈ, ਸਗੋਂ ਉਹ ਪਾਰਟੀ ਨੂੰ ਭਲਾ-ਬੁਰਾ ਕਹਿਣ ਵਿੱਚ ਵੀ ਗੁਰੇਜ਼ ਨਹੀਂ ਕਰਦਾ ਹੈ।ਕਿਰਦਾਰ ਵਿਹੂਣਤਾ ਦੀ ਵੱਡੀ ਮਿਸਾਲ ਚੁਣੇ ਹੋਏ ਨੁਮਾਇੰਦਿਆਂ ਦਾ ਪਾਰਟੀ ਨੂੰ ਛੱਡਣਾ ਹੈ ।ਇਸ ਤਰ੍ਹਾਂ ਉਹ ਨਾ ਸਿਰਫ ਆਪਣੀ ਪਾਰਟੀ ਨੂੰ ਧੋਖਾ ਦਿੰਦੇ ਹਨ, ਸਗੋਂ ਉਨ੍ਹਾਂ ਲੋਕਾਂ ਨੂੰ ਵੀ ਧੋਖਾ ਦਿੰਦੇ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਵੋਟਾਂ ਪਾ ਕੇ ਜਿਤਾਇਆ ਹੈ।ਇਹ ਕਿਰਦਾਰ ਵਿਹੂਣੇ ਹੋਣ ਦਾ ਸਿਖਰ ਹੈ ।ਇਸੇ ਤਰ੍ਹਾਂ ਦਾ ਹਾਲ ਆਮ ਆਦਮੀ ਪਾਰਟੀ ਦਾ ਵੀ ਹੈ ।ਇਸ ਪਾਰਟੀ ਨੇ ਸਭ ਤੋਂ ਵੱਧ ਕਿਰਦਾਰ ਕਾਇਮ ਰੱਖਣ ਦੇ ਵਾਅਦੇ ਕੀਤੇ ਸਨ ।ਮਸ਼ਹੂਰ ਸਮਾਜ ਸੇਵੀ ਅੰਨਾ ਹਜ਼ਾਰੇ ਦੇ ਅੰਦੋਲਨ ਦੌਰਾਨ ਪੈਦਾ ਹੋਈ ਇਸ ਪਾਰਟੀ ਨੇ ਸਿਆਸਤ ਵਿੱਚ ਇਮਾਨਦਾਰੀ ਲਿਆਉਣ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦੀਆਂ ਵਾਧੂ ਸੁੱਖ-ਸਹੂਲਤਾਂ ਨਾ ਲੈਣ ਦੇ ਦਾਅਵੇ ਕੀਤੇ ਸਨ, ਪਰ ਸੱਤਾ ਵਿੱਚ ਆਉਣ ਉਪਰੰਤ ਜਿੰਨੀ ਤੇਜ਼ੀ ਨਾਲ ਇਹ ਪਾਰਟੀ ਬਦਲੀ, ਓਨੀ ਤੇਜ਼ੀ ਨਾਲ ਤਾਂ ਹੁਣ ਤੱਕ ਇਤਿਹਾਸ ਵਿੱਚ ਕੋਈ ਵੀ ਨਹੀਂ ਬਦਲਿਆ ।ਇਸ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਤਾਂ ਦੂਜੀਆਂ ਪਾਰਟੀਆਂ ਨਾਲ ਚੋਣ ਸਮਝੌਤਾ ਨਾ ਕਰਨ ਦੇ ਮਾਮਲੇ ਵਿੱਚ ਆਪਣੇ ਬੱਚਿਆਂ ਤੱਕ ਦੀ ਸਹੁੰ ਖਾਧੀ ਸੀ, ਪਰ ਕਿਰਦਾਰ ਪੱਖੋਂ ਇਹ ਪਾਰਟੀ ਬੇਹੱਦ ਕਮਜ਼ੋਰ ਸਾਬਤ ਹੋਈ ਹੈ।ਪਾਰਟੀ ਦਾ ਚੰਡੀਗੜ੍ਹ ਤੇ ਦਿੱਲੀ ਵਿੱਚ ਕਾਂਗਰਸ ਨਾਲ ਸਮਝੌਤਾ ਹੋ ਚੁੱਕਿਆ ਹੈ ਤੇ ਪੰਜਾਬ ਵਿੱਚ ਵੱਡੀ ਧਿਰ ਦੀ ਦਾਅਵੇਦਾਰੀ ਕਾਰਨ ਉਨ੍ਹਾਂ ਦੀ ਗੱਲ ਨਹੀਂ ਬਣੀ ਹੈ।ਹਾਲਾਂਕਿ ਅਸੀਂ ਇਹ ਵੀ ਨਹੀਂ ਕਹਿੰਦੇ ਕਿ ਚੋਣ ਸਮਝੌਤਾ ਨਹੀਂ ਹੋਣਾ ਚਾਹੀਦਾ, ਪਰ ਬਿਆਨ ਦੇਣ ਸਮੇਂ ਤੇ ਸਮਝੌਤਾ ਕਰਨ ਸਮੇਂ ਅਸਲੀਅਤ ਤਾਂ ਮਹਿਸੂਸ ਕਰਨੀ ਚਾਹੀਦੀ ਹੈ।ਕਿਰਦਾਰ ਦੇ ਮਾਮਲੇ ਵਿੱਚ ਸਭ ਤੋਂ ਗੰਭੀਰ ਹਾਲਤ ਸ਼੍ਰੋਮਣੀ ਅਕਾਲੀ ਦਲ (ਬ) ਦੀ ਹੈ।ਸ਼੍ਰੋਮਣੀ ਅਕਾਲੀ ਦਲ ਸੱਤਾ ਹਾਸਲ ਕਰਨ ਲਈ ਇਸ ਕਦਰ ਤਰਲੋਮੱਛੀ ਹੈ ਕਿ ਉਹ ਭਾਜਪਾ ਦੀਆਂ ਸਾਰੀਆਂ ਗੱਲਾਂ ਨੂੰ ਸਹੀ ਮੰਨਦਾ ਜਾਪ ਰਿਹਾ ਹੈ ਤੇ ਉਨ੍ਹਾਂ ਦੀ ਅਧੀਨਗੀ ਤੱਕ ਮੰਨਣ ਨੂੰ ਤਿਆਰ ਹੈ।

ਇਸ ਪਾਰਟੀ ਦੀ ਆਗੂ ਦੇ ਕੈਬਨਿਟ ਵਿੱਚ ਹੁੰਦਿਆਂ ਹੀ ਤਿੰਨ ਖੇਤੀ ਕਾਨੂੰਨ ਪਾਸ ਹੋਏ ਤੇ ਇਨ੍ਹਾਂ ਨੇ ਉਨ੍ਹਾਂ ਕਾਨੂੰਨਾਂ ਨੂੰ ਉਦੋਂ ਤੱਕ ਸਹੀ ਐਲਾਨਿਆ ਸੀ, ਜਦੋਂ ਤੱਕ ਕਿਸਾਨ ਇਨ੍ਹਾਂ ਦੇ ਬੂਹੇ ਅੱਗੇ ਨਹੀਂ ਬੈਠ ਗਏ।ਸਿਤਮਜ਼ਰੀਫੀ ਇਹ ਸੀ ਕਿ ਜਿਨ੍ਹਾਂ ਕਾਨੂੰਨਾਂ ਨੂੰ ਸਾਧਾਰਨ ਕਿਸਾਨ ਤੱਕ ਸਮਝ ਗਏ, ਉਨ੍ਹਾਂ ਨੂੰ ਇਹ ਘਾਗ ਸਿਆਸਤਦਾਨ ਨਹੀਂ ਸਮਝ ਪਾਏ।ਇਹ ਸੱਤਾ ਦਾ ਲਾਲਚ ਤੇ ਉਨ੍ਹਾਂ ਦਾ ਕਿਰਦਾਰ ਹੀ ਸੀ, ਜਿਸ ਨੇ ਅੰਤ ਤੱਕ ਕਿਸਾਨਾਂ ਨੂੰ ਭੰਬਲਭੂਸੇ ਵਿੱਚ ਪਾਈ ਰੱਖਿਆ।ਭਾਜਪਾ ਨਾਲ ਸਮਝੌਤਾ ਤੋੜਨ ਉਪਰੰਤ ਇਸ ਪਾਰਟੀ ਨੇ ਬਹੁਜਨ ਸਮਾਜ ਪਾਰਟੀ (ਬਸਪਾ) ਨਾਲ ਸਮਝੌਤਾ ਕੀਤਾ, ਪਰ ਉਮੀਦ ਮੁਤਾਬਕ ਸਿਆਸੀ ਨਤੀਜੇ ਨਾ ਹਾਸਲ ਹੋਣ ਕਾਰਨ ਉਨ੍ਹਾਂ ਅੰਦਰਖਾਤੇ ਭਾਜਪਾ ਨਾਲ ਤੰਦਾਂ ਪਾਉਣੀਆਂ ਜਾਰੀ ਰੱਖੀਆਂ।ਇਹ ਤਾਂ ਭਲਾ ਹੋਵੇ ਕਿ ਬਸਪਾ ਹੀ ਅਕਾਲੀ ਦਲ ਦੇ ਕਿਰਦਾਰ ਨੂੰ ਸਮਝਦਿਆਂ ਉਨ੍ਹਾਂ ਤੋਂ ਪਾਸਾ ਵੱਟ ਗਈ।ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦਾ ਭਾਜਪਾ ਨਾਲ ਸਮਝੌਤਾ ਸਿਰੇ ਹੀ ਚੜ੍ਹਨ ਵਾਲਾ ਸੀ ਕਿ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਕੇਂਦਰ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਤੇ ਅੱਗੇ ਕੇਂਦਰ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਖ਼ਿਲਾਫ਼ ਅਜਿਹਾ ਰਵੱਈਆ ਅਪਣਾਇਆ ਕਿ ਅਕਾਲੀ ਲਾਜਵਾਬ ਹੋ ਗਏ।ਸੋਚਣ ਦੀ ਗੱਲ ਇਹ ਹੈ ਕਿ ਭਾਜਪਾ ਨੇ ਅਜਿਹਾ ਕੀ ਕਰ ਦਿੱਤਾ ਕਿ ਅਕਾਲੀ ਦਲ ਵਾਲੇ ਉਸ ਪਾਰਟੀ ਨਾਲ ਸਮਝੌਤਾ ਕਰਨ ਲਈ ਤਿਆਰ ਬੈਠੇ ਹਨ ? ਇਸੇ ਤਰ੍ਹਾਂ ਦੀ ਸਥਿਤੀ ਪੰਜਾਬ ਕਾਂਗਰਸ ਵਿੱਚੋਂ ਭਾਜਪਾ ਅੰਦਰ ਗਏ ਆਗੂਆਂ ਦੀ ਹੈ।ਕਿਸੇ ਵੇਲੇ ਇਹ ਆਗੂ ਭਾਜਪਾ ਦੇ ਕੱਟੜ ਵਿਰੋਧੀ ਸਨ ਤੇ ਕਿਸਾਨ ਅੰਦੋਲਨ ਦੌਰਾਨ ਇਨ੍ਹਾਂ ਆਗੂਆਂ ਦੇ ਹਮਾਇਤੀਆਂ ਨੇ ਇੱਕ ਭਾਜਪਾਈ ਆਗੂ ਨੂੰ ਅਲਫ ਨੰਗਾ ਕਰ ਦਿੱਤਾ ਸੀ ਤੇ ਉਸ ਸਮੇਂ ਇਨ੍ਹਾਂ ਦੇ ਵੱਖਰੇ ਵਿਚਾਰ ਤੇ ਕਿਰਦਾਰ ਸਨ, ਜਦਕਿ ਹੁਣ ਵਾਲੇ ਕਿਰਦਾਰ ਤਹਿਤ ਇਹ ਹਰ ਹਾਲ ਵਿੱਚ ਅਕਾਲੀ ਦਲ ਤੇ ਭਾਜਪਾ ਦਾ ਸਮਝੌਤਾ ਕਰਵਾਉਣ ਲਈ ਯਤਨਸ਼ੀਲ ਹਨ।ਹਰ ਸਾਧਾਰਨ ਪੰਜਾਬੀ ਜਾਣਦਾ ਹੈ ਕਿ ਉਹ ਇਹ ਸਮਝੌਤਾ ਪੰਜਾਬ ਲਈ ਨਹੀਂ, ਸਗੋਂ ਆਪਣੀ ਤੇ ਆਪਣੇ ਪਰਵਾਰ ਦੀ ਕੁਰਸੀ ਬਚਾਉਣ ਲਈ ਕਰਵਾ ਰਹੇ ਹਨ, ਕਿਉਂਕਿ ਅਜੇ ਤਾਂ ਕਿਸਾਨਾਂ ਦਾ ਕੋਈ ਮਸਲਾ ਹੱਲ ਹੀ ਨਹੀਂ ਹੋਇਆ ਹੈ।ਇਸ ਉਪਰੰਤ ਕਿਰਦਾਰ ਸੰਬੰਧੀ ਇੱਕ ਜ਼ਿਕਰ ਸਾਬਕਾ ਜੱਜਾਂ ਤੇ ਅਧਿਕਾਰੀਆਂ ਦਾ ਵੀ ਬਣਦਾ ਹੈ।ਕਈ ਜੱਜ ਤੇ ਅਧਿਕਾਰੀ ਆਪਣੀ ਸੇਵਾਮੁਕਤੀ ਤੋਂ ਪਹਿਲਾਂ ਹੀ ਕਿਸੇ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰਨ ਲੱਗ ਪੈਂਦੇ ਹਨ ।ਕਈ ਵਾਰ ਤਾਂ ਇਹ ਦੋਵੇਂ ਧਿਰਾਂ ਸਮੇਂ ਤੋਂ ਪਹਿਲਾਂ ਸੇਵਾਮੁਕਤੀ ਲੈ ਕੇ ਹੀ ਸਿਆਸਤ ਕਰਨ ਲੱਗ ਜਾਂਦੀਆਂ ਹਨ ।

ਸੋਚਣ ਦੀ ਗੱਲ ਇਹ ਹੈ ਕਿ ਜੇਕਰ ਇਹ ਧਿਰਾਂ ਸੇਵਾਮੁਕਤੀ ਤੋਂ ਤੁਰੰਤ ਬਾਅਦ ਇਸ ਤਰ੍ਹਾਂ ਪਾਰਟੀਆਂ ਦੀ ਹਮਾਇਤ ਕਰਦੀਆਂ ਹਨ ਤਾਂ ਸਰਵਿਸ ਦੌਰਾਨ ਵੀ ਉਨ੍ਹਾਂ ਦਾ ਕਿਰਦਾਰ ਸ਼ੱਕੀ ਹੀ ਹੋਣਾ ਹੈ।ਕਿਰਦਾਰ ਵਿਹੂਣਤਾ ਦੇ ਮਸਲੇ ਇੱਥੇ ਹੀ ਖਤਮ ਨਹੀਂ ਹੁੰਦੇ। ਇਹ ਕਿਰਦਾਰ ਹੀ ਹੁੰਦੇ ਹਨ, ਜੋ ਸ਼ਖਸੀਅਤ ਨੂੰ ਸਰਦਾਰ ਬਣਾਉਂਦੇ ਹਨ।ਕਿਸੇ ਵੀ ਦੇਸ਼ ਦੇ ਵਿਕਾਸ ਲਈ ਕਿਰਦਾਰ ਦੀ ਬੇਹੱਦ ਅਹਿਮੀਅਤ ਹੁੰਦੀ ਹੈ ਤੇ ਕਿਰਦਾਰ ਵਿਹੂਣੇ ਲੋਕ ਥੋੜ੍ਹੇ ਸਮੇਂ ਲਈ ਤਰੱਕੀਆਂ ਜ਼ਰੂਰ ਮਾਣਦੇ ਹਨ, ਪਰ ਇੱਕ ਸਮੇਂ ਉਪਰੰਤ ਉਨ੍ਹਾਂ ਦਾ ਆਪਣਾ ਅੰਦਰਲਾ ਹੀ ਉਨ੍ਹਾਂ ਨੂੰ ਝਕਝੌਰਨ ਲੱਗਦਾ ਹੈ।ਇਸ ਦੇ ਨਾਲ ਹੀ ਚਲਾਕ ਕਾਰੋਬਾਰੀ ਸਿਆਸਤਦਾਨ ਆਪਣੀ ਸਿਆਸਤ ਤੇ ਕਾਰੋਬਾਰ ਚਲਾਉਣ ਲਈ ਨਿੱਤ ਕਿਰਦਾਰ ਬਦਲਦੇ ਹਨ।ਅਸੀਂ ਐਸ ਵਾਈ ਐੱਲ ਤੇ ਦਸ਼ਮੇਸ਼ ਨਹਿਰ ਵਿੱਚ ਇਹ ਸਭ ਕੁੱਝ ਨੇੜਿਓਂ ਵੇਖਿਆ ਹੈ।ਕਿਰਦਾਰ ਵਿਹੂਣੀ ਸਿਆਸਤ ਨੂੰ ਨੱਥ ਪਾਉਣ ਲਈ ਸਮਾਜ ਦਾ ਆਪਣਾ ਕਿਰਦਾਰ ਹੋਣਾ ਵੀ ਅਹਿਮ ਹੈ ਤਾਂ ਜੋ ਕਿਰਦਾਰ ਵਿਹੂਣੇ ਸਿਆਸਤਦਾਨਾਂ, ਜੱਜਾਂ ਤੇ ਅਧਿਕਾਰੀਆਂ ਕੋਲੋਂ ਸਮਾਜ ਦੀ ਹੁੰਦੀ ਲੁੱਟ ਨੂੰ ਬਚਾਇਆ ਜਾ ਸਕੇ।

***# ਸੰਪਰਕ :78891-11988***

# ਰੇਲ ਚੱਕਾ ਜਾਮ ਕਰਕੇ ਰੋਸ ਪ੍ਰਦਰਸ਼ਨ ਕਰ ਰਹੇ ਮਜ਼ਦੂਰਾਂ 'ਤੇ ਲਾਠੀਚਾਰਜ

## 100 ਤੋਂ ਵਧੇਰੇ ਮਜ਼ਦੂਰਾਂ ਨੂੰ ਕੀਤਾ ਗ੍ਰਿਫਤਾਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਪੰਜਾਬ ਵਿੱਚ ਰੇਲਾਂ ਰੋਕਣ ਦਾ ਐਲਾਨ ਕੀਤਾ ਗਿਆ ਸੀ। ਪੁਲਸ ਨੇ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਮਨਜੀਤ ਬੁੱਘੀਪੁਰਾ ਤੇ ਹਰਬੰਸ ਰੋਡੇ ਨੂੰ ਘਰੋਂ ਗ੍ਰਿਫਤਾਰ ਕੀਤਾ, ਕਈ ਆਗੂਆਂ ਦੇ ਘਰ ਛਾਪੇਮਾਰੀ ਕੀਤੀ ਗਈ। ਇਸੇ ਕੜੀ ਤਹਿਤ ਅੱਜ ਮਜ਼ਦੂਰਾਂ ਵੱਲੋਂ ਮੋਗਾ-ਲੁਧਿਆਣਾ ਰੇਲਵੇ ਲਾਈਨ ਮਹਿਣਾ (ਮੋਗਾ) ਦੇ ਰੇਲਵੇ ਸਟੇਸ਼ਨ 'ਤੇ ਰੇਲ ਦਾ ਚੱਕਾ ਜਾਮ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਮੰਗਾ ਵੈਰੋਕੇ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਭਾਵੇਂ ਅੱਡੀ ਚੋਟੀ ਦਾ ਜ਼ੋਰ ਲਾਇਆ ਗਿਆ ਕਿ ਮਜ਼ਦੂਰਾਂ ਨੂੰ ਰੇਲਾਂ ਨਹੀਂ ਰੋਕਣ ਦਿੱਤੀਆਂ ਜਾਣਗੀਆਂ, ਪਰ ਇਸ ਦੇ ਬਾਵਜੂਦ ਪੇਂਡੂ ਮਜ਼ਦੂਰ ਯੂਨੀਅਨ ਮਹਿਣਾ ਦੇ ਰੇਲਵੇ ਸਟੇਸ਼ਨ 'ਤੇ ਰੇਲ ਦਾ ਚੱਕਾ ਜਾਮ ਕੀਤਾ ਗਿਆ। ਪੁਲਸ ਵੱਲੋਂ ਮੌਕੇ 'ਤੇ ਪੁੱਜ ਕੇ ਪੇਂਡੂ ਮਜ਼ਦੂਰ ਯੂਨੀਅਨ ਆਗੂਆਂ ਤੇ ਵਰਕਰਾਂ ਨੂੰ ਤੁਰੰਤ ਰੇਲਵੇ ਲਾਈਨ ਖਾਲੀ ਕਰਨ ਲਈ ਕਿਹਾ, ਪਰ ਮਜ਼ਦੂਰ ਆਪਣੀ ਜ਼ਿੱਦ 'ਤੇ ਅੜੇ ਰਹੇ, ਥੋੜ੍ਹੀ ਤਕਰਾਰ ਪਿੱਛੋਂ ਪੁਲਸ ਵੱਲੋਂ ਪ੍ਰਦਰਸ਼ਨਕਾਰੀ ਮਜ਼ਦੂਰਾਂ 'ਤੇ ਲਾਠੀਚਾਰਜ ਕਰ ਦਿੱਤਾ, ਜਿਸ ਤੋਂ ਬਾਅਦ ਮੰਗਾ ਵੈਰੋਕੇ, ਸੁਖਦੇਵ ਸਿੰਘ ਮਾਣੂੰਕੇ, ਲਖਵੰਤ ਕਿਰਤੀ, ਕਰਮਾ ਸਿੰਘ ਰਸੂਲਪੁਰ, ਸੋਨੀ ਸਿੱਧਵਾਂ ਸਮੇਤ 100 ਤੋਂ ਵਧੇਰੇ ਮਜ਼ਦੂਰਾਂ ਨੂੰ ਪੁਲਸ ਵੱਲੋਂ ਗ੍ਰਿਫਤਾਰ ਰੇਲਵੇ ਚੌਂਕੀ ਡੱਕਿਆ ਗਿਆ। ਪੇਂਡੂ ਮਜ਼ਦੂਰ ਯੂਨੀਅਨ ਯੂਥ ਵਿੰਗ ਦੇ ਆਗੂ ਲਖਵੰਤ ਸਿੰਘ ਕਿਰਤੀ, ਸੋਨੀ ਸਿੱਧਵਾਂ ਨੇ ਦੱਸਿਆ ਕਿ ਲਾਲ ਲਕੀਰ ਦੇ ਅੰਦਰ ਆਉਂਦੇ ਮਕਾਨਾਂ ਦੇ ਮਾਲਕੀ ਹੱਕ ਦਿੱਤੇ ਜਾਣ, ਲੈਂਡ ਸੀਲਿੰਗ ਐਕਟ ਲਾਗੂ ਕਰਕੇ ਵਾਧੂ ਜ਼ਮੀਨ ਬੇਜ਼ਮੀਨੇ ਮਜ਼ਦੂਰਾਂ ਤੇ ਕਿਸਾਨਾਂ ਵਿੱਚ ਵੰਡੀ ਜਾਵੇ, ਮਜ਼ਦੂਰਾਂ ਸਿਰ ਚੜ੍ਹਿਆ ਸਮੁੱਚਾ ਕਰਜ਼ਾ ਮੁਆਫ਼ ਕੀਤਾ ਜਾਵੇ, ਪੰਚਾਇਤੀ ਜ਼ਮੀਨ ਵਿੱਚ ਦਲਿਤਾਂ ਲਈ ਰਾਖਵਾਂ ਤੀਜਾ ਹਿੱਸਾ ਉਨ੍ਹਾਂ ਨੂੰ ਦਿੱਤਾ ਜਾਵੇ, ਮਜ਼ਦੂਰਾਂ ਲਈ ਸਾਰਾ ਸਾਲ ਕੰਮ ਤੇ 1000 ਰੁਪੈ ਦਿਹਾੜੀ ਦੇਣ ਦੀ ਮੰਗ ਸਬੰਧੀ ਅੱਜ ਰੇਲ ਰੋਕਣ ਦਾ ਸੱਦਾ ਦਿੱਤਾ ਗਿਆ ਸੀ। ਉਨ੍ਹਾ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਮਜ਼ਦੂਰਾਂ ਦੇ ਅੱਜ ਦੇ ਐਕਸ਼ਨ ਨੂੰ ਅਸਫਲ ਕਰਨ ਲਈ ਅੱਡੀ ਚੋਟੀ ਦਾ ਪੂਰਾ ਜ਼ੋਰ ਲਾਇਆ। ਪੁਲਸ ਨੂੰ ਜਬਰ ਕਰਨ ਦੀਆਂ ਖੁੱਲ੍ਹਾਂ ਦਿੱਤੀਆਂ। ਸਰਕਾਰ ਦੀ ਇਸ ਕਰਤੂਤ ਨਾਲ ਭਗਵੰਤ ਮਾਨ ਦਾ ਮਜ਼ਦੂਰ ਵਿਰੋਧੀ ਚਿਹਰਾ ਨੰਗਾ ਹੋਇਆ ਹੈ। ਸ਼ਾਂਤੀਪੂਰਨ ਤਰੀਕੇ ਨਾਲ ਮਜ਼ਦੂਰਾਂ ਤੋਂ ਰੇਲ ਰੋਕਣ ਦਾ ਅਧਿਕਾਰ ਖੋਹ ਕੇ ਸਰਕਾਰ ਨੇ ਮਜ਼ਦੂਰ ਨੂੰ ਹੀਣ ਭਾਵਨਾ ਮਹਿਸੂਸ ਕਰਵਾਈ ਹੈ, ਜਿਸ ਦਾ ਸਰਕਾਰ ਨੂੰ ਖਮਿਆਜ਼ਾ ਭੁਗਤਣਾ ਹੀ ਪਵੇਗਾ। ਉਨ੍ਹਾਂ ਕਿਹਾ ਕਿ ਗ੍ਰਿਫਤਾਰ ਆਗੂਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ, ਨਹੀਂ ਤਾਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)** : ਪੇਂਡੂ ਮਜ਼ਦੂਰ ਯੂਨੀਅਨ ਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਅੱਜ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਰੇਲ ਰੋਕੋ ਪ੍ਰੋਗਰਾਮ ਦਾ ਸੱਦਾ ਦਿੱਤਾ ਗਿਆ ਸੀ, ਪਰ ਮੋਦੀ ਦੀ ਤਾਨਾਸ਼ਾਹੀ ਸਰਕਾਰ ਦੀ ਕਥਿਤ ਸ਼ਹਿ 'ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਰਾਤ ਤੋਂ ਹੀ ਇਨ੍ਹਾਂ ਦੋਨਾਂ ਜਥੇਬੰਦੀਆਂ ਦੇ ਮੁੱਖ ਆਗੂਆਂ ਦੇ ਘਰਾਂ ਵਿੱਚ ਛਾਪਾਮਾਰੀ ਕੀਤੀ ਗਈ। ਆਗੂਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਭੇਜਿਆ ਗਿਆ। ਇਥੋਂ ਤੱਕ ਕਿ ਕਿਰਤੀ ਕਿਸਾਨ ਯੂਨੀਅਨ ਦੇ ਜਲੰਧਰ ਵਿੱਚ ਦਫਤਰ ਤੇ ਵੀ ਛਾਪਾਮਾਰੀ ਕਰਕੇ ਉਥੋਂ ਸਾਡੇ ਕੁਝ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਵਿੱਚ ਇਸਤਰੀ ਜਾਗ੍ਰਤੀ ਮੰਚ ਦੀ ਪ੍ਰੈੱਸ ਸਕੱਤਰ ਜਸਵੀਰ ਜੱਸੀ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਤੇ ਦਫਤਰ ਨੂੰ ਸੀਲ ਕਰ ਦਿੱਤਾ ਗਿਆ ਹੈ। ਇੱਥੇ ਹੀ ਬਸ ਨਹੀਂ ਸੰਗਰੂਰ ਦੇ ਦਫਤਰ ਵਿੱਚ ਛਾਪਾਮਾਰੀ ਕਰਕੇ ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਦੇ ਸੂਬਾ ਕਨਵੀਨਰ ਭੁਪਿੰਦਰ ਸਿੰਘ ਲੌਂਗੋਵਾਲ ਤੇ ਉਨ੍ਹਾਂ ਦੇ ਸਾਥੀਆਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਮੇਲ ਵਾਲੀ ਜ਼ਿਲ੍ਹਾ ਸ੍ਰੀ ਮੁਕਤਸਰ ਦੇ ਪ੍ਰਧਾਨ ਬਲਜੀਤ ਸਿੰਘ ਲੰਡੇ ਰੋਡੇ ਜ਼ਿਲ੍ਹਾ ਮੀਤ ਪ੍ਰਧਾਨ ਬਲਵਿੰਦਰ ਸਿੰਘ ਥਾਂਦੇਵਾਲਾ ਨੇ ਸਰਕਾਰ ਦੇ ਇਸ ਫਾਸ਼ੀਵਾਦੀ ਵਰਤਾਰੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਆਗੂਆਂ ਨੇ ਮੰਗ ਕੀਤੀ ਹੈ ਕਿ ਜਿੰਨੇ ਵੀ ਮਜ਼ਦੂਰ ਆਗੂ ਜਾਂ ਕਿਸਾਨ ਆਗੂ ਗ੍ਰਿਫਤਾਰ ਕੀਤੇ ਗਏ ਹਨ, ਉਨ੍ਹਾਂ ਨੂੰ ਵੀ ਰਿਹਾਅ ਕੀਤਾ ਜਾਵੇ। ਆਗੂਆਂ ਨੇ ਕਿਹਾ ਕਿ ਇਸ ਕਾਰਵਾਈ ਨਾਲ ਸਰਕਾਰ ਦੀ ਕਿਸਾਨ ਤੇ ਮਜ਼ਦੂਰਾਂ ਵਿਰੋਧੀ ਨੀਤੀ ਦਾ ਚਿਹਰਾ ਨੰਗਾ ਹੋਇਆ ਹੈ। ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ 14 ਤਰੀਕ ਦੇ ਦਿੱਲੀ 'ਚ ਕੀਤੀ ਜਾ ਰਹੀ ਮਹਾ ਪੰਚਾਇਤ ਵਿੱਚ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਨ ਲਈ ਲੋਕਾਂ ਨੂੰ ਅਪੀਲ ਕੀਤੀ ਗਈ।

## ਪ੍ਰਮਾਣੂ ਪਾਵਰ ਪਲਾਂਟ ਲੋਕਾਂ ਲਈ ਮਹਿੰਗੇ ਤੇ ਖਤਰੇ ਵਾਲੇ : ਡਾ. ਅਰੁਣ ਮਿੱਤਰਾ

### ਸਰਕਾਰ ਨੂੰ ਬਿਜਲੀ ਉਤਪਾਦਨ ਲਈ ਪ੍ਰਮਾਣੂ ਪਲਾਂਟ ਬਣਾਉਣ ਤੋਂ ਰੋਕਣ ਦੀ ਮੰਗ

**ਲੁਧਿਆਣਾ (ਐੱਮ ਐੱਸ ਭਾਟੀਆ)**-ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ ਨੇ ਸਰਕਾਰ ਨੂੰ ਬਿਜਲੀ ਉਤਪਾਦਨ ਲਈ ਪ੍ਰਮਾਣੂ ਪਲਾਂਟ ਬਣਾਉਣ ਤੋਂ ਰੋਕਣ ਦੀ ਮੰਗ ਕੀਤੀ ਹੈ। 11 ਮਾਰਚ 2011 ਨੂੰ ਫੁਕੂਸ਼ੀਮਾ ਪ੍ਰਮਾਣੂ ਪਾਵਰ ਪਲਾਂਟ ਦੀ ਤਬਾਹੀ ਦਾ ਹਵਾਲਾ ਦਿੰਦੇ ਹੋਏ ਡਾ: ਅਰੁਣ ਮਿੱਤਰਾ ਪ੍ਰਧਾਨ ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ ਡੀ ਪੀ ਡੀ) ਨੇ ਕਿਹਾ ਕਿ ਪ੍ਰਮਾਣੂ ਪਾਵਰ ਪਲਾਂਟਾਂ ਤੋਂ ਬਿਜਲੀ ਵਧੇਰੇ ਮਹਿੰਗੀ ਹੈ ਤੇ ਗੰਭੀਰ ਖਤਰਿਆਂ ਨਾਲ ਭਰਪੂਰ ਹੈ। ਅਸੀਂ ਤਿੰਨ ਵੱਡੀਆਂ ਪ੍ਰਮਾਣੂ ਪਲਾਂਟ ਤਬਾਹੀਆਂ ਦੇਖੀਆਂ ਹਨ, ਥ੍ਰੀ ਮਾਈਲ ਆਈਲੈਂਡ, ਚਰਨੋਬਿਲ ਤੇ ਫੁਕੂਸ਼ੀਮਾ। ਇਨ੍ਹਾਂ ਨੇ ਮਨੁੱਖੀ ਜੀਵਨ ਤੇ ਭੋਜਨ ਲੜੀ ਸਮੇਤ ਬਨਸਪਤੀ ਅਤੇ ਜੀਵ-ਜੰਤੂਆਂ 'ਤੇ ਗੰਭੀਰ ਪ੍ਰਭਾਵ ਪਾਇਆ। ਇਕ ਸਾਲ ਬਾਅਦ 2012 ਵਿੱਚ ਫੁਕੂਸ਼ੀਮਾ ਪ੍ਰੀਫੈਕਚਰ ਦੀ ਸਾਡੀ ਫੇਰੀ ਦੌਰਾਨ ਡਾਕਟਰ ਮਿੱਤਰਾ ਨੇ ਕਿਹਾ ਕਿ ਸਾਨੂੰ ਪਲਾਂਟ ਤੋਂ 20 ਕਿੱਲੋਮੀਟਰ ਦੂਰ ਰੋਕਿਆ ਗਿਆ ਸੀ। ਸਾਰੀਆਂ ਬਨਸਪਤੀ ਤੇ ਮੱਛੀਆਂ ਪ੍ਰਮਾਣੂ ਕਿਰਨਾਂ ਨਾਲ ਦੂਸ਼ਤ ਸਨ। ਮਾਰਕੀਟ ਵਿੱਚ ਭੇਜਣ ਤੋਂ ਪਹਿਲਾਂ ਉਨ੍ਹਾਂ ਦੀ ਜਾਂਚ ਕੀਤੀ ਜਾਂਦੀ ਸੀ। ਇਹ ਇਲਾਕਾ 13 ਸਾਲ ਬਾਅਦ ਵੀ ਰੇਡੀਏਸ਼ਨ ਮੁਕਤ ਨਹੀਂ ਹੈ। ਆਈ ਡੀ ਪੀ ਡੀ ਦੇ ਜਨਰਲ ਸਕੱਤਰ ਡਾ: ਸ਼ਕੀਲ ਉਰ ਰਹਿਮਾਨ ਨੇ ਕਿਹਾ ਕਿ ਇਨ੍ਹਾਂ ਪਲਾਂਟਾਂ ਬਾਰੇ ਕੋਈ ਪਾਰਦਰਸ਼ਤਾ ਨਹੀਂ ਹੈ ਤੇ ਰਾਸ਼ਟਰੀ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਕਈ ਛੋਟੇ ਹਾਦਸਿਆਂ ਦੀ ਰਿਪੋਰਟ ਤੱਕ ਨਹੀਂ ਕੀਤੀ ਜਾਂਦੀ। ਇਸ ਤੋਂ ਇਲਾਵਾ ਇਨ੍ਹਾਂ ਪਲਾਂਟਾਂ ਦੁਆਰਾ ਪੈਦਾ ਕੀਤੇ ਗਏ ਰਹਿੰਦ-ਖੂੰਹਦ ਦੇ ਪ੍ਰਬੰਧਨ ਦਾ ਕੋਈ ਵੀ ਸਹੀ ਢੰਗ ਨਹੀਂ ਹੈ। ਫੁਕੂਸ਼ੀਮਾ ਪਲਾਂਟ ਤੋਂ ਰੇਡੀਏਸ਼ਨ ਨਾਲ ਦੂਸ਼ਤ ਕੂੜਾ ਸਮੁੰਦਰ ਵਿੱਚ ਸੁੱਟਿਆ ਜਾ ਰਿਹਾ ਹੈ। ਇਸ ਨਾਲ ਆਲੇ-ਦੁਆਲੇ ਦੇ ਜਲ-ਜੀਵਨ ਨੂੰ ਖਤਰਾ ਪੈਦਾ ਹੋ ਜਾਵੇਗਾ। ਉਨ੍ਹਾ ਇਹ ਵੀ ਦੱਸਿਆ ਕਿ ਆਈ ਡੀ ਪੀ ਡੀ ਦੀ ਅਗਵਾਈ ਹੇਠ ਉਨ੍ਹਾਂ ਦੀ ਟੀਮ ਦੁਆਰਾ ਕੀਤੇ ਗਏ ਇੱਕ ਅਧਿਐਨ ਵਿੱਚ ਝਾਰਖੰਡ ਵਿੱਚ ਜਾਦੂਗੋਡਾ ਯੂਰੇਨੀਅਮ ਖਾਣਾਂ ਦੇ ਆਲੇ ਦੁਆਲੇ ਰਹਿਣ ਵਾਲੇ ਲੋਕਾਂ ਨੂੰ ਰੇਡੀਏਸ਼ਨ ਕਾਰਨ ਹੋਣ ਵਾਲੀਆਂ ਕਈ ਬਿਮਾਰੀਆਂ ਹਨ।

## ਬਿਜਲੀ ਕਾਮਿਆਂ ਪੰਜਾਬ ਸਰਕਾਰ ਦੇ ਬਜਟ ਦੀਆਂ ਸਾੜੀਆਂ ਕਾਪੀਆਂ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਬਿਜਲੀ ਮੁਲਾਜ਼ਮਾਂ ਦੀਆਂ ਵੱਖ ਵੱਖ ਜਥੇਬੰਦੀਆਂ 'ਤੇ ਅਧਾਰਤ ਬਣੇ ਪੀ ਐੱਸ ਈ ਬੀ ਇੰਪਲਾਇਜ਼ ਜੁਆਇੰਟ ਫੋਰਮ ਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਸੱਦੇ 'ਤੇ ਦਰਜਨਾਂ ਦੀ ਗਿਣਤੀ ਵਿੱਚ 'ਕੱਠੇ ਹੋ ਕੇ ਬਿਜਲੀ ਕਾਮਿਆਂ ਵੱਲੋਂ ਪੰਜਾਬ ਸਰਕਾਰ ਦੇ ਬਜਟ ਦੀਆਂ ਕਾਪੀਆਂ ਸਾੜ ਕੇ ਰੋਸ ਰੈਲੀ ਸਾਥੀ ਨਾਨਕ ਚੰਦ ਮਹਿਰੋਕ ਪ੍ਰਧਾਨ ਦੀ ਪ੍ਰਧਾਨਗੀ ਹੇਠ ਗੁਰੂ ਹਰਸਹਾਏ ਦੇ ਦਫ਼ਤਰ ਦੇ ਗੇਟ 'ਤੇ ਕੀਤੀ ਗਈ।ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਇੰਜ. ਸ਼ਿੰਗਾਰ ਮਹਿਰੋਕ ਸਰਕਲ ਸਕੱਤਰ ਤੇ ਸੁਰਿੰਦਰ ਕੁਮਾਰ ਪ੍ਰਧਾਨ ਗੁਰੂ ਹਰਸਹਾਏ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਪੇਸ਼ ਕੀਤੇ ਬਜਟ ਵਿੱਚ ਮੁਲਾਜ਼ਮਾਂ ਲਈ ਕੁਝ ਵੀ ਨਹੀਂ ਦਿੱਤਾ।ਪੰਜਾਬ ਸਰਕਾਰ ਦੇ ਸਾਰੇ ਮੁਲਾਜ਼ਮਾਂ ਵਿੱਚ ਕਾਫੀ ਰੋਸ ਤੇ ਗੁੱਸਾ ਹੈ ਕਿ ਬਿਜਲੀ ਨਿਗਮ ਦੀ ਮੈਨੇਜਮੈਂਟ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਮੁਲਾਜ਼ਮ ਮੰਗਾਂ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ, ਜਿਵੇਂ ਕਿ ਤਨਖਾਹ ਸਕੇਲਾਂ ਵਿੱਚਲੀਆਂ ਤਰੁੱਟੀਆਂ ਦੂਰ ਕਰਨ, ਸੋਧੇ ਤਨਖਾਹ ਸਕੇਲਾਂ ਵਿੱਚ ਰਹਿੰਦੇ ਭੱਤੇ ਲਾਗੂ ਕਰਨ, ਸੋਧੇ ਸਕੇਲਾਂ ਵਿੱਚ ਸਮਾਂਬੱਧ ਸਕੇਲ ਲਾਗੂ ਕਰਨ, ਸੀ ਆਰ ਏ 295/19 ਵਾਲੇ ਸਹਾਇਕ ਲਾਈਨਮੈਨਾਂ ਦੀ ਤਨਖਾਹ ਪਰਖ ਕਾਲ ਸਮਾਂ ਪੂਰਾ ਹੋਣ ਦੇ ਬਾਵਜੂਦ ਪੂਰੀ ਤਨਖਾਹ ਨਾ ਦੇਣ, ਸੀ ਆਰ ਏ 293/19, 294/19, 295/19, 296/19 ਰਾਹੀਂ ਭਰਤੀ ਹੋਏ ਕਰਮਚਾਰੀਆਂ ਉੱਪਰ ਬਿਜਲੀ ਨਿਗਮ ਦੇ ਸਕੇਲ ਲਾਗੂ ਕਰਨ, ਮਿਤੀ 17-07-20 ਤੋਂ ਬਾਅਦ ਭਰਤੀ ਕਰਮਚਾਰੀਆਂ ਉੱਪਰ ਕੇਂਦਰੀ ਤਨਖਾਹ ਸਕੇਲ ਲਾਗੂ ਕਰਨ ਦੀ ਬਜਾਏ ਬਿਜਲੀ ਨਿਗਮ ਦੇ ਸਕੇਲ ਲਾਗੂ ਕਰਨ, ਪੁਰਾਣੀ ਪੈਨਸ਼ਨ ਬਹਾਲ ਕਰਨ, ਕੱਚੇ ਕਾਮਿਆਂ ਨੂੰ ਪੱਕੇ ਕਰਨ, ਗਰਿੱਡ ਸਬ ਸਟੇਸ਼ਨ ਦੇ ਕਾਮਿਆਂ ਦੀਆਂ ਲੰਬਿਤ ਮੰਗਾਂ ਦਾ ਨਿਪਟਾਰਾ ਕੀਤਾ ਜਾਵੇ, ਖ਼ਾਲੀ ਪਈਆਂ ਹਜ਼ਾਰਾਂ ਅਸਾਮੀਆਂ ਨੂੰ ਨਵੀਂ ਭਰਤੀ ਰਾਹੀਂ ਭਰਿਆ ਜਾਵੇ।ਸਿਆਸੀ ਅਧਾਰ ਤੇ ਕ੍ਰਿਸ਼ਨ ਸਿੰਘ ਦੀ ਕੀਤੀ ਬਦਲੀ ਰੱਦ ਕਰਨ, ਇਸੇ ਤਰ੍ਹਾਂ ਹੋਰ ਵਾਜਬ ਮੰਗਾਂ ਨੂੰ ਪਿਛਲੇ ਸਮੇਂ ਤੋਂ ਲਾਗੂ ਨਹੀਂ ਕੀਤਾ ਜਾ ਰਿਹਾ, ਇਸ ਲਈ ਬਿਜਲੀ ਮੁਲਾਜ਼ਮਾਂ ਦੇ ਮਨਾਂ ਵਿੱਚ ਭਾਰੀ ਰੋਸ ਤੇ ਗੁੱਸਾ ਹੈ।ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਪੰਜਾਬ ਸਰਕਾਰ ਤੇ ਪਾਵਰਕੌਮ ਮੈਨੇਜਮੈਂਟ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਦਾ ਨਿਪਟਾਰਾ ਗੱਲਬਾਤ ਰਾਹੀਂ ਨਾ ਕੀਤਾ ਗਿਆ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ ਅਤੇ ਮਿਤੀ 13-03-24 ਨੂੰ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ ਸੂਬਾ ਪੱਧਰੀ ਰੋਸ ਧਰਨਾ ਦੇ ਕੇ ਮੁੱਖ ਮੰਤਰੀ ਦੀ ਰਹਾਇਸ਼ ਵੱਲ ਰੋਸ ਮਾਰਚ ਕੀਤਾ ਜਾਵੇਗਾ।ਰੋਸ ਰੈਲੀ ਨੂੰ ਹੋਰਨਾਂ ਤੋਂ ਇਲਾਵਾ ਜਸਵਿੰਦਰਪਾਲ, ਬਲਕਾਰ ਚੰਦ, ਸੁਖਦੇਵ ਸਿੰਘ, ਸੰਦੀਪ ਕੁਮਾਰ ਆਦਿ ਨੇ ਸੰਬੋਧਨ ਕੀਤਾ।

## ਕਾਤਰਾਂ

### ਦਲਜੀਤ ਸਿੰਘ ਨਮਿਤ ਪਾਠ ਦਾ ਭੋਗ ਅੱਜ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਪਿਛਲੇ ਦਿਨੀਂ ਸਥਾਨਕ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਤੇ ਮੌਜੂਦਾ ਕੌਂਸਲਰ ਮੇਲਾ ਸਿੰਘ ਸੂਬੇਦਾਰ ਨੂੰ ਉਸ ਸਮੇਂ ਵੱਡਾ ਸਦਮਾ ਪੁੱਜਾ ਜਦ ਉਨ੍ਹਾਂ ਦੇ ਪਿਤਾ ਦਲਜੀਤ ਸਿੰਘ ਦਾ ਅਚਾਨਕ ਦਿਹਾਂਤ ਹੋ ਗਿਆ।ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ਼੍ਰੀ ਸਹਿਜ ਪਾਠ ਦਾ ਭੋਗ 12 ਮਾਰਚ ਨੂੰ ਗੁਰਦੁਆਰਾ ਸ਼ਹੀਦ ਭਾਈ ਮਨੀ ਸਿੰਘ ਜੀ ਪੱਤੀ ਰੰਧਾਵਾ ਲੌਂਗੋਵਾਲ ਵਿਖੇ ਦੁਪਹਿਰ 12:30 ਵਜੇ ਤੱਕ ਪਵੇਗਾ।

### 30 ਗ੍ਰਾਮ ਹੈਰੋਇਨ, 2 ਮੋਬਾਇਲ, 300 ਰੁਪਏ ਰਾਸ਼ੀ ਸਣੇ ਕਾਬੂ, ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ 30 ਗ੍ਰਾਮ ਹੈਰੋਇਨ 2 ਮੋਬਾਇਲ ਫੋਨ ਅਤੇ 300 ਰੁਪਏ ਰਾਸ਼ੀ ਸਣੇ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸਵਰਨ ਸਿੰਘ ਨੇ ਦੱਸਿਆ ਕਿ ਉਹ ਸਮੇਤ ਕ੍ਰਮਚਾਰੀਆਂ ਦੇ ਨਾਲ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਦੇ ਸਬੰਧ ਵਿੱਚ ਗਸ਼ਤ ਦੌਰਾਨ ਪਿੰਡ ਕਾਠਗੜ੍ਹ ਸੇਮ ਨਾਲੇ ਦੇ ਕੋਲ ਪੁੱਜੇ ਤਾਂ ਸੇਮ ਨਾਲੇ ਦੀ ਪੱਟੜ 'ਤੇ ਇੱਕ ਨੌਜਵਾਨ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਇਕਦਮ ਪਿੱਛੇ ਨੂੰ ਮੁੜਨ ਲੱਗਾ ਤਾਂ ਪੁਲਸ ਪਾਰਟੀ ਨੇ ਇਸ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਕੇ ਉਸ ਦਾ ਨਾਂਅ ਪੁੱਛਿਆ ਗਿਆ ਤਾਂ ਉਸ ਨੇ ਆਪਣਾ ਨਾਂਅ ਅਸ਼ੋਕ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਕੱਟੀਆਂਵਾਲਾ ਉਰਫ਼ ਚੱਕ ਅਰਨੀਵਾਲਾ ਦੱਸਿਆ, ਜਿਸਦੀ ਤਲਾਸ਼ੀ ਲੈਣ 'ਤੇ ਉਸ ਦੀ ਕਮੀਜ ਦੀ ਜੇਬ ਵਿਚੋਂ ਕਾਲੇ ਰੰਗ ਦਾ ਮੋਮੀ ਕਾਗ਼ਜ਼ ਬਰਾਮਦ ਹੋਇਆ, ਜਿਸ ਵਿੱਚ 30 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਅਸ਼ੋਕ ਸਿੰਘ ਨੂੰ ਹੈਰੋਇਨ, 2 ਮੋਬਾਇਲ ਫੋਨ ਤੇ 300 ਰੁਪਏ ਨਕਦੀ ਸਣੇ ਕਾਬੂ ਕਰਕੇ ਉਸ ਦੇ ਖਿਲਾਫ਼ ਧਾਰਾ 21-61-85 ਐਨ.ਡੀ.ਪੀ.ਐਸ. ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

### ਬਾਬਾ ਫਰੀਦ ਐਜੂਕੇਸ਼ਨ ਐਂਡ ਵੈੱਲਫੇਅਰ ਸੁਸਾਇਟੀ ਵੱਲੋਂ ਵਿਸ਼ੇਸ਼ ਪ੍ਰੋਗਰਾਮ 16 ਨੂੰ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸਥਾਨਕ ਬਾਬਾ ਫਰੀਦ ਮੈਮੋਰੀਅਲ ਐਜੂਕੇਸ਼ਨ ਐਂਡ ਵੈੱਲਫੇਅਰ ਸੁਸਾਇਟੀ ਵੱਲੋਂ ਸ਼ਹੀਦ ਊਧਮ ਸਿੰਘ ਹੈਲਪਿੰਗ ਹੈਂਡ ਫਾਊਂਡੇਸ਼ਨ ਕੈਨੇਡਾ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਔਰਤ ਦਿਵਸ ਤੇ ਬਹਾਦਰੀ ਦਿਵਸ ਸ਼ਹੀਦ ਊਧਮ ਸਿੰਘ 13 ਮਾਰਚ 1940 ਨੂੰ ਸਮਰਪਤ ਪ੍ਰੋਗਰਾਮ ਦਾ ਆਯੋਜਨ ਬਾਬਾ ਫਰੀਦ ਮੈਮੋਰੀਅਲ ਐਜੂਕੇਸ਼ਨ ਐਂਡ ਵੈੱਲਫੇਅਰ ਸੁਸਾਇਟੀ ਨੇੜੇ ਮੂਲੇ ਕਾ ਦਰਵਾਜ਼ਾ ਲੌਂਗੋਵਾਲ ਵਿਖੇ 16 ਮਾਰਚ ਨੂੰ ਸਵੇਰੇ 10 ਵਜੇ ਕਰਵਾਇਆ ਜਾ ਰਿਹਾ ਹੈ।ਜਾਣਕਾਰੀ ਦਿੰਦੇ ਹੋਏ ਸੁਸਾਇਟੀ ਅਹੁਦੇਦਾਰਾਂ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੌਰਾਨ ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਲੌਂਗੋਵਾਲ, ਅਸ਼ੀਰਵਾਦ ਡੇ-ਬੋਰਡਿੰਗ ਸਕੂਲ ਝਾੜੋਂ, ਸਰਸਵਤੀ ਵਿੱਦਿਆ ਮੰਦਰ ਸਕੂਲ ਚੀਮਾ, ਬੀਬੀ ਭਾਨੀ ਪਬਲਿਕ ਸਕੂਲ ਲੌਂਗੋਵਾਲ, ਐੱਨ.ਐੱਸ.ਐੱਸ. ਯੂਨਿਟ ਸਲਾਇਟ ਲੌਂਗੋਵਾਲ, ਉਨਤ ਭਾਰਤ ਅਭਿਆਨ ਸਲਾਇਟ ਲੌਂਗੋਵਾਲ, ਪਵਨਯੋਗ ਮੇਕ ਬੈਟਰ ਫਾਊਂਡੇਸ਼ਨ ਸੰਗਰੂਰ ਤੇ ਸੰਗਰਾਮੀ ਕਲਾ ਕੇਂਦਰ ਸੁਨਾਮ ਊਧਮ ਸਿੰਘ ਵਾਲਾ ਸਹਿਯੋਗੀ ਸੰਸਥਾਵਾਂ ਵਜੋਂ ਆਪਣੀ ਭੂਮਿਕਾ ਨਿਭਾਉਣਗੀਆਂ।

## ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਐੱਸ ਐੱਸ ਪੀ ਦਫ਼ਤਰ ਅੱਗੇ ਧਰਨਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕ੍ਰਾਂਤੀਕਾਰੀ ਕਿਸਾਨ ਯੂਨੀਅਨ ਨੇ ਜ਼ਿਲ੍ਹਾ ਫਿਰੋਜ਼ਪੁਰ ਦੇ ਐੱਸ ਐੱਸ ਪੀ ਦਫ਼ਤਰ ਅੱਗੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਪੋਜੋ ਕੇ ਦੀ ਅਗਵਾਈ ਵਿੱਚ ਦਿੱਤਾ ਧਰਨਾ ਗਿਆ।ਪੱਤਰਕਾਰਾਂ ਨੂੰ ਜਾਣਕਾਰੀ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਭੇਜ ਸਿੰਘ ਟਿੱਬੀ ਨੇ ਦਿੰਦੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੰਮੇ ਸਮੇਂ ਤੋਂ ਲਾਰੇ ਲਾਏ ਜਾ ਰਹੇ ਹਨ, ਜਿਸ ਦੇ ਵਿਰੋਧ ਵਿੱਚ ਰੋਸ ਧਰਨਾ ਦਿੱਤਾ ਗਿਆ, ਜਿਸ ਵਿੱਚ ਪਿੰਡ ਬਜੀਦਪੁਰ ਦੇ ਨੌਜਵਾਨ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਾਉਣ, ਪਿੰਡ ਯਾਰੇ ਸ਼ਾਹ ਦੇ ਰਣਜੀਤ ਸਿੰਘ ਤੇ ਨਜਾਇਜ਼ ਪਰਚਾ ਰੱਦ ਕਰਵਾਉਣ, ਪਿੰਡ ਸੰਦਰ ਵਾਲੇ ਅਬਾਦਕਾਰ ਕਿਸਾਨਾਂ ਨੂੰ ਮਾਲਕੀ ਹੱਕ ਦਵਾਉਣ।14 ਮਾਰਚ ਨੂੰ ਦਿੱਲੀ ਵਿੱਚ ਹੋ ਰਹੀ ਮਹਾਂ ਪੰਚਾਇਤ ਵਿੱਚ ਭਾਰਤ ਦੇ ਕੋਨੇ ਕੋਨੇ ਤੋਂ ਕਿਸਾਨ ਆ ਰਹੇ ਹਨ, ਜ਼ਿਲ੍ਹਾ ਫਿਰੋਜ਼ਪੁਰ ਤੋਂ ਵੀ ਵੱਡੀ ਗਿਣਤੀ ਵਿਚ ਕਿਸਾਨ ਮਹਾ ਪੰਚਾਇਤ ਵਿੱਚ ਸ਼ਾਮਲ ਹੋਣਗੇ।ਅੱਜ ਦੇ ਧਰਨੇ ਵਿੱਚ ਸਟੇਜ ਦੀ ਭੂਮਿਕਾ ਜ਼ਿਲ੍ਹਾ ਆਗੂ ਜਤਿੰਦਰ ਰੌਫੀ ਨੇ ਨਿਭਾਈ।ਇਸ ਮੌਕੇ ਮੁੱਖ ਬੁਲਾਰੇ ਜ਼ਿਲ੍ਹਾ ਸਕੱਤਰ ਸੁਰਜੀਤ ਕੁਮਾਰ ਜ਼ਿਲ੍ਹਾ ਆਗੂ, ਰਣਜੀਤ ਸਿੰਘ, ਜ਼ਿਲ੍ਹਾ ਖ਼ਜ਼ਾਨਚੀ ਜਤਿੰਦਰ ਰੌਫੀ, ਜ਼ਿਲ੍ਹਾ ਆਗੂ ਗੁਰਸੇਵਕ ਸਿੰਘ ਖਵਾਜਾ ਖੜਕ, ਮਮਦੋਟ ਬਲਾਕ ਪ੍ਰਧਾਨ ਗੁਰਚਰਨ ਸਿੰਘ, ਬਲਾਕ ਖ਼ਜ਼ਾਨਚੀ ਜਸਵੀਰ ਸਿੰਘ, ਬਲਾਕ ਗੁਰਚਰਨ ਸਿੰਘ ਹਾਜ਼ਰ ਸਨ।

## ਰੁਪਾਣਾ ਦੇ ਮਜ਼ਦੂਰਾਂ ਵੱਲੋਂ ਬੀ ਡੀ ਪੀ ਓ ਦਫਤਰ ਅੱਗੇ ਪ੍ਰਦਰਸ਼ਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿੰਡ ਰੁਪਾਣਾ ਮੁਕਤਸਰ ਸਾਹਿਬ ਦੇ ਪਿੰਡ ਮਜ਼ਦੂਰਾਂ ਵੱਲੋਂ ਪੰਚਾਇਤੀ ਸ਼ਾਮਲਾਟ ਜ਼ਮੀਨਾਂ 'ਤੇ ਪਾਏ ਕੋਠਿਆਂ ਨੂੰ ਢਾਹੁਣ ਦੀਆਂ ਧਮਕੀਆਂ ਵਿਰੁੱਧ ਤੇ ਗ੍ਰਾਮ ਸਭਾ ਦੀ ਮੀਟਿੰਗ ਸੱਦ ਕੇ ਬੇਘਰਿਆਂ ਤੇ ਲੋੜਵੰਦਾਂ ਲਈ ਮਤਾ ਪਵਾਉਣ ਲਈ ਬੀ ਡੀ ਪੀ ਓ ਦਫਤਰ ਅੱਗੇ ਧਰਨਾ ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ ਇਕੱਠ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਆਗੂ ਲਖਵੀਰ ਸਿੰਘ ਤਖਤਮੁਲਾਣਾ ਨੇ ਕਿਹਾ ਪਿੰਡ ਰੁਪਾਣਾ ਵਿੱਚ ਸ਼ਾਮਲਾਟ ਜ਼ਮੀਨ 'ਤੇ ਸਰਦੇ ਪੁਜਦੇ ਸਿਆਸੀ ਚੌਧਰੀਆਂ ਨੇ ਕੋਠੀਆਂ ਪਾਈਆਂ ਹੋਈਆਂ ਅਤੇ ਪਿੰਡ ਦੇ ਨੌਂ ਕਿੱਲਿਆਂ ਦੇ ਛੱਪੜ 'ਤੇ ਇਨ੍ਹਾਂ ਦਾ ਕਬਜ਼ਾ ਹੈ।ਮਜ਼ਦੂਰ ਆਗੂ ਨੇ ਕਿਹਾ ਕਿ ਮਜ਼ਦੂਰਾਂ ਦੇ ਘਰ ਕਿਸੇ ਵੀ ਕੀਮਤ 'ਤੇ ਢਾਹੁਣ ਨਹੀਂ ਦਿੱਤੇ ਜਾਣਗੇ। ਇਸ ਤੋਂ ਬਾਅਦ ਬੀ ਡੀ ਪੀ ਓ ਨੇ ਜਥੇਬੰਦੀ ਨਾਲ ਟੇਬਲ ਟਾਕ ਕੀਤੀ, ਜਿਸ 'ਚ ਇਹ ਨਿੱਬੜਿਆ ਕਿ ਮਜ਼ਦੂਰਾਂ ਦੇ ਘਰ ਨਹੀਂ ਢਾਹੇ ਜਾਣਗੇ ਤੇ ਛੇਤੀ ਹੀ ਗ੍ਰਾਮ ਸਭਾ ਦੀ ਮੀਟਿੰਗ ਸੱਦ ਕੇ ਸਾਰੇ ਬੇਘਰਿਆਂ ਤੇ ਲੋੜਵੰਦਾਂ ਦਾ ਮਤਾ ਪਾਇਆ ਜਾਵੇਗਾ। ਇਸ ਦਿਹਾਤੀ ਮਜ਼ਦੂਰ ਸਭਾ ਵਿੱਚ ਸ਼ਾਮਲ ਹੋਏ ਪਿੰਡ ਦੇ ਸਾਬਕਾ ਸਰਪੰਚ ਸੁਖਚੈਨ ਸਿੰਘ ਤੇ ਦਿਹਾਤੀ ਮਜ਼ਦੂਰ ਸਭਾ ਦੀ ਜ਼ਿਲਾ ਆਗੂ ਵੀਰਾਂ ਕੌਰ ਜੰਮੂਆਣਾ ਤੇ ਵੱਡੀ ਗਿਣਤੀ ਵਿੱਚ ਮਜ਼ਦੂਰ ਮਰਦ-ਔਰਤਾਂ ਸ਼ਾਮਲ ਸਨ।

## ਜਥੇਦਾਰ ਮਾਹਲਾ ਦੀ ਅਗਵਾਈ 'ਚ ਪੰਜਾਬ ਬਚਾਓ ਯਾਤਰਾ ਦਾ ਹੋਵੇਗਾ ਸ਼ਾਨਦਾਰ ਸਵਾਗਤ : ਗੁਰਦਿੱਤ ਢਿੱਲੋਂ

### ਆਉਣ ਵਾਲੀਆਂ ਲੋਕ ਸਭਾ ਚੋਣਾਂ 'ਚ ਵੱਡੀ ਸ਼ਕਤੀ ਬਣ ਕੇ ਉੱਭਰੇਗਾ ਅਕਾਲੀ ਦਲ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸ਼ੁਰੂ ਕੀਤੀ 'ਪੰਜਾਬ ਬਚਾਓ ਯਾਤਰਾ' ਦੇ 13 ਮਾਰਚ ਨੂੰ ਹਲਕਾ ਬਾਘਾ ਪੁਰਾਣਾ 'ਚ ਆਉਣ 'ਤੇ ਅਕਾਲੀ ਵਰਕਰਾਂ ਤੇ ਆਮ ਲੋਕਾਂ ਵਿੱਚ ਕਾਫ਼ੀ ਉਤਸ਼ਾਹ ਪਾਇਆ ਜਾ ਰਿਹਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਆਗੂ ਗੁਰਦਿੱਤ ਸਿੰਘ ਢਿੱਲੋਂ ਨੇ ਕਰਦਿਆਂ ਆਖਿਆ ਕਿ 'ਪੰਜਾਬ ਬਚਾਓ ਯਾਤਰਾ' ਦਾ 13 ਮਾਰਚ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ ਤੇ ਉਨ੍ਹਾਂ ਦੇ ਸਪੁੱਤਰ ਸ਼੍ਰੋਮਣੀ ਅਕਾਲੀ ਦਲ ਕੋਰ ਕਮੇਟੀ ਦੇ ਮੈਂਬਰ ਸੁਖਜੀਤ ਸਿੰਘ ਮਾਹਲਾ ਦੀ ਅਗਵਾਈ ਵਿਚ ਬਾਘਾ ਪੁਰਾਣਾ ਦੇ ਹਲਕੇ ਸਮਾਧ ਭਾਈ 1.30 ਵਜੇ, ਸੰਗਤਪੁਰਾ, ਮਾੜੀ, ਚੰਨੂੰ ਵਾਲਾ, ਬੁੱਧ ਸਿੰਘ ਵਾਲਾ, ਬਾਘਾ ਪੁਰਾਣਾ, ਲੰਗੇਆਣਾ ਵਿਖੇ 'ਪੰਜਾਬ ਬਚਾਓ ਯਾਤਰਾ' ਦਾ ਪਹੁੰਚਣ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਵਰਕਰ ਜ਼ੋਰਦਾਰ ਸਵਾਗਤ ਕਰਨਗੇ।ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਰਕਰਾਂ ਤੇ ਆਮ ਲੋਕਾਂ ਨੂੰ ਖੁਦ ਸੰਬੋਧਨ ਕਰਨਗੇ।ਸ੍ਰੀ ਢਿੱਲੋਂ ਨੇ ਸਮੂਹ ਪਾਰਟੀ ਆਗੂਆਂ ਤੇ ਵਰਕਰਾਂ ਨੂੰ ਵੱਧ ਚੜ੍ਹ ਕੇ ਇਨ੍ਹਾਂ ਸਮਾਗਮਾਂ ਵਿੱਚ ਹਿੱਸਾ ਲੈਣ ਦੀ ਅਪੀਲ ਕਰਦਿਆਂ ਆਖਿਆ ਕਿ 'ਪੰਜਾਬ ਬਚਾਓ ਯਾਤਰਾ' ਦਾ ਮੰਤਵ ਸੂਬੇ ਦੀ ਸੱਤਾ 'ਤੇ ਕਾਬਜ਼ ਆਮ ਆਦਮੀ ਪਾਰਟੀ ਦੀਆਂ ਨਕਾਮੀਆਂ ਨੂੰ ਜੱਗ ਜ਼ਾਹਰ ਕਰਨ ਲਈ ਕੀਤਾ ਜਾ ਰਿਹਾ ਹੈ।ਗੁਰਦਿੱਤ ਸਿੰਘ ਢਿੱਲੋਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਹਿਲਾਂ ਹੀ ਸਾਰੇ ਅਕਾਲੀ ਦਲ ਦੇ ਨਰਾਜ਼ ਹੋ ਚੁੱਕੇ ਆਗੂਆਂ ਨੂੰ ਅਪੀਲ ਕਰ ਦਿੱਤੀ ਹੈ ਕਿ ਉਹ ਪਾਰਟੀ ਦੀ ਮਜ਼ਬੂਤੀ ਲਈ ਅਕਾਲੀ ਦਲ ਵਿੱਚ ਸ਼ਾਮਲ ਹੋ ਜਾਣ, ਕਿਉਂਕਿ ਇਹ ਖੇਤਰੀ ਪਾਰਟੀ ਹੈ ਤੇ ਪੰਜਾਬ ਦੇ ਹਿੱਤਾਂ ਦੀ ਅਗਵਾਈ ਕਰਨ ਵਾਲੀ ਹੈ।ਇਸ ਲਈ ਆਪਾਂ ਦਿੱਲੀ ਤੋਂ ਚੱਲਣ ਵਾਲੀਆਂ ਪਾਰਟੀਆਂ ਨੂੰ ਸਬਕ ਸਿਖਾਉਣ ਲਈ ਜਿੱਥੇ ਇੱਕਜੁੱਟਤਾ ਦੀ ਲੋੜ ਦੇਖਣ ਨੂੰ ਮਿਲ ਰਹੀ ਹੈ, ਉੱਥੇ ਪਾਰਟੀ ਤੋਂ ਨਿਰਾਸ਼ ਹੋ ਚੁੱਕੇ ਆਗੂਆਂ ਨੂੰ ਇਕ ਮੰਚ 'ਤੇ ਇਕੱਠੇ ਹੋ ਜਾਣ ਦੀ ਵੀ ਜ਼ਰੂਰਤ ਹੈ।

## ਭਲਕੇ ਨਿਹਾਲ ਸਿੰਘ ਵਾਲਾ ਪਹੁੰਚੇਗੀ 'ਪੰਜਾਬ ਬਚਾਓ ਯਾਤਰਾ'

**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਕੇ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਨੂੰ ਉਜਾਗਰ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼ੁਰੂ ਕੀਤੀ ਗਈ 'ਪੰਜਾਬ ਬਚਾਓ ਯਾਤਰਾ' ਤਹਿਤ ਹਲਕਾ ਨਿਹਾਲ ਸਿੰਘ ਵਾਲਾ ਵਿੱਚ 13 ਮਾਰਚ ਨੂੰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਮੁੱਚੀ ਹਾਈਕਮਾਨ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਲੋਕਾਂ ਨੂੰ ਸੰਬੋਧਨ ਕਰਨਗੇ। ਇਨ੍ਹਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਲੰਢੇਕੇ, ਹਲਕਾ ਅਬਜ਼ਰਵਰ ਤੇ ਭਗਵਾਨ ਪਰਸ਼ੂਰਾਮ ਬ੍ਰਾਹਮਣ ਸਭਾ ਪੰਜਾਬ ਦੇ ਚੇਅਰਮੈਨ ਖਣਮੁੱਖ ਭਾਰਤੀ ਪੱਤੋ ਤੇ ਹਲਕਾ ਇੰਚਾਰਜ ਜਥੇਦਾਰ ਬਲਦੇਵ ਸਿੰਘ ਮਾਣੂੰਕੇ ਨੇ ਕੀਤਾ। ਉਨ੍ਹਾਂ ਦੱਸਿਆ ਕਿ ਪਿੰਡ ਬੁੱਟਰ ਕਲਾਂ ਤੋਂ ਸ਼ੁਰੂ ਕਰਕੇ ਬੱਧਨੀ, ਨਿਹਾਲ ਸਿੰਘ ਵਾਲਾ, ਮਾਣੂੰਕੇ ਆਦਿ ਪਿੰਡਾਂ 'ਚ ਹੁੰਦੇ ਹੋਏ ਇਹ ਯਾਤਰਾ ਫੂਲੇਵਾਲਾ ਵਿਖੇ ਪਹੁੰਚੇਗੀ।

## ਪੰਜਾਬੀ ਲਿਖਾਰੀ ਸਭਾ ਪੀਰ ਮੁਹੰਮਦ ਵੱਲੋਂ ਸਨਮਾਨ ਸਮਾਰੋਹ



**ਮੱਖੂ (ਰਛਪਾਲ ਸਿੰਘ ਸੰਧੂ)**-ਪੰਜਾਬੀ ਲਿਖਾਰੀ ਸਭਾ ਪੀਰ ਮੁਹੰਮਦ ਵੱਲੋਂ ਪ੍ਰਧਾਨ ਹਰਭਿੰਦਰ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਬਲਾਕ ਪੱਧਰ ਦਾ ਸਨਮਾਨ ਸਮਾਰੋਹ ਕਰਵਾਇਆ ਗਿਆ।ਇਸ ਸਨਮਾਨ ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਸਨਮਾਨਯੋਗ ਸ਼ਖਸੀਅਤ ਡਾ. ਇੰਦਰਜੀਤ ਸਿੰਘ ਗੋਗੋਆਣੀ ਤੇ ਮੁੱਖ ਮਹਿਮਾਨ ਵਜੋਂ ਸਮਾਜ ਸੇਵੀ ਸਰਪੰਚ ਹਰਜਿੰਦਰ ਸਿੰਘ ਹਸ਼ਮਤ ਵਾਲਾ ਪਹੁੰਚੇ।ਇਸ ਸਮਾਰੋਹ ਵਿੱਚ ਸਾਹਿਤਕਾਰਾਂ ਵੱਲੋਂ ਸਰੋਤਿਆਂ ਨੂੰ ਵੱਖ ਵੱਖ ਵਿਸ਼ਿਆਂ 'ਤੇ ਕਵਿਤਾਵਾਂ, ਗੀਤ, ਗਜ਼ਲਾਂ, ਹਾਸ ਵਿਅੰਗ ਸੁਣਾ ਕੇ ਪ੍ਰਭਾਵਿਤ ਕੀਤਾ।ਇਸ ਮੌਕੇ ਡਾ. ਇੰਦਰਜੀਤ ਸਿੰਘ ਗੋਗੋਆਣੀ ਤੇ ਸਰਪੰਚ ਹਰਜਿੰਦਰ ਸਿੰਘ ਹਸ਼ਮਤ ਵਾਲਾ ਨੇ ਕਿਹਾ ਕਿ ਪੰਜਾਬੀ ਮਾਂ ਬੋਲੀ ਇੱਕ ਵਿਸ਼ੇਸ਼ ਤੇ ਇੱਕ ਅਥਾਹ ਸਮੁੰਦਰ ਹੈ, ਜਿਸ ਦਾ ਕੋਈ ਵੀ ਅੰਤ ਨਹੀਂ ਪਾ ਸਕਦਾ।ਪੰਜਾਬੀ ਲਿਖਾਰੀ ਸਭਾ ਦੇ ਸਮੂਹ ਮੈਂਬਰਾਂ ਵੱਲੋਂ ਡਾ. ਇੰਦਰਜੀਤ ਸਿੰਘ ਗੋਗੋਆਣੀ, ਸਰਪੰਚ ਹਰਜਿੰਦਰ ਸਿੰਘ ਹਸ਼ਮਤ ਵਾਲਾ ਤੇ ਸੁਖਬੀਰ ਸਿੰਘ ਖੁਰਮਨੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਸਮਾਰੋਹ ਦੌਰਾਨ ਪੰਜਾਬੀ ਲਿਖਾਰੀ ਸਭਾ ਵੱਲੋਂ ਫ੍ਰੀ ਕਿਤਾਬਾਂ ਦੇ ਸਟਾਲ ਵੀ ਲਗਾਏ ਗਏ। ਇਸ ਮੌਕੇ ਸਰਪ੍ਰਸਤ ਜਰਨੈਲ ਸਿੰਘ ਭੁੱਲਰ, ਬਾਪੂ ਅਜੀਤ ਸਿੰਘ, ਗੁਰਮੀਤ ਸਿੰਘ ਭੁੱਲਰ, ਅਸ਼ੋਕ ਆਰਜ਼ੂ ਮੱਖੂ, ਯਸ਼ਪਾਲ ਗੁਲਾਟੀ, ਪ੍ਰਤਾਪ ਸਿੰਘ ਹੀਰਾ, ਡਾ. ਜਗੀਰ ਸਿੰਘ ਮੱਲ੍ਹੀ ਸਰਪੰਚ, ਸਰਬਜੀਤ ਸਿੰਘ ਤਲਵੰਡੀ, ਚੇਅਰਮੈਨ ਕਾਬਲ ਸਿੰਘ ਬੂਟੇਵਾਲਾ, ਗੁਰਵਿੰਦਰ ਸਿੰਘ ਹਸ਼ਮਤਵਾਲਾ, ਸਾਹਬ ਸਿੰਘ ਰਸੂਲਪੁਰ ਮੈਂਬਰ ਬਲਾਕ ਸੰਮਤੀ, ਜਸਵੀਰ ਸਿੰਘ ਸਸਤੇਵਾਲਾ, ਬਲਵਿੰਦਰ ਸਿੰਘ ਢਿੱਲੋਂ ਪੱਧਰੀ, ਰਾਜ ਸਿੰਘ ਧਾਰੀਵਾਲ, ਕੁਲਵਿੰਦਰ ਸਿੰਘ ਸਸਤੇ ਵਾਲਾ, ਚੇਅਰਮੈਨ ਹਰਭਜਨ ਸਿੰਘ ਜੰਮੂ, ਹਰਪਾਲ ਸਿੰਘ ਮਨੇਸ ਤੇ ਜਸਵੰਤ ਸਿੰਘ ਗੋਗੀਆ ਸੀਨੀਅਰ ਮੀਤ ਪ੍ਰਧਾਨ, ਲਖਬੀਰ ਸਿੰਘ ਰਸੂਲਪੁਰੀ ਤੇ ਨਸੀਬ ਸਿੰਘ ਦਿਵਾਨਾ ਮੀਤ ਪ੍ਰਧਾਨ, ਹਰਦੇਵ ਸਿੰਘ ਭੁੱਲਰ ਖਜ਼ਾਨਚੀ, ਕੁਲਵਿੰਦਰ ਸਿੰਘ ਪ੍ਰੈੱਸ ਸਕੱਤਰ, ਸਾਰਜ ਸਿੰਘ ਭੁੱਲਰ ਤੇ ਮਾਣਕ ਸੰਧੂ ਮੁੱਖ ਸਲਾਹਕਾਰ, ਜੋਗਾ ਸਿੰਘ ਸੂਦਾਂ ਸਲਾਹਕਾਰ, ਬਾਜ ਭੁੱਲਰ ਪ੍ਰਚਾਰ ਸਕੱਤਰ, ਪਿਆਰਾ ਸਿੰਘ ਘਾਰੂ ਕੋਆਰਡੀਨੇਟਰ, ਜਤਿੰਦਰ ਸਿੰਘ ਮੱਲੇਵਾਲਾ, ਸਿੰਘ ਦੀਪ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਰੋਤੇ ਹਾਜ਼ਰ ਸਨ।

## 2 ਕਿੱਲੋ 676 ਗ੍ਰਾਮ ਹੈਰੋਇਨ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਫਿਰੋਜ਼ਪੁਰ ਪੁਲਸ ਨੇ ਹਲਕਾ ਗੁਰੂ ਹਰਸਹਾਏ ਦੇ ਅਧੀਨ ਆਉਂਦੇ ਪਿੰਡ ਗਾਮੂ ਵਾਲਾ ਦੇ ਲਹਿੰਦੇ ਪਾਸੇ ਦੁੱਲੇ ਕੇ ਨੱਥੂ ਵਾਲਾ ਦੇ ਖੇਤਾਂ ਨੂੰ ਜਾਂਦੇ ਕੱਚੇ ਰਸਤੇ ਤੋਂ ਥੋੜ੍ਹਾ ਅੱਗੇ ਵੱਟ 'ਤੇ ਪਏ ਲਿਫਾਫੇ 'ਚੋਂ 2 ਕਿੱਲੋ 676 ਗ੍ਰਾਮ ਹੈਰੋਇਨ ਬਰਾਮਦ ਕਰਕੇ ਅਣਪਛਾਤੇ ਵਿਅਕਤੀ ਖਿਲਾਫ ਥਾਣਾ ਗੁਰੂ ਹਰਸਹਾਏ 'ਚ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਮੁੱਖ ਅਫਸਰ ਗੁਰਜੰਟ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਦਾਣਾ ਮੰਡੀ ਖੇਰੈ ਕੇ ਉਤਾੜ ਪਾਸ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਦੀ ਇਤਲਾਹ ਪੁਲਸ ਪਾਰਟੀ ਵੱਲੋਂ ਮੌਕੇ 'ਤੇ ਜਾ ਕੇ 2 ਕਿੱਲੋ 676 ਗ੍ਰਾਮ ਹੈਰੋਇਨ ਬਰਾਮਦ ਹੋਈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਹੈਰੋਇਨ ਬਰਾਮਦ ਕਰਕੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਮਹਾਸ਼ਿਵਰਾਤਰੀ ਦਾ ਤਿਉਹਾਰ ਮਨਾਇਆ



**ਜਗਰਾਉਂ (ਅਮਿਤ ਖੰਨਾ)**-ਰਾਮ ਮੰਦਰ ਮੁਹੱਲਾ ਪ੍ਰਤਾਪ ਨਗਰ ਵਿੱਚ ਮਹਾਸ਼ਿਵਰਾਤਰੀ ਦਾ ਤਿਉਹਾਰ ਮਨਾਇਆ ਗਿਆ।ਮੰਦਰ ਨੂੰ ਰੰਗ ਬਰੰਗੀਆਂ ਰੋਸ਼ਨੀਆਂ ਨਾਲ ਸਜਾਇਆ ਗਿਆ ਤੇ ਭਗਵਾਨ ਸ਼ਿਵ ਦੀ ਪੂਜਾ ਕੀਤੀ ਗਈ।ਸਵੇਰ ਤੋਂ ਹੀ ਸ਼ਿਵ ਭਗਤਾਂ ਨੇ ਮੰਦਰ 'ਚ ਮੱਥਾ ਟੇਕਿਆ ਤੇ ਸ਼ਿਵਲਿੰਗ 'ਤੇ ਦੁੱਧ ਚੜ੍ਹਾਇਆ।ਭਜਨ ਸਮੂਹਾਂ ਨੇ ਭਜਨ ਗਾਏ ਤੇ ਭਗਵਾਨ ਸ਼ਿਵ ਦਾ ਗੁਣਗਾਨ ਕੀਤਾ।ਇਸ ਮੌਕੇ ਲੰਗਰ ਵੀ ਵਰਤਾਇਆ ਗਿਆ।ਇਸ ਮੌਕੇ ਅਮਿਤ ਮਲਹੋਤਰਾ, ਸ਼ਾਂਤੀ, ਰਾਘਵ ਖੰਨਾ, ਸੁਭਾਸ਼ ਖੰਨਾ, ਕੇਸ਼ਵ ਖੰਨਾ, ਰਜਤ ਟੰਡਨ, ਸਾਹਿਲ, ਅਨਮੋਲ ਆਦਿ ਹਾਜ਼ਰ ਸਨ।

## ਭਾਰਤ ਵਿਕਾਸ ਪ੍ਰੀਸ਼ਦ ਸ਼ਾਖਾ ਦੇ ਮੁੜ ਬਣੇ ਭੂਸ਼ਨ ਗੋਇਲ ਪ੍ਰਧਾਨ ਤੇ ਸ਼ਸ਼ੀ ਗਰਗ ਚੇਅਰਮੈਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਭਾਰਤ ਵਿਕਾਸ ਪ੍ਰੀਸ਼ਦ ਸ਼ਾਖਾ ਬਾਘਾ ਪੁਰਾਣਾ ਦੀ 2024-25 ਸੁਨੀਲ ਜੈਨ ਰਿਜਨ ਸੈਕਟਰੀ ਸੇਵਾ, ਸੁਮਨ ਕਾਂਤ ਵਿਜ ਸਟੇਟ ਐੱਨ.ਜੀ.ਐੱਸ.ਸੀ. ਪ੍ਰਮੁੱਖ ਤੇ ਮਨੋਜ ਮੋਗਾ ਸੈਕਟਰੀ ਜਰਨਲ ਸਾਊਥ ਸਟੇਟ ਵੱਲੋਂ ਚੋਣ ਕਰਵਾਈ ਗਈ, ਜਿਸ ਵਿੱਚ ਸਾਰੇ ਹੀ ਮੈਂਬਰਾਂ ਦੀ ਸਰਬਸੰਮਤੀ ਨਾਲ ਭੂਸ਼ਨ ਗੋਇਲ ਨੂੰ ਪ੍ਰਧਾਨ ਤੇ ਸ਼ਸ਼ੀ ਗਰਗ ਨੂੰ ਚੇਅਰਮੈਨ, ਦਵਿੰਦਰ ਬਾਂਸਲ ਸੈਕਟਰੀ, ਅਜੇ ਗੁੰਬਰ ਕੈਸ਼ੀਅਰ ਨੂੰ ਨਿਯੁਕਤ ਕੀਤਾ ਗਿਆ ਅਤੇ ਨਿਯੁਕਤ ਕਰਨ ਉਪਰੰਤ ਹਾਰ ਪਾ ਕੇ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਨਾਲ ਹੀ ਹਰੀ ਗੌਰਵ ਜਿੰਦਲ ਨੂੰ ਸਹਾਇਕ ਕੈਸ਼ੀਅਰ, ਕੇਵਲ ਕ੍ਰਿਸ਼ਨ ਬਾਂਸਲ ਨੂੰ ਉੱਪ ਪ੍ਰਧਾਨ, ਸੰਜੀਵ ਮਿੱਤਲ ਸੰਜੂ ਆੜ੍ਹਤੀ ਨੂੰ ਜੁਆਇੰਟ ਸੈਕਟਰੀ ਤੇ ਹਰਪ੍ਰੀਤ ਸਿੰਘ ਘੱਟੂ ਨੂੰ ਪੀ.ਆਰ.ਓ. ਤੇ ਸੰਜੀਵ ਬਾਂਸਲ ਨੂੰ ਸਲਾਹਕਾਰ ਨਿਯੁਕਤ ਕੀਤਾ ਗਿਆ।ਇਸ ਮੌਕੇ ਬਾਊ ਭਗਵੰਤ ਰਾਏ, ਰਮਨਦੀਪ ਅਗਰਵਾਲ, ਅਜੇ ਦੂਆ, ਦੀਪਕ ਤਲਵਾੜ, ਮਨੋਜ ਗੋਇਲ, ਵਿਜੇ ਬੰਟੀ ਜਿੰਦਲ, ਪ੍ਰੇਮ ਪਾਲ ਗਰਗ ਸਟੇਟ ਮੈਂਬਰ ਬਾਡੀ ਤੋਂ ਇਲਾਵਾ ਅਸ਼ਵਨੀ ਮਿੱਤਲ, ਸੁਨੀਲ ਕੁਮਾਰ ਸੰਨੀ, ਮਨੋਹਰ ਲਾਲ, ਜੋਨੀ ਸ਼ਰਮਾ, ਵਿਕਾਸ ਕਟਾਰੀਆ, ਜਸਵੀਰ ਸ਼ਰਮਾ, ਕ੍ਰਿਸ਼ਨ ਕਾਂਸਲ ਐੱਸ.ਡੀ.ਓ., ਰਾਕੇਸ਼ ਕਮਾਰ, ਵਰਿੰਦਰ ਕੁਮਾਰ, ਸਾਹਿਲ ਅਰੋੜਾ, ਓਮ ਪ੍ਰਕਾਸ਼, ਨਰਿੰਦਰ, ਗੁਰਪ੍ਰੀਤ, ਜਰਨੈਲ ਸਿੰਘ, ਦਲਜੀਤ ਸਿੰਘ, ਪੰਕਜ ਗੁੰਬਰ, ਕੁਨਾਲ ਕਾਂਸਲ, ਮੋਹਿਤ ਗਰਗ, ਗਗਨਦੀਪ ਗੋਇਲ, ਡਾ. ਗੁਲਸ਼ਨ, ਡਾ. ਸਤੀਸ਼ ਕੁਮਾਰ, ਸੁਰੇਸ਼ ਗੋਇਲ, ਨਵੀਨ ਬਾਂਸਲ, ਰਜਿੰਦਰ ਸੋਨੀ ਤੋਂ ਇਲਾਵਾ ਹੋਰ ਵੀ ਮੈਂਬਰ ਮੌਜੂਦ ਸਨ।ਇਸ ਮੌਕੇ ਨਵੇਂ ਚੁਣੇ ਗਏ ਮੈਂਬਰਾਂ ਦੇ ਹਾਰ ਪਾ ਕੇ ਵਧਾਈ ਦਿੱਤੀ।ਇਸ ਮੌਕੇ ਪ੍ਰਧਾਨ ਭੂਸ਼ਨ ਗੋਇਲ ਤੇ ਚੇਅਰਮੈਨ ਸ਼ਸ਼ੀ ਗਰਗ ਨੇ ਆਏ ਹੋਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਜੀ ਆਇਆਂ ਆਖਿਆ।

## ਨਾਜਰ ਸਿੰਘ ਨਮਿੱਤ ਪਾਠ ਦਾ ਭੋਗ ਅੱਜ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਸਥਾਨਕ ਪੱਤੀ ਦੁੱਲਟ ਦੇ ਵਸਨੀਕ ਪ੍ਰਧਾਨਾਂ ਦੇ ਸਮੂਹ ਪਰਵਾਰ ਤੇ ਸੁਰਜੀਤ ਸਿੰਘ ਪਟਵਾਰੀ ਰਿਟਾ. ਕਾਨੂੰਗੋ ਨੂੰ ਉਸ ਸਮੇਂ ਵੱਡਾ ਸਦਮਾ ਪੁੱਜਾ, ਜਦ ਉਨ੍ਹਾਂ ਦੇ ਵੱਡੇ ਭਰਾ ਨਾਜਰ ਸਿੰਘ ਦਾ ਦਿਹਾਂਤ ਹੋ ਗਿਆ।ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ਼੍ਰੀ ਸਹਿਜ ਪਾਠ ਦਾ ਭੋਗ 12 ਮਾਰਚ ਨੂੰ ਗੁਰਦੁਆਰਾ ਸਿੱਧ ਸਮਾਧਾਂ ਲੌਂਗੋਵਾਲ ਵਿਖੇ 12:30 ਵਜੇ ਪਵੇਗਾ।

## ਅੱਜ ਬਿਜਲੀ ਬੰਦ ਰਹੇਗੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਾਵਰਕਾਮ ਉਪ ਮੰਡਲ ਸ਼ੇਰਖਾਂ ਦੇ ਐੱਸ ਡੀ ਓ ਬਲਜੀਤ ਸਿੰਘ ਬਰਾੜ ਨੇ ਜਾਣਕਾਰੀ ਦਿੰਦੇ ਦੱਸਿਆ ਕਿ 12 ਮਾਰਚ 2024 ਨੂੰ 66 ਕੇਵੀ ਸਬ ਸਰਕਲ ਸਾਂਦੇ ਹਾਸ਼ਮ ਬਸ-ਬਾਰ ਦੀ ਜ਼ਰੂਰੀ ਮੇਨਟੀਨੈਂਸ ਅਤੇ ਸਾਂਭ ਸੰਭਾਲ ਦੇ ਕਾਰਨ ਇਸ ਗਰਿਡ ਤੋਂ ਚੱਲਦੀ ਸਾਰੀ ਸਪਲਾਈ ਸਵੇਰੇ ਸਾਢੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ। ਇਸ ਦੌਰਾਨ 11 ਕੇਵੀ ਅਰਬਨ ਸਾਂਦੇ ਹਾਸ਼ਮ, ਅਰਮਾਨਪੁਰ, ਯੂਪੀਐੱਸ, ਨਾਜੂਸ਼ਾਹ ਯੂਪੀਐੱਸ, ਹਸਤੀ ਵਾਲਾ ਯੂਪੀਐੱਸ, ਸਾਂਦੇ ਏਪੀ, ਲੂੰਬੜੀ ਏਪੀ, ਨੱਥੂਵਾਲਾ ਏਪੀ, ਗੁਰੂ ਨਾਨਕ ਨਗਰ ਏਪੀ, ਜਮੀਤਪੁਰ ਢੇਰੂ, ਹਰੀਪੁਰਾ ਏਪੀ, ਬੱਗੇ ਕੇ ਏਪੀ, ਤਾਰਪੁਰ ਏਪੀ, ਬਸਤੀ ਇੰਦਰ ਸਿੰਘ, ਕਾਕੂ ਵਾਲਾ ਏਪੀ, ਆਂਸਲ ਏਪੀ ਫੀਡਰਾਂ ਦੀ ਸਪਲਾਈ ਬੰਦ ਰਹੇਗੀ।

## ਕਾਂਗਰਸ ਪਾਰਟੀ ਦਲ-ਬਦਲੂਆਂ ਤੋਂ ਸੁਚੇਤ ਰਹੇ : ਸ਼ਮਸ਼ੇਰ ਦੂਲੋ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਤੇ ਸਾਬਕਾ ਮੰਤਰੀ ਸਮਸ਼ੇਰ ਸਿੰਘ ਦੂਲੋਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਆਪਣੇ ਵਿਰੋਧੀ ਪਾਰਟੀਆਂ ਦੇ ਆਗੂਆਂ ਨਾਲ ਪਿੰਡਾਂ ਦੀਆਂ ਔਰਤਾਂ ਵਾਂਗ ਝਗੜਦੇ ਦਿਖਾਈ ਦਿੰਦੇ ਹਨ, ਜੋ ਕਿ ਉਨ੍ਹਾਂ ਨੂੰ ਸ਼ੋਭਾ ਨਹੀਂ ਦਿੰਦਾ। ਸੀਨੀਅਰ ਕਾਂਗਰਸੀ ਆਗੂ ਦੂਲੋਂ ਜੋ ਕਿ ਅੱਜ ਆਪਣੇ ਨੇੜਲੇ ਸਾਥੀ ਤੇ ਬੇਟ ਇਲਾਕੇ ਦੇ ਪਿੰਡ ਉਧੋਵਾਲ ਦੇ ਸਾਬਕਾ ਸਰਪੰਚ ਪ੍ਰਕਾਸ਼ ਸਿੰਘ ਦੇ ਘਰ ਆਏ ਸਨ, ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਡੀ ਆਪਣੀ ਕਾਂਗਰਸ ਪਾਰਟੀ ਨੂੰ ਵੀ ਦਲ-ਬਦਲੂਆਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ, ਕਿਉਂਕਿ ਇਹ ਲੋਕ ਆਪਣੇ ਨਿੱਜੀ ਮੁਫ਼ਾਦ ਲਈ ਪਾਰਟੀ ਨੂੰ ਵੱਡੀ ਢਾਹ ਲਗਾ ਰਹੇ ਹਨ।

ਸਾਬਕਾ ਪ੍ਰਧਾਨ ਦੂਲੋਂ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਵਰ੍ਹਦਿਆਂ ਕਿਹਾ ਕਿ ਉਸ ਦੇ ਰਾਜ ਵਿੱਚ ਦਲ ਬਦਲੂ ਆਉਣੇ ਸ਼ੁਰੂ ਹੋਏ, ਜਿਸ ਕਾਰਨ ਪਾਰਟੀ ਨੂੰ 2022 ਵਿੱਚ ਸੱਤਾ ਤੋਂ ਹੱਥ ਧੋਣੇ ਪਏ ਤੇ ਅੱਜ ਜੋ ਕਾਂਗਰਸ ਸਮੇਂ ਰਾਜ ਕਰਦੇ ਰਹੇ, ਉਹ ਫਿਰ ਦਲ ਬਦਲ ਕੇ ਦੂਜੀਆਂ ਪਾਰਟੀਆਂ ਵਿੱਚ ਜਾ ਰਲੇ। ਉਨ੍ਹਾ ਕਿਹਾ ਕਿ ਕਾਂਗਰਸ ਹਾਈਕਮਾਂਡ ਨੂੰ ਟਕਸਾਲੀ ਤੇ ਪਾਰਟੀ ਹਿੱਤਾਂ ਲਈ ਕੰਮ ਕਰਨ ਵਾਲੇ ਆਗੂਆਂ ਤੇ ਵਰਕਰਾਂ ਦੀ ਪਹਿਚਾਣ ਕਰ ਅੱਗੇ ਲਿਆਉਣਾ ਚਾਹੀਦਾ ਹੈ। ਸਮਸ਼ੇਰ ਸਿੰਘ ਦੂਲੋਂ ਨੇ ਕਿਹਾ ਕਿ 'ਆਪ' ਸਰਕਾਰ ਨੇ ਵਾਅਦਾ ਕੀਤਾ ਸੀ ਕਿ ਉਹ ਦਲਿਤ ਆਗੂ ਨੂੰ ਉਪ-ਮੁੱਖ ਮੰਤਰੀ ਦਾ ਅਹੁਦਾ ਦੇਣਗੇ, ਪਰ ਵਿਧਾਨ ਸਭਾ 'ਚ ਇਹ ਮੁੱਦਾ ਉਠਾਉਣ ਵਾਲੇ ਵਿਧਾਇਕ ਨੂੰ ਗਲਤ ਸ਼ਬਦਾਵਲੀ ਵਰਤੀ ਗਈ, ਜਿਸ ਦਾ ਮਾਣਯੋਗ ਸਪੀਕਰ ਨੂੰ ਨੋਟਿਸ ਲੈ ਕੇ ਮੁੱਖ ਮੰਤਰੀ ਤੋਂ ਮੁਆਫ਼ੀ ਮੰਗਵਾਉਣੀ ਚਾਹੀਦੀ ਸੀ। ਉਨ੍ਹਾ ਕਿਹਾ ਕਿ 'ਆਪ' ਸਰਕਾਰ ਦਾ ਇਹ ਦਲਿਤ ਵਿਰੋਧੀ ਚਿਹਰਾ ਲੋਕਾਂ ਅੱਗੇ ਬੇਨਕਾਬ ਹੋ ਚੁੱਕਾ ਹੈ। ਇਸ ਮੌਕੇ ਕੁਲਵਿੰਦਰ ਸਿੰਘ ਮਾਣੇਵਾਲ, ਜਸਦੇਵ ਸਿੰਘ ਟਾਂਡਾ, ਅਮਰਜੀਤ ਸਿੰਘ ਰਹੀਮਾਬਾਦ, ਗੁਰਮੀਤ ਸਿੰਘ ਉਧੋਵਾਲ, ਜਸ਼ਨ ਉਧੋਵਾਲ, ਹੈਪੀ ਉਧੋਵਾਲ ਮੌਜੂਦ ਸਨ।

## 1.5 ਕਰੋੜ ਰੁਪਏ ਨਾਲ ਬਣੇਗਾ ਬੈਡਮਿੰਟਨ ਸਿੰਥੈਟਿਕ ਕੋਰਟ



**ਜਲਾਲਾਬਾਦ (ਜੀਤ ਕੁਮਾਰ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਖੇਡ ਸੱਭਿਆਚਾਰ ਵਿਕਸਤ ਕਰਨ ਲਈ ਲਗਾਤਾਰ ਠੋਸ ਉਪਰਾਲੇ ਕਰ ਰਹੀ ਹੈ। ਪੰਜਾਬ ਸਰਕਾਰ ਵੱਲੋਂ ਜਲਾਲਾਬਾਦ ਦੇ ਨੌਜਵਾਨਾਂ ਨੂੰ ਵੱਡੀ ਸੌਗਾਤ ਦਿੱਤੀ ਗਈ ਹੈ। ਇਹ ਜਾਣਕਾਰੀ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਦਿੱਤੀ। ਉਹ ਇੱਥੇ ਬਣਨ ਵਾਲੇ ਬੈਡਮਿੰਟਨ ਸਿੰਥੈਟਿਕ ਕੋਰਟ ਦੇ ਨੀਂਹ ਪੱਥਰ ਤੋਂ ਬਾਅਦ ਬੋਲ ਰਹੇ ਸਨ। ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਲਾਲਾਬਾਦ ਵਿਖੇ 1.5 ਕਰੋੜ ਰੁਪਏ ਦੀ ਲਾਗਤ ਨਾਲ ਇਹ ਬੈਡਮਿੰਟਨ ਸਿੰਥੈਟਿਕ ਕੋਰਟ ਬਣੇਗਾ, ਜਿਸ ਨਾਲ ਜਲਾਲਾਬਾਦ ਇਲਾਕੇ ਦੇ ਖਿਡਾਰੀਆਂ ਨੂੰ ਇੱਕ ਵੱਡੀ ਸਹੂਲਤ ਮਿਲੇਗੀ ਤੇ ਵਿਸ਼ਵ ਪੱਧਰੀ ਮਿਆਰਾਂ ਦੇ ਅਨੁਸਾਰ ਉਨ੍ਹਾਂ ਨੂੰ ਆਪਣੀ ਖੇਡ ਤਿਆਰੀਆਂ ਲਈ ਬੈਡਮਿੰਟਨ ਸਿੰਥੈਟਿਕ ਕੋਰਟ ਮਿਲੇਗਾ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਰਾਜ 'ਚ ਖੇਡ ਸੱਭਿਆਚਾਰ ਵਿਕਸਤ ਕਰ ਰਹੀ ਹੈ ਤੇ ਇਸੇ ਲਈ ਖੇਡਾਂ ਵਤਨ ਪੰਜਾਬ ਦੀਆਂ ਕਰਾਈਆਂ ਗਈਆਂ ਸਨ ਤੇ ਕੌਮਾਂਤਰੀ ਮੁਕਾਬਲਿਆਂ ਵਿੱਚ ਜੇਤੂ ਖਿਡਾਰੀਆਂ ਨੂੰ ਨਕਦ ਇਨਾਮ ਅਤੇ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਵਿਧਾਇਕ ਨੇ ਹਲਕੇ ਦੇ ਨੌਜਵਾਨਾਂ ਨੂੰ ਵਧਾਈ ਦਿੱਤੀ ਕਿ ਉਨ੍ਹਾਂ ਦੀ ਮੰਗ ਤੇ ਇਹ ਮਹੱਤਵਪੂਰਨ ਸਟੇਡੀਅਮ ਇੱਥੇ ਬਣਾਇਆ ਜਾ ਰਿਹਾ ਹੈ।

ਵਿਧਾਇਕ ਨੇ ਕਿਹਾ ਕਿ ਇਹ ਸਟੇਡੀਅਮ ਜਲਦ ਹੀ ਬਣ ਕੇ ਤਿਆਰ ਹੋ ਜਾਵੇਗਾ, ਜਿਸ ਦੇ ਨਾਲ ਬੈਡਮਿੰਟਨ ਖੇਡਣ ਵਾਲੇ ਨੌਜਵਾਨਾਂ ਨੂੰ ਇਸ ਦਾ ਬਹੁਤ ਲਾਭ ਹੋਵੇਗਾ। ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਨੌਜਵਾਨ ਸਾਡੇ ਸੂਬੇ ਦੀ ਸ਼ਕਤੀ ਹਨ, ਜ਼ਰੂਰਤ ਹੈ ਇਨ੍ਹਾਂ ਦੀ ਸ਼ਕਤੀ ਨੂੰ ਸਹੀ ਦਿਸ਼ਾ ਦੇਣ ਦੀ। ਉਨ੍ਹਾਂ ਕਿਹਾ ਕਿ ਇਸ ਤਰਾਂ ਦੇ ਖੇਡ ਮੈਦਾਨ ਸਾਡੇ ਨੌਜਵਾਨਾਂ ਦੀ ਊਰਜਾ ਨੂੰ ਸਹੀ ਦਿਸ਼ਾ ਦੇਣਗੇ, ਜਦ ਕਿ ਸਾਡੇ ਨੌਜਵਾਨ ਤਿਆਰੀ ਕਰਕੇ ਕੌਮਾਂਤਰੀ ਮੈਡਲ ਜਿੱਤਣਗੇ ਤਾਂ ਉਹ ਬੁਰੀਆਂ ਅਲਾਮਤਾਂ ਤੋਂ ਵੀ ਦੂਰ ਰਹਿਣਗੇ ਤੇ ਹੋਰਨਾਂ ਲਈ ਵੀ ਪ੍ਰੇਰਨਾ ਸਰੋਤ ਬਣਨਗੇ। ਇਸ ਮੌਕੇ ਮਾਰਕੀਟ ਕਮੇਟੀ ਚੇਅਰਮਨ ਦੇਵ ਰਾਜ ਸ਼ਰਮਾ, ਕਾ. ਪਵਨ ਅਰੋੜਾ, ਨਗਰ ਕੌਂਸਲ ਜਲਾਲਾਬਾਦ ਵਾਇਸ ਪ੍ਰਧਾਨ ਰਸ਼ਪਾਲ ਸਿੰਘ ਢੋਲਾ, ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਕਪਤਾਨ ਛਾਬੜਾ, ਆਪ ਆਗੂ ਜਰਨੈਲ ਸਿੰਘ, ਆਪ ਆਗੂ ਸ਼ੇਰਬਾਜ ਸੰਧੂ, ਬਹੁਮੰਤਵੀ ਖੇਡ ਸਟੇਡੀਅਮ ਦੇ ਨਵੇਂ ਚੇਅਰਮੈਨ ਅੰਤਿਕ ਕਟਾਰੀਆ ਤੋਂ ਇਲਾਵਾ ਸ਼ਹਿਰ ਦੇ ਪਤਵੰਤੇ ਵੀ ਹਾਜ਼ਰ ਸਨ।

### ਪੰਜਾਬ 'ਚ ਸਿੱਖਿਆ ਕ੍ਰਾਂਤੀ ਲਿਆਉਣ ਦੇ ਦਾਅਵੇ ਖੋਖਲੇ

## ਪ੍ਰਿੰਸੀਪਲਾਂ ਤੇ ਮੁੱਖ ਅਧਿਆਪਕਾਂ ਤੋਂ ਸੱਖਣੇ ਕਈ ਸਕੂਲ



**ਕੋਟਕਪੂਰਾ (ਰਛਪਾਲ ਭੁੱਲਰ)**-ਪਿਛਲੇ ਲਗਭਗ ਦੋ ਸਾਲ ਤੋਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਸੂਬਾ ਪ੍ਰਧਾਨ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੇ ਪੰਜਾਬ ਦੇ ਕਈ ਹੋਰ ਮੰਤਰੀ ਹਰ ਰੋਜ਼ ਪੰਜਾਬ ਵਿੱਚ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਤੇ ਸਿੱਖਿਆ ਕ੍ਰਾਂਤੀ ਲਿਆਉਣ ਦਾ ਬੜੇ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰ ਰਹੇ ਹਨ, ਜਦਕਿ ਤਸਵੀਰ ਦਾ ਇੱਕ ਪਹਿਲੂ ਇਹ ਵੀ ਹੈ ਕਿ ਸਿੱਖਿਆ ਵਿਭਾਗ ਪੰਜਾਬ ਦੇ ਹੀ ਪੋਰਟਲ ਅਨੁਸਾਰ ਬਹੁਤ ਸਾਰੇ ਜ਼ਿਲ੍ਹਿਆਂ ਦੇ ਸਰਕਾਰੀ ਸੈਕੰਡਰੀ ਸਕੂਲ ਪੱਕੇ ਪ੍ਰਿੰਸੀਪਲਾਂ ਤੋਂ, ਸਰਕਾਰੀ ਹਾਈ ਸਕੂਲ ਪੱਕੇ ਮੁੱਖ ਅਧਿਆਪਕਾਂ ਤੋਂ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਦਫ਼ਤਰ ਪੱਕੇ ਬੀ.ਪੀ.ਈ.ਓ ਤੋਂ ਬਿਨਾਂ ਡੰਗ ਸਾਰ ਰਹੇ ਹਨ।ਜ਼ਿਲ੍ਹੇ ਦੇ 11 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੱਕੇ ਪ੍ਰਿੰਸੀਪਲ ਨਹੀਂ, ਜਿਨ੍ਹਾਂ ਵਿੱਚ ਪ੍ਰਮੁੱਖ ਤੌਰ 'ਤੇ ਪਿੰਡ ਚੰਦਭਾਨ, ਰੋੜੀਕਪੂਰਾ, ਰਾਮੇਆਣਾ, ਮੱਤਾ, ਝੱਖੜਵਾਲਾ, ਬਰਗਾੜੀ, ਚੰਦਬਾਜਾ, ਕੋਟਸੁਖੀਆ ਤੇ ਅਰਾਈਆਂ ਵਾਲਾ ਕਲਾਂ ਆਦਿ ਸ਼ਾਮਲ ਹਨ।ਇਸੇ ਤਰ੍ਹਾਂ 5 ਸਰਕਾਰੀ ਹਾਈ ਸਕੂਲਾਂ ਵਿੱਚ ਪੱਕੇ ਮੁੱਖ ਅਧਿਆਪਕ ਨਹੀਂ ਹਨ, ਜਿਨ੍ਹਾਂ ਵਿੱਚ ਡੱਲੇਵਾਲਾ ਬਿਸ਼ਨੰਦੀ, ਚੈਨਾ, ਰੋਮਾਣਾ ਅਜੀਤ ਸਿੰਘ ਤੇ ਬਹਿਬਲ ਖੁਰਦ ਸ਼ਾਮਲ ਹਨ।ਇਸ ਤੋਂ ਇਲਾਵਾ ਤਰਨਤਾਰਨ ਜ਼ਿਲ੍ਹੇ ਦੇ ਕੁੱਲ 77 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ 'ਚੋਂ ਪ੍ਰਿੰਸੀਪਲਾਂ ਦੀਆਂ ਸਿਰਫ 35 ਆਸਾਮੀਆਂ ਭਰੀਆਂ ਹਨ ਤੇ 42 ਆਸਾਮੀਆਂ ਖਾਲੀ ਹਨ।ਖਾਲੀ ਆਸਾਮੀਆਂ ਦੀ ਪ੍ਰਤੀਸ਼ਤਤਾ ਲਗਭਗ 55 ਫ਼ੀਸਦੀ ਹੈ।ਤਰਨਤਾਰਨ ਦੇ ਸਰਕਾਰੀ ਹਾਈ ਸਕੂਲਾਂ ਦੀ ਕੁੱਲ ਗਿਣਤੀ 97 ਹੈ ਤੇ ਇਨ੍ਹਾਂ ਵਿੱਚੋਂ ਮੁੱਖ ਅਧਿਆਪਕਾਂ ਦੀਆਂ ਸਿਰਫ਼ 20 ਅਸਾਮੀਆਂ ਭਰੀਆਂ ਹੋਈਆਂ ਹਨ ਤੇ 77 ਆਸਾਮੀਆਂ ਖਾਲੀ ਹਨ।ਖਾਲੀ ਅਸਾਮੀਆਂ ਦੀ ਪ੍ਰਤੀਸ਼ਤਤਾ ਲਗਭਗ 79 ਫ਼ੀਸਦੀ ਬਣਦੀ ਹੈ ।ਤਰਨਤਾਰਨ ਜ਼ਿਲ੍ਹੇ ਦੇ 3 ਵਿੱਦਿਅਕ ਬਲਾਕਾਂ ਵਿੱਚ ਪੱਕੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਨਹੀਂ ਹਨ।ਮੋਗਾ ਜ਼ਿਲ੍ਹੇ 'ਚ ਕੁੱਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 84 ਹਨ, ਜਿਨ੍ਹਾਂ ਵਿੱਚ ਪ੍ਰਿੰਸੀਪਲਾਂ ਦੀਆਂ 31 ਅਸਾਮੀਆਂ ਭਰੀਆਂ ਤੇ 53 ਆਸਾਮੀਆਂ ਖਾਲੀ ਪਈਆਂ ਹਨ।ਅੰਮ੍ਰਿਤਸਰ ਜ਼ਿਲ੍ਹੇ ਦੇ 18 ਸੀਨੀਅਰ ਸੈਕੰਡਰੀ ਸਕੂਲ ਤੇ 46 ਸਰਕਾਰੀ ਹਾਈ ਸਕੂਲ ਮੁਖੀਆਂ ਤੋਂ ਸੱਖਣੇ ਹਨ।ਸ੍ਰੀ ਮੁਕਤਸਰ ਸਾਹਿਬ ਦੇ 23 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੱਕੇ ਪ੍ਰਿੰਸੀਪਲ ਨਹੀਂ ਹਨ।ਇਸ ਤਰ੍ਹਾਂ ਫ਼ਾਜ਼ਿਲਕਾ ਜ਼ਿਲ੍ਹੇ ਦੇ 15 ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪ੍ਰਿੰਸੀਪਲ ਤੋਂ ਸੱਖਣੇ ਹਨ।

ਜ਼ਿਲ੍ਹੇ ਦੇ ਬਾਘਾਪੁਰਾਣਾ ਬਲਾਕ ਦੇ ਇੱਕ ਸਰਕਾਰੀ ਸੀਨੀਅਰ ਸਕੂਲ ਵਿੱਚ ਪ੍ਰਿੰਸੀਪਲ ਦੀ ਅਸਾਮੀ ਭਰੀ ਹੋਈ ਹੈ ਤੇ ਬਾਕੀ 14 ਆਸਾਮੀਆਂ ਖਾਲੀ ਪਈਆਂ ਹਨ।ਸਿਰਫ਼ 1 ਸਕੂਲ ਬਾਘਾਪੁਰਾਣਾ ਲੜਕੇ (ਸਕੂਲ ਆਫ਼ ਐਮੀਨੈਂਸ) ਦੀ ਆਸਾਮੀ ਭਰੀ ਹੋਈ ਹੈ ।ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਸਲਾਹਕਾਰ ਪ੍ਰੇਮ ਚਾਵਲਾ ਨੇ ਸਮੂਹ ਵਿਦਿਆਰਥੀਆਂ ਦੇ ਹਿੱਤ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਮੰਗ ਕੀਤੀ ਹੈ ਕਿ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਪ੍ਰਿੰਸੀਪਲ, ਮੁੱਖ ਅਧਿਆਪਕ ਤੇ ਅਧਿਆਪਕਾਂ ਦੀਆਂ ਖਾਲੀ ਪਈਆਂ ਹਜ਼ਾਰਾਂ ਆਸਾਮੀਆਂ ਤੁਰੰਤ ਵੱਖ-ਵੱਖ ਵਰਗਾਂ ਦੀਆਂ ਬਕਾਇਆ ਪਈਆਂ ਤਰੱਕੀਆਂ ਤੇ ਸਿੱਧੀ ਭਰਤੀ ਦੇ ਕੋਟੇ ਅਨੁਸਾਰ ਤੁਰੰਤ ਭਰੀਆਂ ਜਾਣ ਤਾਂ ਹੀ ਪੰਜਾਬ ਦੇ ਸਰਕਾਰੀ ਸਕੂਲ ਬਿਹਤਰ ਨਤੀਜੇ ਵਿਖਾ ਸਕਦੇ ਹਨ।

12-MAR-PAGE-7.qxd 3/11/2024 8:40 PM Page 1



# ਪੰਜਾਬ ਰੋਡਵੇਜ਼ ਪਨਬਸ/ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਗੇਟ ਰੈਲੀ

## ਭਲਕੇ ਟਰਾਂਸਪੋਰਟ ਦੇ ਕੱਚੇ ਮੁਲਾਜ਼ਮ ਵਿਧਾਨ ਸਭਾ ਵੱਲ ਕਰਨਗੇ ਕੂਚ : ਮਾਣਕ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ)**-ਪੰਜਾਬ ਰੋਡਵੇਜ਼ ਪਨਬਸ/ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ 25/11 ਵੱਲੋਂ ਪੰਜਾਬ ਦੇ ਸਮੂਹ ਡਿੱਪੂਆਂ 'ਤੇ ਗੇਟ ਰੈਲੀਆਂ ਕੀਤੀਆਂ ਗਈਆਂ। ਮੀਤ ਪ੍ਰਧਾਨ ਮਨਜੀਤ ਸਿੰਘ ਨੇ ਸ੍ਰੀ ਮੁਕਤਸਰ ਸਾਹਿਬ ਡਿੱਪੂ ਦੇ ਗੇਟ 'ਤੇ ਗੇਟ ਰੈਲੀ ਮੌਕੇ ਬੋਲਦਿਆਂ ਕਿਹਾ ਕਿ ਆਪ ਸਰਕਾਰ ਹਰ ਪਾਸੇ ਤੋਂ ਫੇਲ੍ਹ ਹੋ ਚੁੱਕੀ ਹੈ। ਪੰਜਾਬ ਦਾ ਹਰ ਵਰਗ ਦੁਖੀ ਹੈ, ਜਿਸ ਦੇ ਚੱਲਦੇ ਜਥੇਬੰਦੀ ਵੱਲੋਂ ਵਾਰ ਵਾਰ ਸੰਘਰਸ਼ ਉਲੀਕੇ ਜਾਂਦੇ ਨੇ। ਹਰ ਮੀਟਿੰਗ ਵਿੱਚ ਸਰਕਾਰ ਤੇ ਮੈਨੇਜਮੈਂਟ ਮੰਗਾਂ ਨੂੰ ਮੰਨ ਲੈਂਦੀ ਹੈ ਤੇ ਲਿਖਤੀ ਭਰੋਸਾ ਵੀ ਦਿੱਤਾ ਜਾਂਦਾ ਹੈ, ਪ੍ਰੰਤੂ ਮੈਨੇਜਮੈਂਟ ਵੱਲੋਂ ਮੰਗਾਂ ਨੂੰ ਮੰਨ ਕੇ ਵੀ ਲਾਗੂ ਕਰਨ ਵਿੱਚ ਦਿਕਤਾਂ ਪੈਦਾ ਕੀਤੀਆਂ ਜਾਂਦੀਆਂ ਹਨ। ਪਿਛਲੇ ਸਮੇਂ 9 ਫਰਵਰੀ ਦੀ ਮੀਟਿੰਗ ਸਰਕਾਰ ਤੇ ਮੈਨੇਜਮੈਂਟ ਦੇ ਨਾਲ ਹੋਈ ਸੀ, ਜਿਸ ਮੀਟਿੰਗ ਵਿੱਚ ਸਾਰੀ ਮੰਗਾਂ ਮੰਨ ਲਈਆਂ ਗਈਆਂ ਸੀ, ਪ੍ਰੰਤੂ ਮੈਨੇਜਮੈਂਟ ਜਾਣ-ਬੁੱਝ ਕੇ ਉਸ ਵਿੱਚ ਅੜਚਨਾਂ ਪੈਦਾ ਕਰ ਰਹੀ ਹੈ। ਜਥੇਬੰਦੀ ਨੂੰ ਸਰਕਾਰ ਖਿਲਾਫ ਧਰਨੇ ਮੁਜ਼ਾਹਰੇ ਕਰਨ ਲਈ ਮਜਬੂਰ ਕਰ ਰਹੀ ਹੈ।ਹੁਣ ਤੱਕ ਮੈਨੇਜਮੈਂਟ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਆਊਟਸੋਰਸਿੰਗ ਮੁਲਾਜ਼ਮਾਂ ਨੂੰ ਕੰਟਰੈਕਟ 'ਤੇ ਕਰਨ, ਸਾਰੇ ਮੁਲਾਜ਼ਮਾਂ ਦੀ ਤਨਖਾਹ ਬਰਾਬਰ ਕਰਨ, ਕੰਡੀਸ਼ਨਾਂ ਵਿੱਚ ਸੋਧ ਕਰਨ ਲਈ ਕਿਸੇ ਵੀ ਕਮੇਟੀ ਦਾ ਗਠਨ ਨਹੀਂ ਕੀਤਾ ਗਿਆ। ਮੁਲਾਜ਼ਮਾਂ ਦੀਆਂ ਮੰਗਾਂ ਜਿਉਂ ਦੀਆਂ ਤਿਉਂ ਲੰਮੇ ਸਮੇਂ ਤੋਂ ਲੰਮਕਦੀਆਂ ਆ ਰਹੀਆਂ ਹਨ ਤੇ ਨਾ ਹੀ ਮਾਰੂ ਕੰਡੀਸ਼ਨਾਂ ਲਾ ਕੇ ਕੱਢੇ ਮੁਲਾਜ਼ਮਾਂ ਨੂੰ ਬਹਾਲ ਕੀਤਾ ਗਿਆ, ਉਲਟਾ ਜੋ ਕੰਟਰੈਕਟ ਦੇ ਮੁਲਾਜ਼ਮਾਂ ਨੂੰ ਬਹਾਲ ਕੀਤਾ, ਉਨ੍ਹਾਂ ਨੂੰ ਮੁੜ ਤੋਂ ਆਊਟ ਸੋਰਸ ਠੇਕੇਦਾਰੀ ਸਿਸਟਮ 'ਤੇ ਲਿਆ ਜਾ ਰਿਹਾ। ਡਿੱਪੂ ਚੇਅਰਮੈਨ ਜਗਸੀਰ ਸਿੰਘ ਮਾਣਕ ਤੇ ਜਨਰਲ ਸਕੱਤਰ ਗੁਰਬਾਜ ਸਿੰਘ ਨੇ ਕਿਹਾ ਕਿ ਲੱਗਭਗ ਠੇਕੇਦਾਰੀ ਸਿਸਟਮ ਤਹਿਤ ਮੁਲਾਜ਼ਮ 10-15 ਸਾਲ ਤੋਂ ਸੰਤਾਪ ਹੰਡਾ ਰਹੇ ਨੇ ਹੁਣ ਤੱਕ ਸਰਕਾਰਾਂ ਹਰ ਵਾਰੀ ਲਾਰੇ ਲਾ ਕੇ ਵੋਟਾਂ ਬਟੋਰ ਲੈਂਦੀਆਂ ਹਨ, ਪਰ ਪੰਜਾਬ ਦੇ ਨੌਜਵਾਨਾਂ ਦਾ ਸ਼ੋਸ਼ਣ ਲਗਾਤਾਰ ਹੋ ਰਿਹਾ ਹੈ।ਪਿਛਲੇ ਸਮੇਂ ਦੀ ਲੱਗਭਗ ਇੱਕ ਸਾਲ ਦੀ ਤਨਖਾਹ ਦਾ 5% ਏਰੀਅਲ ਵੀ ਪੈਂਡਿੰਗ ਹੈ। ਵਿਭਾਗ ਤੇ ਮੈਨੇਜਮੈਂਟ ਦਾ ਉਸ ਵੱਲ ਕੋਈ ਵੀ ਧਿਆਨ ਨਹੀਂ ਹੈ। ਬੱਸਾਂ ਦੀ ਘਾਟ ਹੋਣ ਦੇ ਬਾਵਜੂਦ ਮੁਲਾਜ਼ਮ ਲੋਕਾਂ ਦੀ ਖੱਜਲ ਖੁਆਰੀ ਨੂੰ ਮੁੱਖ ਰੱਖਦੇ ਹੋਏ ਸਰਕਾਰ ਤੇ ਵਿਭਾਗ ਦਾ ਪੂਰਾ ਸਾਥ ਦੇ ਰਹੇ ਹਨ।ਜੇਕਰ ਸਰਕਾਰ ਤੇ ਮੈਨੇਜਮੈਂਟ ਨੇ ਮੰਗਾਂ ਦਾ ਹੱਲ ਜਲਦੀ ਨਾ ਕੀਤਾ ਤੇ ਮੈਨੇਜਮੈਂਟ ਵੱਲੋਂ ਤੋੜ ਮਰੋੜ ਕੇ ਪੇਸ਼ ਕੀਤੀਆਂ ਗਈਆਂ ਮੰਗਾਂ ਨੂੰ ਸਹੀ ਨਾ ਕੀਤਾ ਗਿਆ ਤਾਂ ਆਉਣ ਵਾਲੀ 12 ਮਾਰਚ ਨੂੰ ਦੁਪਹਿਰ ਤੋਂ ਸਰਕਾਰੀ ਬੱਸਾਂ ਦੀ ਸਰਵਿਸ ਬੰਦ ਕੀਤੀ ਜਾਵੇਗੀ, ਚੱਕਾ ਜਾਮ ਕੀਤਾ ਜਾਵੇਗਾ ਤੇ 13 ਮਾਰਚ ਨੂੰ ਮੋਹਾਲੀ ਤੋਂ ਵਿਧਾਨ ਸਭਾ ਚੰਡੀਗੜ੍ਹ ਵੱਲ ਵਿਸ਼ਾਲ ਰੋਸ ਮਾਰਚ ਕੱਢ ਕੇ ਧਰਨਾ ਦਿੱਤਾ ਜਾਵੇਗਾ, ਜਿਸ ਵਿੱਚ ਹੋਣ ਵਾਲੇ ਨੁਕਸਾਨ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਮੈਨੇਜਮੈਂਟ ਦੀ ਹੋਵੇਗੀ।

## ਖੁਦਕਸ਼ੀ ਮਾਮਲੇ 'ਚ ਨਾਮਜ਼ਦ ਲੜਕਾ-ਲੜਕੀ ਨੂੰ ਕੈਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੱਕ 23 ਸਾਲਾ ਕਾਲਜ ਵਿਦਿਆਰਥਣ ਦੀ ਭਾਖੜਾ ਨਹਿਰ 'ਚ ਡੁੱਬਣ ਕਾਰਨ ਹੋਈ ਮੌਤ ਦੇ ਮਾਮਲੇ 'ਚ ਪੁਲਸ ਵੱਲੋਂ ਨਾਮਜ਼ਦ ਕੀਤੇ ਗਏ ਇੱਕ ਲੜਕੇ ਤੇ ਉਸ ਦੀ ਦੋਸਤ ਲੜਕੀ ਨੂੰ ਇੱਥੋਂ ਦੀ ਇੱਕ ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਮੰਡੀ ਗੋਬਿੰਦਗੜ੍ਹ ਵਿਖੇ ਮਿਤੀ 8/3/19 ਨੂੰ ਅ/ਧ 346,306 ਆਈ.ਪੀ.ਸੀ. ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਪੁਲਸ ਵੱਲੋਂ ਦਵਿੰਦਰ ਸਿੰਘ ਬੈਨੀਪਾਲ ਉਰਫ ਜੱਗਾ ਤੇ ਮਨਜੀਤ ਕੌਰ ਉਰਫ ਮਨਰੀਤ ਕੌਰ ਉਰਫ ਮਨੂੰ ਨੂੰ ਗ੍ਰਿਫਤਾਰ ਕੀਤਾ ਗਿਆ ਸੀ।ਮਾਮਲੇ 'ਚ ਸ਼ਿਕਾਇਤਕਰਤਾ ਭਗਵੰਤ ਸਿੰਘ ਨਾਮਕ ਵਿਅਕਤੀ ਨੇ ਦੋਸ਼ ਲਗਾਏ ਸਨ ਕਿ ਕਾਲਜ 'ਚ ਐੱਮ. ਕਾਮ. ਦੀ ਪੜ੍ਹਾਈ ਕਰ ਰਹੀ ਉਸ ਦੀ 23 ਸਾਲਾ ਲੜਕੀ ਗਗਨਦੀਪ ਕੌਰ ਮਿਤੀ 1/3/19 ਨੂੰ ਘਰੋਂ ਪੜ੍ਹਨ ਲਈ ਗਈ ਸੀ, ਪਰ ਵਾਪਸ ਨਹੀਂ ਮੁੜੀ, ਜਿਸ ਦੀ ਲਾਸ਼ 16 ਦਿਨਾਂ ਬਾਅਦ ਹਰਿਆਣਾ ਦੇ ਜਨਸੂਈ ਹੈੱਡ ਤੋਂ ਨਹਿਰ 'ਚੋਂ ਮਿਲੀ ਸੀ।ਸ਼ਿਕਾਇਤਕਰਤਾ ਨੇ ਪੁਲਸ ਨੂੰ ਦੱਸਿਆ ਸੀ ਕਿ ਉਸ ਨੂੰ ਪਤਾ ਲੱਗਾ ਹੈ ਕਿ ਦਵਿੰਦਰ ਸਿੰਘ ਬੈਨੀਪਾਲ ਉਰਫ ਜੱਗਾ ਦੀ ਉਸ ਦੀ ਲੜਕੀ ਗਗਨਦੀਪ ਕੌਰ ਨਾਲ ਦੋਸਤੀ ਸੀ, ਜਦੋਂਕਿ ਦਵਿੰਦਰ ਸਿੰਘ ਬੈਨੀਪਾਲ ਦੀ ਦੋਸਤੀ ਮਨਰੀਤ ਕੌਰ ਉਰਫ ਮਨਜੀਤ ਕੌਰ ਉਰਫ ਮਨੂੰ ਨਾਲ ਵੀ ਸੀ ਤੇ ਉਕਤ ਲੜਕੀ ਵੱਲੋਂ ਗਗਨਦੀਪ ਕੌਰ ਨੂੰ ਧਮਕਾਇਆ ਜਾ ਰਿਹਾ ਸੀ ਕਿ ਉਹ ਦਵਿੰਦਰ ਸਿੰਘ ਬੈਨੀਪਾਲ ਨਾਲੋਂ ਸਬੰਧ ਤੋੜ ਲਵੇ ਨਹੀਂ ਤਾਂ ਉਹ ਸੀ.ਆਈ.ਏ. ਸਟਾਫ 'ਚ ਲੱਗੇ ਆਪਣੇ ਰਿਸ਼ਤੇਦਾਰ ਰਾਹੀਂ ਉਨ੍ਹਾਂ ਦੇ ਘਰ ਪੁਲਸ ਭੇਜ ਕੇ ਉਸ ਨੂੰ ਚੁਕਵਾ ਦੇਵੇਗੀ। ਸ਼ਿਕਾਇਤਕਰਤਾ ਨੇ ਦੋਸ਼ ਲਗਾਏ ਸਨ ਕਿ ਉਸ ਦੀ ਲੜਕੀ ਗਗਨਦੀਪ ਕੌਰ ਦੀ ਮੌਤ ਲਈ ਦਵਿੰਦਰ ਸਿੰਘ ਬੈਨੀਪਾਲ ਉਰਫ ਜੱਗਾ ਤੇ ਮਨਰੀਤ ਕੌਰ ਉਰਫ ਮਨਜੀਤ ਕੌਰ ਉਰਫ ਮਨੂੰ ਹੀ ਜ਼ਿੰਮੇਵਾਰ ਹਨ।ਮੁਕੱਦਮੇ ਦੀ ਸੁਣਵਾਈ ਦੌਰਾਨ ਅਦਾਲਤ 'ਚ ਪੇਸ਼ ਕੀਤੇ ਗਏ ਸਬੂਤਾਂ ਤੇ ਗਵਾਹੀਆਂ ਨੂੰ ਵਿਚਾਰਨ ਤੋਂ ਬਾਅਦ ਫ਼ਤਹਿਗੜ੍ਹ ਸਾਹਿਬ ਦੀ ਸੈਸ਼ਨਜ਼ ਅਦਾਲਤ ਨੇ ਉਕਤ ਦੋਨਾਂ ਨੂੰ ਦੋਸ਼ੀ ਮੰਨਦੇ ਹੋਏ 3-3 ਸਾਲ ਕੈਦ ਬਾਮੁਸ਼ੱਕਤ ਤੇ 10-10 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

# ਕਿਸਾਨਾਂ ਨੇ ਰੇਲਵੇ ਟਰੈਕ 'ਤੇ ਬੈਠ ਕੇ ਕੇਂਦਰ ਖਿਲਾਫ ਕੀਤਾ ਪ੍ਰਦਰਸ਼ਨ

## ਜਿੰਨਾ ਚਿਰ ਹੱਕੀ ਮੰਗਾਂ ਮੰਨੀਆਂ ਨਹੀਂ ਜਾਂਦੀਆਂ ਕਿਸਾਨੀ ਸੰਘਰਸ਼ ਜਾਰੀ ਰਹੇਗਾ : ਆਗੂ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**
ਸੰਯੁਕਤ ਮੋਰਚੇ ਦੇ ਸੱਦੇ 'ਤੇ ਰੇਲ ਰੋਕ ਪ੍ਰੋਗਰਾਮ ਤਹਿਤ ਗਿੱਦੜਬਾਹਾ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਬਲਾਕ ਗਿੱਦੜਬਾਹਾ ਦੇ ਪ੍ਰਧਾਨ ਗੋਰਾ ਸਿੰਘ ਖਾਲਸਾ, ਠਾਣਾ ਸਿੰਘ ਬਬਾਣੀਆਂ ਬਲਾਕ ਮੀਤ ਪ੍ਰਧਾਨ, ਭਾਰਤੀ ਕਿਸਾਨ ਯੂਨੀਅਨ ਖੋਸਾ ਪੰਜਾਬ ਦੇ ਕੁਲਦੀਪ ਸਿੰਘ ਨੇਤਾ ਕੋਟਭਾਈ ਜ਼ਿਲ੍ਹਾ ਜਰਨਲ ਸਕੱਤਰ ਸ੍ਰੀ ਮੁਕਤਸਰ ਸਾਹਿਬ ਤੇ ਨਾਨਕ ਸਿੰਘ ਫੱਕਰਸਰ ਬਲਾਕ ਪ੍ਰਧਾਨ ਗਿੱਦੜਬਾਹਾ ਦੀ ਅਗਵਾਈ ਵਿੱਚ ਗਿੱਦੜਬਾਹਾ ਵਿਖੇ ਸਾਬਕਾ ਸੈਨਕਾਂ ਦੇ ਸਹਿਯੋਗ ਨਾਲ 12 ਵਜੇ ਤੋਂ 4 ਵਜੇ ਤੱਕ ਰੇਲਵੇ ਸਟੇਸ਼ਨ ਗਿੱਦੜਬਾਹਾ 'ਤੇ ਰੇਲਵੇ ਟਰੈਕ 'ਤੇ ਬੈਠ ਕੇ ਕੇਂਦਰ ਸਰਕਾਰ ਖਿਲਾਫ ਪ੍ਰਦਰਸ਼ਨ ਕਰਦੇ ਹੋਏ ਨਾਅਰੇਬਾਜ਼ੀ ਕੀਤੀ। ਇਸ ਮੌਕੇ ਕਿਸਾਨ ਆਗੂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕੇਂਦਰ ਦੀ ਸਰਕਾਰ ਕਿਸਾਨ ਅੰਦੋਲਨ ਦੌਰਾਨ ਦੁਨੀਆ ਦੇ ਅੰਨਦਾਤਾ ਅਖਵਾਉਣ ਵਾਲੇ ਕਿਸਾਨਾਂ ਨਾਲ ਧੱਕਾ ਕਰ ਰਹੀ ਹੈ, ਸਰਕਾਰ ਨੇ ਮੰਗਾਂ ਮੰਨ ਕੇ ਲਾਗੂ ਨਹੀਂ ਕੀਤੀਆਂ। ਉਨ੍ਹਾ ਕਿਹਾ ਕਿ ਜਿੰਨਾ ਚਿਰ ਕਿਸਾਨਾਂ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਮੰਨੀਆਂ ਨਹੀਂ ਜਾਂਦੀਆਂ, ਉਨਾ ਚਿਰ ਕਿਸਾਨੀ ਸੰਘਰਸ਼ ਜਾਰੀ ਰਹੇਗਾ ਤੇ ਬੀ ਜੇ ਪੀ ਦੇ ਆਗੂਆਂ ਨੂੰ ਪਿੰਡਾਂ ਵਿੱਚ ਵੜਨ ਨਹੀਂ ਦਿੱਤਾ ਜਾਵੇਗਾ। ਇਸ ਮੌਕੇ ਸਮਸ਼ੇਰ ਸਿੰਘ, ਰਾਜਾ ਸਿੰਘ ਮਨੀਆਂਵਾਲਾ, ਅਮਰੀਕ ਸਿੰਘ, ਮਨਪ੍ਰੀਤ ਸਿੰਘ ਰੁਖਾਲਾ, ਕੁਲਦੀਪ ਸਿੰਘ ਕੀਪ ਮੀਤ ਪ੍ਰਧਾਨ ਬਲਾਕ ਗਿੱਦੜਬਾਹਾ, ਗੱਗਾ ਸਿੰਘ ਫਕਰਸਰ, ਹੈਪੀ ਸਿੰਘ, ਦਿਲਬਾਗ ਸਿੰਘ ਮੋਧਾ ਸਿੰਘ ਬਰਾੜ ਕੋਟਭਾਈ, ਸਾਬਕਾ ਸੈਨਿਕ ਯੂਨੀਅਨ ਦੇ ਪ੍ਰਧਾਨ ਅਵਤਾਰ ਸਿੰਘ ਫਕਰਸਰ, ਸੁਰਜੀਤ ਸਿੰਘ, ਸਿੱਧੂਪੁਰ ਜਥੇਬੰਦੀ ਦੇ ਬਲਾਕ ਲੰਬੀ ਦੇ ਪ੍ਰਧਾਨ ਅਵਤਾਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਹਾਦਸੇ 'ਚ ਇੱਕ ਦੀ ਮੌਤ, ਅਣਪਛਾਤੇ ਕੈਂਟਰ ਚਾਲਕ ਖਿਲਾਫ਼ ਪਰਚਾ ਦਰਜ



ਹਾਦਸਾਗ੍ਰਸਤ ਮੋਟਰਸਾਈਕਲ, ਮ੍ਰਿਤਕ ਪਵਨ ਸਿੰਘ ਤੇ ਜਾਣਕਾਰੀ ਦਿੰਦੇ ਹੋਏ ਪਰਵਾਰਕ ਮੈਂਬਰ ਤੇ ਪੁਲਸ ਕ੍ਰਮਚਾਰੀ।

**ਜਲਾਲਾਬਾਦ (ਜੀਤ ਕੁਮਾਰ)**
ਫ਼ਿਰੋਜ਼ਪੁਰ-ਫ਼ਾਜ਼ਿਲਕਾ ਮੁੱਖ ਰੋਡ 'ਤੇ ਸਥਿਤ ਪਿੰਡ ਬੱਘੇਕੇ ਮੋੜ ਦੇ ਕੋਲ ਬੀਤੀ ਰਾਤ ਨੂੰ ਮੋਟਰ ਸਾਇਕਲ ਤੇ ਕੈਂਟਰ ਦੇ ਵਾਪਰੇ ਹਾਦਸੇ ਵਿੱਚ ਮੋਟਰਸਾਇਕਲ ਸਵਾਰ ਦੀ ਮੌਤ ਹੋ ਜਾਣ 'ਤੇ ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਅਣਪਛਾਤੇ ਕੈਂਟਰ ਚਾਲਕ ਦੇ ਖਿਲਾਫ਼ ਪਰਚਾ ਦਰਜ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਮੁਦੱਈ ਤਰਸੇਮ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਨਿਧਾਨਾ ਗੁਰੂਹਰਸਹਾਏ ਨੇ ਪੁਲਸ ਕੋਲ ਬਿਆਨ ਦਰਜ ਕਰਾਏ ਗਏ ਹਨ ਕਿ ਉਸ ਦੇ ਲੜਕੇ ਪਵਨ ਸਿੰਘ ਨੇ ਹੇਅਰਕਟਿੰਗ ਦੀ ਦੁਕਾਨ ਪਿੰਡ ਫ਼ਤਿਹਗੜ੍ਹ (ਲਾਧੂਕਾ ਮੰਡੀ) ਵਿਖੇ ਬਣਾਈ ਹੋਈ ਹੈ, ਜੋ ਬੀਤੀ ਰਾਤ ਕਰੀਬ 8 ਵਜੇ ਆਪਣੀ ਦੁਕਾਨ ਬੰਦ ਕਰਕੇ ਵਾਪਸੀ ਘਰ ਪਿੰਡ ਨਿਧਾਨਾ ਆ ਰਿਹਾ ਸੀ ਤੇ ਐਫ਼-ਐਫ਼ ਮੁੱਖ ਮਾਰਗ 'ਤੇ ਜਦੋਂ ਬੱਘੇਕੇ ਮੋੜ ਕੋਲ ਪੁੱਜਾ ਤਾਂ ਇਕਦਮ ਅਵਾਰਾ ਪਸ਼ੂ ਸੜਕ 'ਤੇ ਆਉਣ ਕਰਕੇ ਉਹ ਮੋਟਰ ਸਾਇਕਲ ਸਮੇਤ ਡਿੱਗ ਪਿਆ ਤੇ ਉੱਠ ਕੇ ਸੜਕ ਦੀ ਸਾਈਡ 'ਤੇ ਹੋਣ ਲੱਗਾ ਤਾਂ ਇੱਕ ਕੈਂਟਰ ਤੇਜ਼ ਰਫ਼ਤਾਰ ਨਾਲ ਆ ਰਿਹਾ ਸੀ, ਜਿਸ ਦੇ ਚਾਲਕ ਨੇ ਪਵਨ ਸਿੰਘ ਨਾਲ ਫੇਟ ਮਾਰੀ ਤੇ ਪਵਨ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ। ਘਟਨਾ ਸਥਾਨ ਤੋਂ ਕੈਂਟਰ ਸਮੇਤ ਚਾਲਕ ਮੌਕੇ ਤੋਂ ਫਰਾਰ ਹੋ ਗਿਆ, ਜਿਵੇ ਹੀ ਇਸ ਹਾਦਸੇ ਬਾਰੇ ਥਾਣਾ ਸਦਰ ਜਲਾਲਾਬਾਦ ਦੀ ਪੁਲਸ ਨੂੰ ਪਤਾ ਚੱਲਿਆ ਤਾਂ ਪੁਲਸ ਕ੍ਰਮਚਾਰੀ ਮੌਕੇ 'ਤੇ ਪੁੱਜ ਗਏ ਅਤੇ ਮ੍ਰਿਤਕ ਪਵਨ ਸਿੰਘ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ। ਇਸ ਬਾਰੇ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਲਖਮੀਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਮੁਦੱਈ ਤਰਸੇਮ ਸਿੰਘ ਦੇ ਬਿਆਨਾਂ ਦੇ ਅਧਾਰ ਤੇ ਅਣਪਛਾਤੇ ਕੇਂਟਰ ਚਾਲਕ ਦੇ ਖਿਲਾਫ਼ ਧਾਰਾ 279, 304-ਏ ਆਈਪੀਸੀ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

# ਲੋਕ ਸਭਾ ਚੋਣਾਂ ਦੌਰਾਨ ਵੋਟਾਂ ਮੰਗਣ ਆਏ ਨੇਤਾਵਾਂ ਤੋਂ ਸਵਾਲ ਪੁੱਛੇ ਜਾਣ : ਸਿਕੰਦਰ ਸਿੰਘ



**ਸਮਰਾਲਾ (ਸੁਰਜੀਤ ਸਿੰਘ)**
ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਦੀ ਮਹੀਨਾਵਾਰ ਮੀਟਿੰਗ ਸਿਕੰਦਰ ਸਿੰਘ ਮੰਡਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪੈਨਸ਼ਨਰਾਂ ਦੀਆਂ ਮੰਗਾਂ ਤੇ ਮਸਲਿਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਮੀਟਿੰਗ ਦੇ ਆਰੰਭ ਵਿੱਚ ਸਰਬਜੀਤ ਕੌਰ ਕੁਰਾਲੀ ਦੀ ਹੋਈ ਬੇਵਕਤੀ ਮੌਤ 'ਤੇ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ।

ਇਸ ਉਪਰੰਤ 15 ਫਰਵਰੀ ਦੇ ਪਟਿਆਲਾ ਵਿਖੇ ਜ਼ੋਨਲ ਧਰਨੇ ਤੇ 4 ਮਾਰਚ ਨੂੰ ਚੰਡੀਗੜ੍ਹ ਵਿਖੇ ਦਿੱਤੇ ਸਾਂਝੇ ਧਰਨੇ ਬਾਰੇ ਪੜਚੋਲ ਕੀਤੀ ਗਈ।ਪੈਨਸ਼ਨਰਾਂ ਦੀਆਂ ਲੰਬਤ ਮੰਗਾਂ ਜਿਵੇਂ 1-1- 2016 ਤੋਂ ਪੇ ਸਕੇਲ ਸੋਧਣੇ, 31-12-2015 ਤੋਂ ਪਹਿਲਾਂ ਰਿਟਾਇਰਡ ਹੋਏ ਪੈਨਸ਼ਨਰਾਂ ਨੂੰ 2.44 ਫੈਕਟਰ ਦੀ ਬਜਾਏ 2.59 ਨਾਲ ਪੇ ਸਕੇਲ ਸੋਧਣਾ, ਕੈਸ਼ਲੈਸ ਮੈਡੀਕਲ ਸਕੀਮ ਲਾਗੂ, ਬਿਜਲੀ ਵਰਤੋਂ ਵਿੱਚ ਰਿਆਇਤ ਦੇਣਾ, ਡੀ.ਏ. ਦੀਆਂ ਪੈਂਡਿੰਗ ਕਿਸ਼ਤਾਂ ਤੇ ਬਕਾਏ ਦੇਣਾ।23 ਸਾਲਾ ਸਕੇਲ ਲਾਗੂ ਕਰਨਾ ਆਦਿ ਮੰਗਾਂ ਸਬੰਧੀ ਪੰਜਾਬ ਸਰਕਾਰ ਵੱਲੋਂ ਬਜਟ ਵਿੱਚ ਕੋਈ ਤਜ਼ਵੀਜ ਨਾ ਰੱਖਣ ਕਾਰਨ ਪੇਸ਼ ਬਜਟ ਦੀ ਨਿਖੇਧੀ ਕੀਤੀ ਗਈ ਅਤੇ ਆਉਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਵੋਟਾਂ ਮੰਗਣ ਆਉਣ ਤੇ ਸਵਾਲ ਪੁੱਛਣ ਦਾ ਮਤਾ ਪਾਸ ਕੀਤਾ ਗਿਆ।

ਮੀਟਿੰਗ ਦੌਰਾਨ ਸੰਬੋਧਨ ਕਰਨ ਵਾਲਿਆਂ ਵਿੱਚ ਇੰਜ. ਭਰਪੂਰ ਸਿੰਘ ਮਾਂਗਟ ਸਰਕਲ ਪ੍ਰਧਾਨ, ਇੰਜ. ਪ੍ਰੇਮ ਸਿੰਘ ਸਾਬਕਾ ਐਸ.ਡੀ.ਓ. ਸੀਨੀਅਰ ਮੀਤ ਪ੍ਰਧਾਨ, ਇੰਜ. ਜੁਗਲ ਕਿਸ਼ੋਰ ਸਾਹਨੀ ਮੀਤ ਸਕੱਤਰ, ਜਗਤਾਰ ਸਿੰਘ ਪ੍ਰੈਸ ਸਕੱਤਰ, ਇੰਜ: ਦਰਸ਼ਨ ਸਿੰਘ ਖ਼ਜ਼ਾਨਚੀ, ਪ੍ਰੇਮ ਕੁਮਾਰ ਸਰਕਲ ਆਗੂ, ਭੁਪਿੰਦਰਪਾਲ ਚਹਿਲਾਂ, ਦਰਸ਼ਨ ਸਿੰਘ ਕੋਟਾਲਾ, ਮਹੇਸ਼ ਕੁਮਾਰ ਖਮਾਣੋਂ, ਹਰਪਾਲ ਸਿੰਘ ਸਿਹਾਲਾ, ਜਸਵੰਤ ਸਿੰਘ ਢੰਡਾ, ਰਜਿੰਦਰਪਾਲ ਵਡੇਰਾ ਡਿਪਟੀ ਸੀ. ਓ. ਆਦਿ ਨੇ ਪੈਨਸ਼ਨਰਾਂ ਨੂੰ ਸੰਬੋਧਨ ਕੀਤਾ। ਪ੍ਰੈਸ ਸਕੱਤਰ ਦੀ ਭੂਮਿਕਾ ਇੰਜ. ਸੁਖਦਰਸ਼ਨ ਸਿੰਘ ਮੰਡਲ ਸਕੱਤਰ ਨੇ ਬਾਖੂਬੀ ਨਿਭਾਈ।ਸਿਕੰਦਰ ਸਿੰਘ ਮੰਡਲ ਪ੍ਰਧਾਨ ਨੇ ਮੀਟਿੰਗ ਵਿੱਚ ਆਏ ਪੈਨਸ਼ਨਰ ਸਾਥੀਆਂ ਦਾ ਧੰਨਵਾਦ ਕੀਤਾ ਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੈਨਸ਼ਨਰਾਂ ਦੀਆਂ ਮੰਗਾਂ ਵੱਲ ਜਲਦੀ ਧਿਆਨ ਨਾ ਦਿੱਤਾ ਗਿਆ ਤਾਂ ਆ ਰਹੀਆਂ ਲੋਕ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦਾ ਵਿਰੋਧ ਕਰਨ ਲਈ ਪੈਨਸ਼ਨਰ ਮਜਬੂਰ ਹੋਣਗੇ।

## ਲਾਇਨਜ਼ ਕਲੱਬ ਵੱਲੋਂ ਅੱਖਾਂ ਦਾ ਮੈਗਾ ਅਪ੍ਰੇਸ਼ਨ ਕੈਂਪ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਮਾਜ ਸੇਵੀ ਸੰਸਥਾ ਲਾਇਨਜ਼ ਕਲੱਬ (ਨਿਆਲ) ਵੱਲੋਂ ਲਾਇਨਜ਼ ਅੱਖਾਂ ਦੇ ਹਸਪਤਾਲ ਵਿੱਚ ਅੱਖਾਂ ਦੇ ਮੁਫ਼ਤ ਮੈਗਾ ਅਪ੍ਰੇਸ਼ਨ ਕੈਂਪ ਦਾ ਆਯੋਜਨ ਕੀਤਾ ਗਿਆ।ਇਸ ਦੌਰਾਨ ਇਲਾਕੇ ਦੇ ਵੱਖ-ਵੱਖ ਖੇਤਰਾਂ 'ਚ ਲਾਏ ਗਏ ਕੈਂਪਾਂ, ਪਿਛਲੇ ਚੈੱਕਅਪ ਕੈਂਪਾਂ 'ਚ, ਜਿਨ੍ਹਾਂ ਮਰੀਜ਼ਾਂ ਦੀ ਜਾਂਚ ਕਰਕੇ ਮੋਤੀਏ ਦੇ ਅਪ੍ਰੇਸ਼ਨ ਲਈ ਚੋਣ ਕੀਤੀ ਸੀ, ਉਨ੍ਹਾਂ ਦੇ ਅਪ੍ਰੇਸ਼ਨ ਡਾ. ਪਰਮਜੀਤ ਸਿੰਘ, ਐਮਐਸ ਆਈ ਨੇ ਫ਼ੈਕੋ ਮਸ਼ੀਨ ਨਾਲ ਕੀਤੇ।ਮਰੀਜ਼ਾਂ ਦੀਆਂ ਅੱਖਾਂ ਦੇ ਕੀਤੇ ਗਏ ਸਾਰੇ ਅਪ੍ਰੇਸ਼ਨ ਬਿਨਾਂ ਟਾਂਕੇ ਵਾਲੇ ਲੈਂਜ਼ ਪਾ ਕੇ ਕੀਤੇ ਗਏ ਤੇ ਸਾਰੇ ਮਰੀਜ਼ਾਂ ਨੂੰ ਦਵਾਈਆਂ, ਖਾਣਾ, ਘਰ ਤੱਕ ਆਉਣ-ਜਾਣ ਦਾ ਪ੍ਰਬੰਧ ਵੀ ਸੰਸਥਾ ਵੱਲੋਂ ਕੀਤਾ ਗਿਆ।ਸਮਾਜ ਸੇਵੀ ਆਗੂ ਲਾਇਨ ਵੇਦ ਪੋਪਲੀ ਪ੍ਰਧਾਨ ਨੇ ਦੱਸਿਆ ਕਿ ਕੈਂਪਾਂ ਦੌਰਾਨ ਲਗਪਗ 350 ਦੀ ਓਪੀਡੀ ਕਰਕੇ 65 ਮਰੀਜ਼ਾਂ ਦੇ ਚਿੱਟੇ ਮੋਤੀਏ ਦੇ ਅਪ੍ਰੇਸ਼ਨ ਕੀਤੇ ਗਏ।ਉਨ੍ਹਾਂ ਦੱਸਿਆ ਕਿ ਸਾਡਾ ਮਿਸ਼ਨ ਆਲੇ-ਦੁਆਲੇ ਦੇ ਲਗਪਗ 200 ਪਿੰਡਾਂ 'ਚੋਂ ਚਿੱਟਾ ਮੋਤੀਆ ਇਲਾਜਯੋਗ ਅੰਨ੍ਹਾਪਣ ਦੂਰ ਕਰਨਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਲਾਇਨ ਦੇਸ ਰਾਜ ਗਰਗ, ਲਾਇਨ ਸੰਤੋਸ਼ ਸਿੰਗਲਾ ਤੇ ਲਾਇਨ ਕੀਮਤ ਉੱਪਲ ਆਦਿ ਹਾਜ਼ਰ ਸਨ।



# ਮਿਸ਼ਨ ਵੱਲੋਂ ਡਾ. ਅੰਬੇਡਕਰ ਦਾ ਜਨਮ ਦਿਨ ਮਨਾਉਣ 'ਤੇ ਵਿਚਾਰਾਂ



**ਸਮਰਾਲਾ (ਸੁਰਜੀਤ ਸਿੰਘ)**-ਇਲਾਕੇ ਦੀ ਸਮਾਜ ਸੇਵੀ ਸੰਸਥਾ ਡਾ. ਭੀਮ ਰਾਓ ਅੰਬੇਡਕਰ ਮਿਸ਼ਨ ਵੈੱਲਫ਼ੇਅਰ ਸੁਸਾਇਟੀ ਸਮਰਾਲਾ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਧਰਮਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੰਸਥਾ ਦੇ ਆਏ ਮੈਂਬਰਾਂ ਦਾ ਪ੍ਰਧਾਨ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ 'ਤੇ ਪਹਿਲਾ ਸਮਾਗਮ ਬੜੀ ਧੂਮਧਾਮ ਨਾਲ ਕਰਵਾਉਣ ਲਈ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਮੀਟਿੰਗ ਵਿੱਚ ਪ੍ਰਧਾਨ ਧਰਮਜੀਤ ਸਿੰਘ ਤੋਂ ਇਲਾਵਾ ਸੰਸਥਾ ਦੇ ਸਰਪ੍ਰਸਤ ਚਰਨਜੀਤ ਸਿੰਘ, ਮੀਤ ਪ੍ਰਧਾਨ ਰਘਬੀਰ ਸਿੰਘ ਨੇ ਵੀ ਸੰਬੋਧਨ ਕੀਤਾ ਅਤੇ ਡਾ. ਭੀਮ ਰਾਓ ਅੰਬੇਡਕਰ ਜੀ ਦੇ ਆਉਣ ਵਾਲੇ ਜਨਮ ਦਿਨ ਨੂੰ ਮਨਾਉਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਕੈਪਟਨ ਬਲਜਿੰਦਰ ਸਿੰਘ, ਸੂਬੇਦਾਰ ਕੇਸਰ ਸਿੰਘ, ਸ੍ਰ ਸਤਪਾਲ ਸਿੰਘ ਪਿੰਡ ਰੋਹਲੇ, ਜੀਵਨ ਸਿੰਘ ਲਾਟੋ, ਸ੍ਰ ਨਿਰਮਲ ਸਿੰਘ ਲਾਟੋ, ਸ੍ਰ. ਸੁਰਿੰਦਰਪਾਲ ਸਿੰਘ ਮਾਛੀਵਾੜਾ ਰੋਡ ਸਮਰਾਲਾ ਸੰਸਥਾ ਦੀ ਲੋਕ ਭਲਾਈ ਸੇਵੀ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਮਨੁੱਖਤਾ ਦੀ ਸੇਵਾ ਕਰਨ ਲਈ ਸੰਸਥਾ ਨਾਲ ਜੁੜੇ। ਮੀਟਿੰਗ ਵਿੱਚ ਪ੍ਰਧਾਨ ਧਰਮਜੀਤ ਸਿੰਘ ਤੋਂ ਇਲਾਵਾ ਸਰਪ੍ਰਸਤ ਚਰਨਜੀਤ ਸਿੰਘ, ਮੀਤ ਪ੍ਰਧਾਨ ਰਘਬੀਰ ਸਿੰਘ, ਕੈਸ਼ੀਅਰ ਸਤਵਿੰਦਰ ਸਿੰਘ, ਸਲਾਹਕਾਰ ਸਿਕੰਦਰ ਸਿੰਘ, ਜਰਨਲ ਸਕੱਤਰ ਕੁਲਦੀਪ ਸਿੰਘ, ਸ਼ਵਿੰਦਰ ਸਿੰਘ, ਬੰਤਾ ਸਿੰਘ, ਕਰਮ ਸਿੰਘ, ਬਲਵਿੰਦਰ ਸਿੰਘ, ਜਗਤਾਰ ਸਿੰਘ, ਸਤਵਿੰਦਰ ਸਿੰਘ ਕੈਸ਼ੀਅਰ, ਸ਼ਿੰਗਾਰਾ ਸਿੰਘ, ਸਤਪਾਲ ਸਿੰਘ ਲਾਟੋ, ਜਗਜੀਵਨ ਸਿੰਘ ਲਾਟੋ, ਜਗਮੋਹਣ ਸਿੰਘ ਲੱਧੜ, ਰਾਮ ਸਿੰਘ ਰੋਹਲੇ, ਸਤਪਾਲ ਸਿੰਘ ਰੋਹਲੇ, ਜੈ ਰਾਮ ਬੱਗੜ, ਰਾਮ ਸਿੰਘ ਉਟਾਲਾ ਹਾਜ਼ਰ ਸਨ।

# ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਅਹੁਦੇਦਾਰਾਂ ਦੀ ਚੋਣ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਸਿੰਘ ਭੱਟੀ)**-ਭਾਰਤ ਵਿਕਾਸ ਪ੍ਰੀਸ਼ਦ (ਐਸ.ਯੂ.ਐਸ.) ਸੁਨਾਮ ਵੱਲੋਂ ਪ੍ਰਧਾਨ ਭੂਸ਼ਨ ਕਾਂਸਲ ਦੀ ਅਗਵਾਈ ਹੇਠ ਸਾਲ 2024-25 ਲਈ ਨਵੇਂ ਪ੍ਰਧਾਨ ਤੇ ਟੀਮ ਦੀ ਚੋਣ ਕਰਨ ਲਈ ਮੀਟਿੰਗ ਕੀਤੀ ਗਈ।ਭਾਰਤ ਵਿਕਾਸ ਪ੍ਰੀਸ਼ਦ ਦੇ ਸੂਬਾ ਜਨਰਲ ਸਕੱਤਰ ਜੀਤ ਗੋਗੀਆ ਚੋਣ ਅਬਜ਼ਰਵਰ ਵਜੋਂ, ਸਾਬਕਾ ਸੂਬਾ ਪ੍ਰਧਾਨ ਤੇ ਸਲਾਹਕਾਰ ਗੋਪਾਲ ਸ਼ਰਮਾ ਤੇ ਸੂਬਾ ਮੀਤ ਪ੍ਰਧਾਨ ਪ੍ਰਿੰਸੀਪਲ ਅਮਿਤ ਡੋਗਰਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਮੈਂਬਰਾਂ ਨੇ ਸ਼ਮੂਲੀਅਤ ਕੀਤੀ।ਮੀਟਿੰਗ ਵਿੱਚ ਪ੍ਰਧਾਨ ਭੂਸ਼ਨ ਕਾਂਸਲ, ਸਕੱਤਰ ਰਾਕੇਸ਼ ਕੁਮਾਰ ਤੇ ਖਜ਼ਾਨਚੀ ਸੰਜੀਵ ਜਿੰਦਲ ਵੱਲੋਂ ਪਿਛਲੇ ਸਾਲ ਨਿਭਾਈਆਂ ਚੰਗੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ।ਇਸ ਮੌਕੇ ਸਾਲ 2024-25 ਲਈ ਨਵੇਂ ਪ੍ਰਧਾਨ ਤੇ ਟੀਮ ਦੀ ਚੋਣ ਕੀਤੀ ਗਈ, ਜਿਸ ਵਿੱਚ ਪ੍ਰਿੰਸੀਪਲ ਅਨਿਲ ਜੈਨ ਪ੍ਰਧਾਨ, ਜਤਿੰਦਰ ਜੈਨ ਨੂੰ ਜਰਨਲ ਸਕੱਤਰ ਤੇ ਪ੍ਰਿੰਸੀਪਲ ਦਿਨੇਸ਼ ਗੁਪਤਾ ਨੂੰ ਖ਼ਜ਼ਾਨਚੀ ਦੀ ਜ਼ਿੰਮੇਵਾਰੀ ਦਿੱਤੀ ਗਈ। ਇਸ ਮੌਕੇ ਸਾਰਿਆਂ ਨੇ ਨਵ-ਨਿਯੁਕਤ ਪ੍ਰਧਾਨ ਅਨਿਲ ਜੈਨ ਤੇ ਉਨ੍ਹਾਂ ਦੀ ਟੀਮ ਨੂੰ ਉਨ੍ਹਾਂ ਦੇ ਕਾਰਜਕਾਲ ਦੀ ਸ਼ੁਰੂਆਤ ਲਈ ਵਧਾਈ ਦਿੱਤੀ ਤੇ ਉਨ੍ਹਾਂ ਦੀ ਟੀਮ ਦਾ ਵਿਸਥਾਰ ਕਰਨ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ।ਇਸ ਮੌਕੇ ਮਨਪ੍ਰੀਤ ਬਾਂਸਲ, ਬਲਵਿੰਦਰ ਭਾਰਦਵਾਜ, ਰਵਿੰਦਰ ਭਾਰਦਵਾਜ, ਬਲਵਿੰਦਰ ਬਾਂਸਲ, ਹਰੀਸ਼ ਸ਼ਰਮਾ, ਹਰੀਸ਼ ਗੱਖੜ, ਅਸ਼ੋਕ ਵਰਮਾ, ਰਾਜਨ ਸਿੰਗਲਾ, ਰਾਜਿੰਦਰ ਗੋਇਲ, ਪਵਨ ਚੱਠਾ, ਮਨਦੀਪ ਗੋਇਲ, ਸ਼ਿਵ ਜੈਨ, ਮੁਕੇਸ਼ ਕਾਂਸਲ, ਸਾਹਿਲ ਬਾਂਸਲ, ਪ੍ਰੇਮ ਚੰਦ, ਰਵਿੰਦਰ ਕੁਮਾਰ ਆਦਿ ਹਾਜ਼ਰ ਸਨ।

# ਮਾਨ ਸਰਕਾਰ ਨੇ ਸੂਬੇ 'ਚ ਵਿਕਾਸ ਕਰਾਂਤੀ ਲਿਆਂਦੀ : ਜੌੜਾਮਾਜਰਾ

## ਹਲਕੇ ਦੇ ਅੱਧੀ ਦਰਜਨ ਪਿੰਡਾਂ 'ਚ ਵਿਕਾਸ ਕੰਮਾਂ ਦੇ ਉਦਘਾਟਨ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-'ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਨੇ ਸੂਬੇ ਵਿੱਚ ਕਰੋੜਾਂ ਰੁਪਏ ਦੇ ਵਿਕਾਸ ਪ੍ਰਾਜੈਕਟ ਸ਼ੁਰੂ ਕਰਕੇ ਸੂਬੇ ਅੰਦਰ ਵਿਕਾਸ ਕਰਾਂਤੀ ਲਿਆਂਦੀ ਹੈ।' ਇਹ ਪ੍ਰਗਟਾਵਾ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਸਮਾਣਾ ਹਲਕੇ ਦੇ ਪਿੰਡਾਂ ਵਿੱਚ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਸਮੇਂ ਕੀਤਾ।

ਕੈਬਨਿਟ ਮੰਤਰੀ ਨੇ 60 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਦੁਘਾਟ ਵਿਖੇ ਛੱਪੜ ਦਾ ਨਵੀਨੀਕਰਨ ਤੇ ਤਰਲ ਅਤੇ ਠੋਸ ਵੇਸਟ ਪ੍ਰਬੰਧਨ ਦੇ ਪ੍ਰਾਜੈਕਟ ਦਾ ਉਦਘਾਟਨ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਪਿੰਡ ਕਲਿਆਣ ਵਿਖੇ ਲੋਕਾਂ ਦੇ ਇਕੱਠੇ ਹੋ ਕੇ ਬੈਠਣ ਲਈ ਮਾਡਰਨ ਸੱਥ ਦੀ ਉਸਾਰੀ, ਸੀਵਰੇਜ ਤੇ ਸਟਰੀਟ ਲਾਇਟਾਂ ਦਾ ਉਦਘਾਟਨ ਸਮੇਤ ਗਾਜੇਵਾਸ ਤੇ ਚੁਤੈਹਰਾ ਵਿਖੇ ਮਗਨਰੇਗਾ ਸਕੀਮ ਨਾਲ ਬਣਾਈ ਆਂਗਣਵਾੜੀ ਤੋਂ ਇਲਾਵਾ ਫਿਰਨੀ ਤੋਂ ਸ਼ਮਸ਼ਾਨਘਾਟ ਨੂੰ ਜਾਂਦੇ ਰਸਤੇ ਨੂੰ ਪੱਕਾ ਕਰਨ ਆਦਿ ਦੇ ਕੰਮਾਂ ਦਾ ਵੀ ਉਦਘਾਟਨ ਕਰਕੇ ਲੋਕਾਂ ਨੂੰ ਸਮਰਪਤ ਕੀਤਾ।

ਇਸ ਮੌਕੇ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਨਾਲ ਕੀਤਾ ਹਰੇਕ ਵਾਅਦਾ ਪੂਰਾ ਕਰ ਰਹੀ ਹੈ ਤੇ ਉਨ੍ਹਾਂ ਵੱਲੋਂ ਚੋਣਾਂ ਤੋਂ ਪਹਿਲਾਂ ਦਿੱਤੀ ਹਰੇਕ ਗਰੰਟੀ 'ਤੇ ਖਰਾ ਉੱਤਰਿਆ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਉਹ ਸਮਾਣਾ ਹਲਕੇ ਦੇ ਸਮੁੱਚੇ ਵਿਕਾਸ ਲਈ ਆਪਣੀ ਵਚਨਬੱਧਤਾ ਪੂਰੀ ਕਰ ਰਹੇ ਹਨ ਤੇ ਅੱਜ ਅੱਧੀ ਦਰਜਨ ਪਿੰਡਾਂ 'ਚ ਕਰੋੜਾਂ ਰੁਪਏ ਦੇ ਵਿਕਾਸ ਕੰਮਾਂ ਦੇ ਉਦਘਾਟਨ ਕੀਤੇ ਗਏ ਹਨ।

## ਵਿਧਾਇਕ ਵੱਲੋਂ ਚਾਰ ਟਿਊਬਵੈੱਲ ਪ੍ਰੋਜੈਕਟਾਂ ਦਾ ਉਦਘਾਟਨ



**ਲੁਧਿਆਣਾ (ਰਾਜ ਸਿੰਗਲਾ)**-ਪੀਣ ਯੋਗ ਪਾਣੀ ਦੀ ਸਪਲਾਈ ਨੂੰ ਸੁਚਾਰੂ ਬਣਾਉਣ ਦੇ ਉਦੇਸ਼ ਨਾਲ ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਹਲਕੇ ਦੇ ਵੱਖ-ਵੱਖ ਵਾਰਡਾਂ ਵਿੱਚ ਚਾਰ ਟਿਊਬਵੈਲ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ।ਇਨ੍ਹਾਂ ਵਿੱਚ ਗੁਰਦੁਆਰਾ ਸ਼ਹੀਦਾਂ ਫੇਰੂਮਾਨ ਸਾਹਿਬ ਨੇੜੇ ਤੇ ਮੁਰਾਦਪੁਰਾ ਸਾਈਕਲ ਮਾਰਕੀਟ ਵਿੱਚ ਮਾਤਾ ਗੁਜਰੀ ਪਾਰਕ ਨੇੜੇ ਨਵੇਂ ਟਿਊਬਵੈੱਲ ਲਾਉਣ ਦੇ ਪ੍ਰਾਜੈਕਟ ਸ਼ਾਮਲ ਹਨ।ਵਿਧਾਇਕ ਨੇ ਗੁਲਚਮਨ ਗਲੀ ਅਤੇ ਆਦਯਾ ਮੁਹੱਲਾ ਵਿੱਚ ਨਵੇਂ ਲਾਏ ਟਿਊਬਵੈੱਲਾਂ ਦਾ ਉਦਘਾਟਨ ਵੀ ਕੀਤਾ।ਵਿਧਾਇਕ ਪਰਾਸ਼ਰ ਨੇ ਕਿਹਾ ਕਿ ਇਹ ਪ੍ਰੋਜੈਕਟ 36 ਲੱਖ ਰੁਪਏ ਤੋਂ ਵੱਧ ਦੀ ਲਾਗਤ ਵਾਲੇ ਹਨ ਅਤੇ ਇਹ ਸਬੰਧਤ ਇਲਾਕਿਆਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਸੁਚਾਰੂ ਬਣਾਉਣਗੇ।ਵਿਧਾਇਕ ਪਰਾਸ਼ਰ ਨੇ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸੂਬਾ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ।

# ਕਾਂਗਰਸ ਹਾਈਕਮਾਂਡ ਟਕਸਾਲੀ ਵਰਕਰਾਂ ਨੂੰ ਅਣਗੌਲਿਆ ਨਾ ਕਰੇ : ਨਰਿੰਦਰਪਾਲ ਲੱਕੀ

## ਅਗਾਮੀ ਚੋਣਾਂ ਜਿੱਤਣ ਲਈ ਹਰ ਇੱਕ ਨੂੰ ਨਾਲ ਲੈ ਕੇ ਚੱਲਣਾ ਪਾਰਟੀ ਦੇ ਹੱਕ 'ਚ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕਾਂਗਰਸ ਹਾਈਕਮਾਂਡ ਟਕਸਾਲੀ ਆਗੂਆਂ ਨੂੰ ਅੱਖੋਂ-ਪਰੋਖੇ ਨਾ ਕਰੇ, ਕਿਉਂਕਿ ਦੇਸ਼ ਵਿੱਚ ਲੋਕ ਸਭਾ ਦੀਆਂ ਚੋਣਾਂ ਬਿਲਕੁਲ ਨੇੜੇ ਆ ਗਈਆਂ ਹਨ, ਇਸ ਕਰਕੇ ਚੋਣਾਂ ਨੂੰ ਜਿੱਤਣ ਲਈ ਪੁਰਾਣੇ ਟਕਸਾਲੀ ਵਰਕਰਾਂ ਨੂੰ ਨਾਲ ਲੈ ਕੇ ਤੁਰਨ ਨਾਲ ਜਿੱਥੇ ਪਾਰਟੀ ਮਜ਼ਬੂਤ ਹੋਵੇਗੀ, ਉੱਥੇ ਅਸੀਂ ਜਿੱਤ ਦੇ ਹੋਰ ਨੇੜੇ ਹੋ ਜਾਵਾਂਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਜਨਰਲ ਸਕੱਤਰ ਨਰਿੰਦਰਪਾਲ ਸਿੰਘ ਲੱਕੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਕਾਂਗਰਸੀ ਆਗੂ ਲੱਕੀ ਨੇ ਕਿਹਾ ਕਿ ਅੱਜ ਕਈ ਆਗੂ ਤੇ ਵਰਕਰ ਪਾਰਟੀ ਵਿੱਚ ਪੁੱਛ ਪ੍ਰਤੀਤ ਨਾ ਹੋਣ ਕਾਰਨ ਘਰਾਂ ਵਿੱਚ ਬੈਠਣ ਲਈ ਮਜਬੂਰ ਹੋ ਗਏ ਹਨ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਹਲਕਾ ਸਮਰਾਲਾ ਵਿੱਚ ਸੂਬਾ ਪੱਧਰੀ ਕਾਂਗਰਸ ਦੀ ਰੈਲੀ ਹੋਈ, ਪਰ ਉਸ ਵਿੱਚ ਪੁਰਾਣੇ ਟਕਸਾਲੀ ਕਾਂਗਰਸੀ ਆਗੂਆਂ ਤੇ ਵਰਕਰਾਂ ਨੂੰ ਨਾ ਸੱਦਿਆ ਗਿਆ ਤੇ ਨਾ ਹੀ ਕੋਈ ਮੀਟਿੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਬੇਸ਼ੱਕ ਨਵੇਂ ਚਿਹਰਿਆਂ ਨੂੰ ਕਾਂਗਰਸ ਵਿੱਚ ਅੱਗੇ ਲਿਆਂਦਾ ਜਾ ਰਿਹਾ ਹੈ, ਪਰ ਜਿਨ੍ਹਾਂ ਆਗੂਆਂ ਤੇ ਵਰਕਰਾਂ ਨੇ ਆਪਣੇ ਖੂਨ ਪਸੀਨੇ ਨਾਲ ਪਾਰਟੀ ਨੂੰ ਮਜ਼ਬੂਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ, ਉਨ੍ਹਾਂ ਨੂੰ ਅੱਜ ਅਣਗੌਲਿਆ ਕਰਕੇ ਪਿੱਛੇ ਧੱਕਿਆ ਜਾ ਰਿਹਾ ਹੈ, ਜਿਸ ਦਾ ਪਾਰਟੀ ਨੂੰ ਬਹੁਤ ਨੁਕਸਾਨ ਹੋਵੇਗਾ। ਨਰਿੰਦਰਪਾਲ ਸਿੰਘ ਲੱਕੀ ਨੇ ਕਿਹਾ ਕਿ ਇਲਾਕੇ ਦੇ ਕਈ ਕਾਂਗਰਸੀ ਆਗੂ ਤੇ ਵਰਕਰ ਪੰਜਾਬ ਪ੍ਰਦੇਸ਼ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਮਿਲ ਕੇ ਆਪਣੀ ਗੱਲ ਦੱਸ ਚੁੱਕੇ ਹਨ ਤੇ ਜਲਦ ਹੀ ਕੌਮੀ ਪ੍ਰਧਾਨ ਮਲਿਕਅਰਜੁਨ ਖੜਗੇ ਨਾਲ ਮਿਲ ਕੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ ਕਿ ਜੇਕਰ ਕਾਂਗਰਸ ਪਾਰਟੀ ਨੇ ਆਉਣ ਵਾਲੀਆਂ ਲੋਕ ਸਭਾ, ਨਗਰ ਕੌਂਸਲ, ਬਲਾਕ ਸੰਮਤੀ ਆਦਿ ਚੋਣਾਂ ਜਿੱਤਣੀਆਂ ਹਨ ਤਾਂ ਪੁਰਾਣੇ ਟਕਸਾਲੀ ਵਰਕਰਾਂ ਨੂੰ ਮੀਟਿੰਗਾਂ 'ਚ ਬਣਦਾ ਮਾਣ-ਸਨਮਾਨ ਦਿੱਤਾ ਜਾਵੇ।

## ਪੰਜਾਬ ਬਚਾਓ ਯਾਤਰਾ ਤਹਿਤ ਸੁਖਬੀਰ ਬਾਦਲ ਭਲਕੇ ਬੁੱਟਰ ਕਲਾਂ 'ਚ : ਲਾਡੀ ਬੁੱਟਰ



**ਅਜੀਤਵਾਲ (ਨਛੱਤਰ ਸੰਧੂ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਬਚਾਓ ਯਾਤਰਾ ਤਹਿਤ ਪੂਰੇ ਪੰਜਾਬ ਵਿੱਚ ਵੱਖ-ਵੱਖ ਜ਼ਿਲ੍ਹਿਆਂ ਵਿੱਚ ਪੰਜਾਬ ਦੇ ਸੂਜਵਾਨ ਲੋਕਾਂ ਨੂੰ ਨਾਲ ਲੈ ਕੇ ਇਹ ਯਾਤਰਾ ਕੀਤੀ ਜਾ ਰਹੀ ਹੈ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਮਾਰਕਿਟ ਕਮੇਟੀ ਅਜੀਤਵਾਲ ਦੇ ਸਾਬਕਾ ਚੇਅਰਮੈਨ ਹਰਭੁਪਿੰਦਰ ਸਿੰਘ ਲਾਡੀ ਬੁੱਟਰ ਨੇ ਦੱਸਿਆ ਕਿ ਇਸੇ ਲੜੀ ਤਹਿਤ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਮੋਗਾ ਜ਼ਿਲ੍ਹੇ ਦੇ ਪਿੰਡ ਬੁੱਟਰ ਕਲਾਂ ਤੋਂ 13 ਮਾਰਚ ਨੂੰ ਸਵੇਰੇ 10 ਵਜੇ ਇਹ ਮਾਰਚ ਸ਼ੁਰੂ ਕੀਤਾ ਜਾ ਰਿਹਾ ਹੈ, ਜੋ ਪਿੰਡ ਬੁੱਟਰ ਕਲਾਂ ਤੋਂ ਚੱਲ ਕੇ ਬੱਧਨੀ ਕਲਾਂ, ਬੀੜ ਰਾਊਕੇ, ਨਿਹਾਲ ਸਿੰਘ ਵਾਲਾ ਰੁਕੇਗਾ ਤੇ ਅੱਗੇ ਫੂਲੇਵਾਲਾ ਪੁਲ ਤੋਂ ਲੈ ਕੇ ਬਾਘਾ ਪੁਰਾਣਾ ਵਿਖੇ ਸਮਾਪਤ ਹੋਵੇਗਾ। ਉਨ੍ਹਾ ਦੱਸਿਆ ਕਿ ਇਸ ਯਾਤਰਾ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਇਸ ਮੌਕੇ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਤੇ ਪੂਰੇ ਮੋਗਾ ਜ਼ਿਲ੍ਹੇ ਦੀ ਲੀਡਰਸ਼ਿਪ ਇਸ ਯਾਤਰਾ ਵਿੱਚ ਭਾਗ ਲਵੇਗੀ। ਇਸ ਸਮੇਂ ਉਨ੍ਹਾ ਨਾਲ ਮਾਰਕਿਟ ਕਮੇਟੀ ਨਿਹਾਲ ਸਿੰਘ ਵਾਲਾ ਦੇ ਸਾਬਕਾ ਚੇਅਰਮੈਨ ਜਥੇਦਾਰ ਸੰਤ ਸਿੰਘ ਬੀੜ ਰਾਊਕੇ, ਗੁਰਦੁਆਰਾ ਪਾਤਸ਼ਾਹੀ ਛੇਵੀਂ ਮੱਦੋਕੇ ਦੇ ਪ੍ਰਧਾਨ ਸੁਖਮੰਦਰ ਸਿੰਘ ਤੇ ਰਾਜੂ ਮੱਦੋਕੇ ਆਦਿ ਆਗੂ ਹਾਜ਼ਰ ਸਨ।

# ਮਹਿਲਾ ਦਿਵਸ ਮੌਕੇ ਔਰਤਾਂ ਦੇ ਕਰਵਾਏ ਦੌੜ ਮੁਕਾਬਲੇ



**ਮਾਨਸਾ (ਆਤਮਾ ਸਿੰਘ ਪਮਾਰ)**-ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਸ੍ਰੀ ਗੁਰੂ ਰਵਿਦਾਸ ਜੀ ਸਪੋਰਟਸ ਐਂਡ ਵੈੱਲਫੇਅਰ ਕਲੱਬ ਕੋਰਵਾਲਾ ਵੱਲੋਂ ਨਹਿਰੂ ਯੁਵਾ ਕੇਂਦਰ ਮਾਨਸਾ (ਭਾਰਤ ਸਰਕਾਰ) ਦੇ ਸਹਿਯੋਗ ਨਾਲ ਪਿੰਡ ਕੋਰਵਾਲਾ ਦੇ ਖੇਡ ਸਟੇਡੀਅਮ ਵਿੱਚ ਪਿੰਡ ਦੀਆਂ ਔਰਤਾਂ ਦੇ 500 ਮੀਟਰ ਦੌੜਨ ਦੇ ਮੁਕਾਬਲੇ ਕਰਵਾਏ ਗਏ ਤੇ 15 ਤੋਂ 60 ਸਾਲ ਦੀ ਉਮਰ ਦੀਆਂ 35 ਔਰਤਾਂ ਨੇ ਦੌੜਾਂ ਵਿੱਚ ਹਿੱਸਾ ਲਿਆ। ਇਨ੍ਹਾਂ ਮੁਕਬਲਿਆਂ ਵਿੱਚ ਹਿੱਸਾ ਲੈਣ ਵਾਲੀਆਂ ਔਰਤਾਂ ਨੂੰ ਇਨਾਮ ਵਿੱਚ ਗਿਫਟ ਪੈਕ, ਪ੍ਰਮਾਣ ਪੱਤਰ ਤੇ ਮੈਡਲ ਦਿੱਤੇ ਗਏ। ਕਲੱਬ ਦੇ ਪ੍ਰਧਾਨ ਜੀਵਨ ਸਿੰਘ ਭੱਟੀ ਤੇ ਸਰਪੰਚ ਬਲਵੰਤ ਸਿੰਘ ਵੱਲੋਂ ਪਿੰਡ ਦੀਆਂ ਔਰਤਾਂ ਨੂੰ ਸੰਬੋਧਨ ਕਰਦਿਆਂ ਮਹਿਲਾਵਾਂ ਦੇ ਮੌਲਿਕ ਅਧਿਕਾਰਾਂ, ਹਰ ਖੇਤਰ ਵਿੱਚ ਵੱਡੀਆਂ ਪ੍ਰਾਪਤੀਆਂ ਹਾਸਲ ਕਰਨ ਵਾਲੀਆਂ ਔਰਤਾਂ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਤੇ ਪਿੰਡ ਦੇ ਹਰੇਕ ਕੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ। ਪ੍ਰਧਾਨ ਜੀਵਨ ਸਿੰਘ ਭੱਟੀ, ਬਲਵਿੰਦਰ ਮਾਨ ਖਜ਼ਾਨਚੀ, ਸੇਵਕ ਮਾਨ, ਜਸਵਿੰਦਰ ਸਿੰਘ, ਮੈਡਮ ਨਿਰਮਲਜੀਤ ਕੌਰ, ਰਾਜਵਿੰਦਰ ਕੌਰ ਤੇ ਸਰਪੰਚ ਬਲਵੰਤ ਸਿੰਘ, ਡਾ. ਹਰਦੇਵ ਸਿੰਘ, ਬਲਦੇਵ ਸਿੰਘ ਸਮੂਹ ਗ੍ਰਾਮ ਪੰਚਾਇਤ ਤੇ ਕਲੱਬ ਦੇ ਸਮੂਹ ਅਹੁਦੇਦਾਰਾਂ, ਮੈਂਬਰਾਂ ਦੁਆਰਾ ਜੇਤੂਆਂ ਨੂੰ ਇਨਾਮ ਤਕਸੀਮ ਵੀ ਕੀਤੇ ਗਏ। ਕਲੱਬ ਵੱਲੋਂ ਆਉਣ ਵਾਲੇ ਸਮੇਂ ਵਿੱਚ ਸਮਾਜ ਭਲਾਈ ਦੇ ਕਾਰਜਾਂ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਅਹਿਦ ਵੀ ਲਿਆ ਗਿਆ।

# ਪਾਰਟੀ ਦੀ ਮਜ਼ਬੂਤੀ ਲਈ ਹਰ ਸੰਭਵ ਕੋਸ਼ਿਸ਼ ਕਰਾਂਗਾ : ਹਰਿਆਊ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਵੱਲੋਂ ਕੀਤੀਆਂ ਗਈਆਂ ਨਵੀਆਂ ਨਿਯੁਕਤੀਆਂ ਦੌਰਾਨ ਵਿਧਾਨ ਸਭਾ ਹਲਕਾ ਸ਼ੁਤਰਾਣਾ ਤੋਂ ਸੀਨੀਅਰ ਅਕਾਲੀ ਆਗੂ ਜਗਮੀਤ ਸਿੰਘ ਹਰਿਆਊ ਨੂੰ ਕੋਰ ਕਮੇਟੀ ਦਾ ਮੈਂਬਰ ਨਾਮਜ਼ਦ ਕੀਤੇ ਜਾਣ ਨੂੰ ਲੈ ਕੇ ਇਲਾਕੇ ਦੇ ਅਕਾਲੀ ਵਰਕਰਾਂ ਵਿੱਚ ਖ਼ੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਹੈ ਅਤੇ ਵੱਖ-ਵੱਖ ਪਿੰਡਾਂ ਵਿੱਚ ਨੌਜਵਾਨ ਆਗੂ ਜਗਮੀਤ ਸਿੰਘ ਹਰਿਆਊ ਦਾ ਸਨਮਾਨ ਕੀਤੇ ਜਾਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ।

ਇਸੇ ਲੜੀ ਤਹਿਤ ਪਿੰਡ ਗੁਲਾੜ ਵਿਖੇ ਸਰਪੰਚ ਬੂਟਾ ਸਿੰਘ ਤੇ ਅਕਾਲੀ ਦਲ ਦੇ ਸਰਕਲ ਪ੍ਰਧਾਨ ਸਰਵਣ ਸਿੰਘ ਭੁੱਲਰ ਦੀ ਅਗਵਾਈ ਵਿੱਚ ਜਥੇਦਾਰ ਹਰਿਆਊ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਸਨਮਾਨ ਹਾਸਲ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰ. ਹਰਿਆਊ ਨੇ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੇ ਲੋਕਾਂ ਨੂੰ ਝੂਠੇ ਸਬਜ਼ਬਾਗ ਦਿਖਾ ਕੇ ਸੱਤਾ ਹਾਸਲ ਕਰ ਲਈ ਤੇ ਵੱਡੇ ਵੱਡੇ ਵਾਅਦੇ ਲੋਕਾਂ ਨਾਲ ਕੀਤੇ ਸਨ, ਜਿਨ੍ਹਾਂ ਤੋਂ ਹੁਣ ਸਰਕਾਰ ਬਣਨ 'ਤੇ ਵਾਅਦੇ ਪੂਰੇ ਕਰਨ ਤੋਂ ਆਮ ਆਦਮੀ ਪਾਰਟੀ ਭੱਜ ਗਈ ਹੈ। ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਉਨ੍ਹਾ ਕਿਹਾ ਕਿ ਪਾਰਟੀ ਨੇ ਜੋ ਭਰੋਸਾ ਉਨ੍ਹਾਂ ਵਿੱਚ ਪ੍ਰਗਟ ਕੀਤਾ ਹੈ, ਉਸ ਨੂੰ ਪੂਰਾ ਕਰਨ ਲਈ ਉਹ ਜੀ ਜਾਨ ਨਾਲ ਮਿਹਨਤ ਕਰਨਗੇ ਤੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਸ਼੍ਰੋਮਣੀ ਅਕਾਲੀ ਦਲ ਨਾਲ ਜੋੜਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਸੇਮ ਚੰਦ ਪੰਚ, ਸਾਹਿਬ ਸਿੰਘ ਪੰਚ, ਹੁਕਮ ਸਿੰਘ ਗੋਲਡੀ ਪਰਮਜੀਤ ਕੌਰ, ਦੀਪਾ ਰਾਣੀ, ਸੀਤਾ ਰਾਮ, ਜਸਵਿੰਦਰ ਸਿੰਘ ਸਰਪੰਚ, ਕੇ ਪੀ ਸ਼ਰਮਾ, ਪਰਮਜੀਤ ਕੌਰ ਆਦਿ ਹਾਜ਼ਰ ਸਨ।

# ਤਰਕਸ਼ੀਲ ਇਕਾਈ ਦੇ ਮੈਂਬਰਾਂ ਨੇ ਮੀਟਿੰਗ ਕੀਤੀ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**
ਤਰਕਸ਼ੀਲ ਇਕਾਈ ਦੇ ਮੈਂਬਰਾਂ ਨੇ ਮਾਰਚ ਮਹੀਨੇ ਦੀ ਮੀਟਿੰਗ ਜਥੇਬੰਦਕ ਮੁਖੀ ਜੰਟਾ ਸਿੰਘ ਦੀ ਅਗਵਾਈ ਵਿੱਚ ਕੀਤੀ।ਮੀਟਿੰਗ ਵਿੱਚ ਵਿੱਤ ਮੁਖੀ ਲੈਕਚਰਾਰ ਗੁਰਮੇਲ ਸਿੰਘ, ਮਾਨਸਿਕ ਸਿਹਤ ਵਿਭਾਗ ਮੁਖੀ ਜਗਦੇਵ ਸਿੰਘ, ਸਾਹਿਤ ਵਿਭਾਗ ਮੁਖੀ ਗੁਰਦੀਪ ਸਿੰਘ, ਮੀਡੀਆ ਇੰਚਾਰਜ ਮਾਸਟਰ ਸੁਰਿੰਦਰ ਦੇ ਨਾਲ ਮੇਜਰ ਸਿੰਘ, ਫ਼ਕੀਰ ਚੰਦ, ਸੁਖਮੰਦਰ ਸਿੰਘ, ਗਗਨ ਕਾਂਗੜ, ਜ਼ੋਨ ਮੀਡੀਆ ਇੰਚਾਰਜ ਗਗਨ ਰਾਮਪੁਰਾ, ਬੰਤ ਸਿੰਘ ਭੂੰਦੜ, ਤੇਜ ਸਿੰਘ ਮਾਫੀਦਾਰ, ਸੁਰਜੀਤ ਸਿੰਘ ਪੰਜਾਬ ਪੁਲਿਸ, ਸੰਦੀਪ ਸਿੰਘ ਧੂਰਕੋਟ, ਪ੍ਰਮੋਦ ਕੁਮਾਰ ਤੇ ਡਾ. ਜਗਤਾਰ ਸਿੰਘ ਫੂਲ ਹਾਜ਼ਰ ਹੋਏ। ਮੈਂਬਰਾਂ ਨੇ ਸੂਬਾ ਕਮੇਟੀ ਨੂੰ ਛੇਵੀਂ ਤਰਕਸ਼ੀਲ ਪਰਖ ਪ੍ਰੀਖਿਆ ਵਿੱਚ ਕਾਲਜਾਂ ਦੇ ਬੀ ਏ ਤੱਕ ਦੇ ਵਿਦਿਆਰਥੀਆਂ, ਏ ਐਨ ਐਮ, ਜੀ ਐਨ ਐਮ, ਫਾਰਮੇਸੀ ਤੇ ਈਟੀਟੀ ਦੇ ਵਿਦਿਆਰਥੀਆਂ ਨੂੰ ਵੀ ਸ਼ਾਮਲ ਕਰਨ ਲਈ ਸੁਝਾਅ ਭੇਜਿਆ ਹੈ।

ਇਕਾਈ ਹਰ ਮਹੀਨਾਵਾਰ ਮੀਟਿੰਗਾਂ ਸਫ਼ਲਤਾ ਨਾਲ ਕਰਦੀ ਆ ਰਹੀ ਹੈ।ਸੰਦੀਪ ਸਿੰਘ ਲਹਿਰਾ ਧੂਰਕੋਟ ਨੇ ਨਵੀਂ ਮੈਂਬਰਸ਼ਿਪ ਲਈ।ਮੈਗਜ਼ੀਨ ਦੀ ਵੰਡ-ਵੰਡਾਈ ਮੈਗਜ਼ੀਨ ਮਿਲਣ ਤੇ ਘਰੋ-ਘਰੀ ਪੁਚਾਉਣ ਦਾ ਮਤਾ ਪਾਸ ਕੀਤਾ।ਲੋਕ ਵਿਰੋਧੀ ਧਾਰਾ 295 ਸਬੰਧੀ ਬਿਆਨ ਗਗਨ ਰਾਮਪੁਰਾ ਜ਼ੋਨ ਵੱਲੋਂ ਜਾਰੀ ਕਰਨਗੇ।ਧਾਰਾ 295 ਸਬੰਧੀ ਦੇਸ਼ ਭਗਤ ਯਾਦਗਾਰ ਜਲੰਧਰ ਵਿੱਚ ਇਕਾਈ ਨੇ ਭਰਪੂਰ ਸ਼ਮੂਲੀਅਤ ਕੀਤੀ ਸੀ।ਬਰਨਾਲੇ ਕ੍ਰਿਸ਼ਨ ਬਰਗਾੜੀ ਸਮਾਗਮ 'ਤੇ ਵੀ ਇਕਾਈ ਨੇ ਵਧ-ਚੜ੍ਹ ਕੇ ਹਿੱਸਾ ਲਿਆ।



ਕਿਸਾਨਾਂ ਤੇ ਅਧਿਆਪਕਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ਾਂ ਦੀ ਇਕਾਈ ਹਰ ਤਰ੍ਹਾਂ ਦੇ ਸਹਿਯੋਗ ਦੇ ਆਪਣੇ ਵਾਅਦੇ 'ਤੇ ਪੂਰੀ ਤਰ੍ਹਾਂ ਡਟ ਕੇ ਖੜੀ ਹੈ।ਇਸ ਦੇ ਨਾਲ ਹੀ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਸੰਘਰਸ਼ ਦੇ ਅਜਿਹੇ ਰੂਪ ਅਪਨਾਉਣੇ ਚਾਹੀਦੇ ਹਨ, ਜਿਹੜੇ ਆਮ ਲੋਕਾਂ ਲਈ ਸਿਰਦਰਦੀ ਦਾ ਕਾਰਨ ਨਾ ਬਨਣ।ਮੈਡੀਕਲ ਪ੍ਰੈਕਟੀਸ਼ਨਰਾਂ ਵੱਲੋਂ ਬੇਰੁਜ਼ਗਾਰ ਯਾਦਗਾਰ ਹਾਲ ਵਿੱਚ ਵੱਡੀ ਰਕਮ ਦਾ ਯੋਗਦਾਨ ਪਾ ਕੇ ਫ਼ਰਸ਼ ਲੁਆਉਣ ਦੀ ਪ੍ਰਸੰਸਾ ਕੀਤੀ।ਸੰਘਰਸ਼ਸ਼ੀਲ ਜਥੇਬੰਦੀਆਂ ਲਈ ਇਹ ਥਾਂ ਬਹੁਤ ਉਪਯੋਗੀ ਹੋਵੇਗੀ।

ਵਿੱਤ ਮੁਖੀ ਲੈਕਚਰਾਰ ਗੁਰਮੇਲ ਸਿੰਘ ਇਸੇ ਮਹੀਨੇ ਰਿਟਾਇਰ ਹੋ ਰਹੇ ਹਨ।ਉਨ੍ਹਾਂ ਆਪਣੀ ਰਿਟਾਇਰਮੈਂਟ ਪਾਰਟੀ 'ਤੇ ਸਮੁੱਚੀ ਇਕਾਈ ਨੂੰ ਖੁਸ਼ੀ 'ਚ ਸ਼ਾਮਲ ਹੋਣ ਲਈ ਸੱਦਾ ਦਿੱਤਾ।ਭਰਵੀਂ ਮੀਟਿੰਗ ਨੇ ਪੰਜਾਬ ਭਰ ਵਿੱਚ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਦੇ ਸੰਘਰਸ਼ਾਂ ਦੀ ਹਮਾਇਤ ਦਾ ਪ੍ਰਣ ਦੁਹਰਾਇਆ। ਇਹ ਜਾਣਕਾਰੀ ਮਾਸਟਰ ਸੁਰਿੰਦਰ ਨੇ ਸਾਂਝੀ ਕੀਤੀ।

# ਗੁਰੂ ਰਾਮਦਾਸ ਗਰੁੱਪ ਆਫ਼ ਕਾਲਜਿਜ਼ ਵਿਖੇ ਨੈਸ਼ਨਲ ਪੱਧਰ 'ਤੇ ਸੈਮੀਨਾਰ

**ਮਲੋਟ (ਗੁਰਮੀਤ ਸਿੰਘ ਮੱਕੜ)**
ਸ਼ਹਿਰ ਨੇੜਲੇ ਪਿੰਡ ਥੇਹੜੀ ਸਾਹਿਬ ਵਿਖੇ ਸਥਿਤ ਗੁਰੂ ਰਾਮਦਾਸ ਗਰੁੱਪ ਆਫ਼ ਕਾਲਜਿਜ਼ ਵਿਖੇ ਨੈਸ਼ਨਲ ਪੱਧਰ ਦਾ ਫਾਰਮੇਸੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਡਾ. ਸੁਨੀਲ ਬਾਂਸਲ ਐੱਸ.ਐੱਮ.ਓ. ਸਿਵਲ ਹਸਪਤਾਲ ਮਲੋਟ ਤੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਡਾ. ਰਸ਼ਮੀ ਚਾਵਲਾ ਐੱਸ.ਐੱਮ.ਓ. ਸਿਵਲ ਹਸਪਤਾਲ ਗਿੱਦੜਬਾਹਾ ਨੇ ਸ਼ਿਰਕਤ ਕੀਤੀ। ਕਾਲਜ ਦੇ ਪ੍ਰਿੰਸੀਪਲ ਤੇ ਸਮੂਹ ਮੈਨੇਜਮੈਂਟ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਸੈਮੀਨਾਰ ਦੌਰਾਨ ਪਹੁੰਚੇ ਬੁਲਾਰੇ ਅਵੈਸ਼ ਅੰਬਰ, ਡਾ. ਸੁਰੇਸ਼ ਕੁਮਾਰ, ਡਾ. ਪੁਨੀਤ ਬਾਂਸਲ ਤੇ ਡਾ. ਰਾਜੀਵ ਚਾਵਲਾ ਨੇ ਫਾਰਮੇਸੀ ਖੇਤਰ ਬਾਰੇ ਚਾਨਣਾ ਪਾਉਂਦੇ ਹੋਏ ਕਾਲਜ ਦੇ ਵਿਦਿਆਰਥੀਆਂ ਨੂੰ ਆਪਣੀ ਨਿੱਜੀ ਜ਼ਿੰਦਗੀ ਦੀਆਂ ਉਦਾਹਰਨਾਂ ਦੇ ਕੇ ਪ੍ਰੇਰਿਤ ਕੀਤਾ। ਇਸ ਦੌਰਾਨ ਫਾਰਮੇਸੀ ਹਫ਼ਤੇ ਦੌਰਾਨ ਕਰਵਾਈਆਂ ਗਈਆਂ ਖੇਡਾਂ 'ਚ ਜੇਤੂ ਰਹਿਣ ਵਾਲੇ ਵਿਦਿਆਰਥੀਆਂ ਤੇ ਮਿਸ. ਫਰੈਸ਼ਰ ਅਤੇ ਮਿਸਟਰ ਫ਼ਰੈਸ਼ਰ ਰਹਿਣ ਵਾਲੇ ਵਿਦਿਆਰਥੀਆਂ ਨੂੰ ਮੁੱਖ ਮਹਿਮਾਨਾਂ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕਰਕੇ ਆਏ ਹੋਏ ਮੁੱਖ ਮਹਿਮਾਨਾਂ ਤੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਕਾਲਜ ਦੀ ਸਮੂਹ ਮੈਨੇਜਮੈਂਟ ਨੇ ਆਏ ਹੋਏ ਮੁੱਖ ਮਹਿਮਾਨਾਂ ਨੂੰ ਸਨਾਮਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਤੇ ਧੰਨਵਾਦ ਕੀਤਾ। ਇਸ ਮੌਕੇ ਸਰਪ੍ਰਸਤ ਮਾਨ ਸਿੰਘ ਮੱਕੜ, ਚੇਅਰਮੈਨ ਮਨਪ੍ਰੀਤ ਸਿੰਘ ਮੱਕੜ, ਸਕੱਤਰ ਸੁਰਿੰਦਰਪਾਲ ਸਿੰਘ ਮੱਕੜ, ਵਾਇਸ ਚੇਅਰਮੈਨ ਪੁਸ਼ਪਲੀਨ ਸਿੰਘ, ਡਾਇਰੈਕਟਰ ਡਾ. ਬਲਜੀਤ ਸਿੰਘ ਖੁਰਾਣਾ ਆਦਿ ਇਲਾਕੇ ਦੇ ਪਤਵੰਤੇ ਤੇ ਵਿਦਿਆਰਥੀ ਹਾਜ਼ਰ ਸਨ।



12-March-PAGE-8.qxd 3/11/2024 8:51 PM Page 1



# ਕਾਰ-ਟੈਂਕਰ ਦੀ ਟੱਕਰ 'ਚ ਔਰਤ ਦੀ ਮੌਤ



**ਫਿਲੌਰ, ( ਨਿਰਮਲ )**- ਫਿਲੌਰ ਹਾਈਵੇ 'ਤੇ ਇੱਕ ਭਿਆਨਕ ਸੜਕ ਹਾਦਸੇ ਦੌਰਾਨ ਇੱਕ ਔਰਤ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਮੁਤਾਬਕ ਫਿਲੌਰ ਹਾਈਵੇ 'ਤੇ ਇੱਕ ਪੈਟਰੋਲ ਟੈਂਕਰ ਖਰਾਬ ਖੜਾ ਸੀ ਜਿਸ ਦਾ ਅਗਲਾ ਟਾਇਰ ਫੱਟਿਆ ਸੀ, ਜਓ ਡਿਵਾਈਡਰ ਦੇ ਨਾਲ ਖੜਾ ਕੀਤਾ ਹੋਇਆ ਸੀ ਅਤੇ ਡਰਾਈਵਰ ਆਉਣ ਜਾਣ ਵਾਲੇ ਵਾਹਨਾਂ ਨੂੰ ਉਹ ਆਪ ਹੱਥ ਨਾਲ ਇਸ਼ਾਰਾ ਦੇ ਕੇ ਸੁਚੇਤ ਕਰ ਰਿਹਾ ਸੀ। ਪਰ ਇੱਕ ਕਾਰ ਨੰਬਰ ਪੀ ਬੀ 08 ਈ ਜੈਡ 2328 ਜਲੰਧਰ ਸਾਈਡ ਤੋਂ ਲੁਧਿਆਣਾ ਨੂੰ ਜਾ ਰਹੀ ਸੀ ਜੋ ਕੇ ਪੈਟਰੋਲ ਟੈਂਕਰ ਦੇ ਵਿੱਚ ਆ ਵੱਜੀ। ਜਿਸ ਨਾਲ ਗੱਡੀ ਬੁਰੀ ਤਰ੍ਹਾਂ ਨੁਕਸਾਨੀ ਗਈ ਤੇ ਮੌਕੇ 'ਤੇ ਹੀ ਕਾਰ 'ਚ ਪਿੱਛਲੀ ਸੀਟ 'ਤੇ ਬੈਠੀ ਔਰਤ ਦੀ ਮੌਤ ਹੋ ਗਈ ਅਤੇ ਜ਼ਖ਼ਮੀ ਕਾਰ ਡਰਾਈਵਰ ਨੂੰ ਫਿਲੌਰ ਦੇ ਸਿਵਲ ਹਸਪਤਾਲ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ। ਏ ਐਸ ਆਈ ਵਿਜੈ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਔਰਤ ਦੀ ਪਹਿਚਾਣ ਜੈਸੀਕਾ ਵਾਸੀ ਜਲੰਧਰ ਵੱਜੋਂ ਹੋਈ ਹੈ ਜਓ ਇੱਕ ਸਕੂਲ ਟੀਚਰ ਸੀ। ਉਨ੍ਹਾਂ ਕਿਹਾ ਕਿ ਮ੍ਰਿਤਕ ਔਰਤ ਦੇ ਪਰਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ ਤੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

## ਜ਼ਿਲ੍ਹੇ 'ਚ ਮਨਜ਼ੂਰੀ ਲਏ ਬਿਨਾਂ ਯਾਦਗਾਰੀ ਗੇਟਾਂ ਦੀ ਉਸਾਰੀ 'ਤੇ ਰੋਕ

**ਨਵਾਂਸ਼ਹਿਰ, (ਮਨੋਜ ਲਾਡੀ)**-ਜ਼ਿਲ੍ਹਾ ਮੈਜਿਸਟਰੇਟ ਸ਼ਹੀਦ ਭਗਤ ਸਿੰਘ ਨਗਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਫ਼ੌਜਦਾਰੀ ਜ਼ਾਬਤਾ ਸੰਘਤਾ 1973 (1974) ਦੇ ਐਕਟ 2 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤੇ ਹਨ ਕਿ ਜ਼ਿਲ੍ਹੇ ਵਿਚ ਕੋਈ ਵਿਅਕਤੀ/ਸੰਸਥਾ ਸਰਕਾਰੀ/ਪੰਚਾਇਤੀ ਜਗਾ 'ਤੇ ਕੋਈ ਗੇਟ ਨਹੀਂ ਉਸਾਰੇਗਾ। ਜੇਕਰ ਅਜਿਹਾ ਕੋਈ ਯਾਦਗਾਰੀ ਗੇਟ ਉਸਾਰਨਾ ਹੋਵੇ ਤਾਂ ਪਹਿਲਾਂ ਸਬੰਧਤ ਵਿਭਾਗ ਤੋਂ ਪ੍ਰਵਾਨਗੀ ਲੈਣ ਉਪਰੰਤ ਹੀ ਮੰਨਜ਼ੂਰੀ ਦਫ਼ਤਰ ਜ਼ਿਲਾ ਮੈਜਿਸਟ੍ਰੇਟ ਤੋਂ ਲਈ ਜਾਵੇ। ਜਾਰੀ ਹੁਕਮਾਂ ਵਿਚ ਜ਼ਿਲਾ ਮੈਜਿਸਟ੍ਰੇਟ ਨੇ ਕਿਹਾ ਹੈ ਕਿ ਉਨਾਂ ਦੇ ਧਿਆਨ ਵਿਚ ਆਇਆ ਹੈ ਕਿ ਪਿੰਡਾਂ ਵਿਚ ਲੋਕ ਆਪਣੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਦੀ ਯਾਦ ਵਿਚ ਯਾਦਗਾਰੀ ਗੇਟ ਸਰਕਾਰੀ/ਪੰਚਾਇਤ ਦੀ ਜਗ੍ਹਾ 'ਤੇ ਬਿਨਾਂ ਕਿਸੇ ਦੀ ਮਨਜ਼ੂਰੀ ਲਏ ਅਤੇ ਬਿਨਾਂ ਕਿਸੇ ਸਮਰੱਥ ਵਿਭਾਗ ਤੋਂ ਪਾਸ ਕਰਵਾਏ ਆਪਣੀ ਮਨ-ਮਰਜ਼ੀ ਨਾਲ ਬਣਾ ਲੈਂਦੇ ਹਨ। ਇਸ ਤਰਾਂ ਨਾਲ ਜਿਥੇ ਸਰਕਾਰੀ ਜਗਾ 'ਤੇ ਨਜਾਇਜ਼ ਕਬਜ਼ਾ ਕਰ ਲਿਆ ਜਾਂਦਾ ਹੈ, ਉਥੇ ਇਸ ਤਰਾਂ ਬਣਾਏ ਗਏ ਗੇਟਾਂ ਦੇ ਡਿਗਣ ਦਾ ਖ਼ਤਰਾ ਵੀ ਹਰ ਵੇਲੇ ਬਣਿਆ ਰਹਿੰਦਾ ਹੈ, ਜਿਸ ਨਾਲ ਜਾਨੀ/ਮਾਲੀ ਨੁਕਸਾਨ ਹੋਣ ਦਾ ਵੀ ਡਰ ਬਣਿਆ ਰਹਿੰਦਾ ਹੈ। ਇਸ ਲਈ ਜ਼ਿਲ੍ਹੇ ਵਿੱਚ ਇਸ ਤਰਾਂ ਦੇ ਗੇਟ ਉਸਾਰਨ 'ਤੇ ਪਾਬੰਦੀ ਲਗਾਈ ਜਾਣੀ ਜ਼ਰੂਰੀ ਹੈ। ਇਹ ਹੁਕਮ 11 ਮਈ 2024 ਤੱਕ ਲਾਗੂ ਰਹਿਣਗੇ।

# ਕੈਬਨਿਟ ਮੰਤਰੀ ਨੇ ਸਟਰਾਮ ਸੀਵਰ ਪ੍ਰੋਜੈਕਟ ਦੀ ਕਰਵਾਈ ਸ਼ੁਰੂਆਤ



**ਹੁਸ਼ਿਆਰਪੁਰ, (ਓ ਪੀ ਰਾਣਾ)**

ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਦੇ ਲੋਕਾਂ ਦੀ ਹਰ ਸਮੱਸਿਆ ਦੇ ਹੱਲ ਲਈ ਯੋਜਨਾਬੱਧ ਢੰਗ ਨਾਲ ਕੰਮ ਕਰਕੇ ਸਮੱਸਿਆਵਾਂ ਦਾ ਹੱਲ ਕੀਤਾ ਜਾ ਰਿਹਾ ਹੈ। ਉਹ ਸ਼ਿਮਲਾ ਪਹਾੜੀ ਚੌਕ ਵਿਚ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਵਲੋਂ ਬਰਸਾਤੀ ਪਾਣੀ ਦੀ ਨਿਕਾਸੀ ਲਈ (ਸਟਰਾਮ ਸੀਵਰ) ਪ੍ਰੋਜੈਕਟ ਦਾ ਨੀਂਹ ਪੱਥਰ ਰੱਖਣ ਦੌਰਾਨ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸਹਾਇਕ ਕਮਿਸ਼ਨਰ ਸੰਦੀਪ ਤਿਵਾੜੀ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਡਿਪਟੀ ਮੇਅਰ ਰਣਜੀਤ ਚੌਧਰੀ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ 1.98 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪ੍ਰੋਜੈਕਟ ਤੋਂ ਹੁਸ਼ਿਆਰਪੁਰ ਵਾਸੀਆਂ ਨੂੰ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਬਰਸਾਤਾਂ ਦੌਰਾਨ ਸ਼ਿਮਲਾ ਪਹਾੜੀ ਤੇ ਇਸ ਦੇ ਆਸ-ਪਾਸ ਵਾਲੇ ਹਲਕੇ ਵਿਚ ਕਾਫ਼ੀ ਪਾਣੀ ਭਰ ਜਾਂਦਾ ਸੀ, ਜਿਸ ਕਾਰਨ ਲੋਕਾਂ ਨੂੰ ਕਾਫ਼ੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਤਹਿਤ 450 ਮੀਟਰ 24 ਇੰਚ ਦੀ 48 ਐਮ ਐਲ ਡੀ ਆਈ ਪੀ.ਐਸ. ਅੰਡਰ ਗਰਾਊਂਡ ਪਾਈਪ ਲਾਈਨ ਪਾ ਕੇ ਸਾਰਾ ਬਰਸਾਤੀ ਪਾਣੀ ਭੰਗੀ ਚੋਅ ਵਿਚ ਡਿਸਚਾਰਜ ਕੀਤਾ ਜਾਵੇਗਾ ਅਤੇ ਭਵਿੱਖ ਵਿਚ ਬਰਸਾਤਾਂ ਦੌਰਾਨ ਲੋਕਾਂ ਨੂੰ ਬਰਸਾਤੀ ਪਾਣੀ ਵਰਗੀ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪਵੇਗਾ।ਜਿੰਪਾ ਨੇ ਕਿਹਾ ਕਿ ਇਸ ਪ੍ਰੋਜੈਕਟ ਦੇ ਨਾਲ-ਨਾਲ ਆਉਣ ਵਾਲੇ ਦਿਨਾਂ ਵਿਚ ਸ਼ਹਿਰ ਦੇ ਹੋਰ ਹਲਕਿਆਂ ਵਿਚ ਜਿਥੇ ਬਰਸਾਤੀ ਪਾਣੀ ਜਮ੍ਹਾਂ ਹੁੰਦਾ ਹੈ, ਉਥੇ ਦੀ ਸਮੱਸਿਆ ਦਾ ਵੀ ਹੱਲ ਕੀਤਾ ਜਾਵੇਗਾ। ਇਸ ਮੌਕੇ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਮੈਂਬਰ ਅਜੇ ਵਰਮਾ, ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਐਕਸੀਅਨ ਅਰਵਿੰਦ ਮਹਿਤਾ, ਨਗਰ ਨਿਗਮ ਦੇ ਐਕਸੀਅਨ ਕੁਲਦੀਪ ਸਿੰਘ, ਹਰਪ੍ਰੀਤ ਸਿੰਘ, ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਐਸ.ਡੀ.ਈ ਸੁਸ਼ੀਲ ਬਾਂਸਲ, ਕੌਂਸਲਰ ਮੀਨਾ ਕੁਮਾਰੀ, ਕੌਂਸਲਰ ਪ੍ਰਦੀਪ ਬਿੱਟੂ, ਮੁਖੀ ਰਾਮ, ਊਸ਼ਾ ਰਾਣੀ, ਜਸਵੰਤ ਰਾਏ, ਐਡਵੋਕੇਟ ਅਮਰਜੋਤ ਸੈਣੀ, ਧੀਰਜ ਸ਼ਰਮਾ, ਵਰਿੰਦਰ ਵੈਦ, ਸੁਮੇਸ਼ ਸੋਨੀ, ਵਿਕਾਸ ਗੌੜ, ਗੁਰਮੇਲ ਹੁੰਦਲ, ਮਨਜੋਤ ਕੌਰ, ਸੰਤੋਸ਼ ਸੈਣੀ, ਪ੍ਰੀਤਪਾਲ, ਰਾਜਨ ਸੈਣੀ, ਅਵਤਾਰ ਸਿੰਘ ਤਾਰੀ, ਧਰੁਵ ਕੁਮਾਰ ਓਹਰੀ, ਕੁਲਵਿੰਦਰ ਸਿੰਘ ਹੁੰਦਲ, ਪ੍ਰੋ: ਬਹਾਦਰ ਸਿੰਘ ਸੁਨੇਤ, ਰਚਨਾ ਕੌਰ, ਸਵਿਤਾ, ਖੁਸ਼ੀ ਰਾਮ ਧੀਮਾਨ, ਮੁਨੀਸ਼ ਗੁਪਤਾ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

## ਪੁੱਟੀਆਂ ਸੜਕਾਂ ਦੁਬਾਰਾ ਨਾ ਬਣਾਉਣ ਵਿਰੁੱਧ ਧਰਨਾ ਤੇ ਪ੍ਰਦਰਸ਼ਨ

**ਅਲਾਵਲਪੁਰ, (ਮਦਨ ਬੰਗੜ)**-ਕਸਬਾ ਅਲਾਵਲਪੁਰ ਵਿਖੇ ਸਰਫੇਸ ਵਾਟਰ ਪ੍ਰੋਜੈਕਟ ਕਰਨ ਪੁੱਟੀਆਂ ਗਈਆਂ ਸੜਕਾਂ ਨੂੰ ਦੁਬਾਰਾ ਨਾ ਬਣਾਉਣ ਕਾਰਨ ਦੁਖੀ ਹੋਏ ਸ਼ਹਿਰ ਵਾਸੀਆਂ ਵੱਲੋਂ ਕਸਬਾ ਅਲਾਵਲਪੁਰ ਦੇ ਦੁਸਹਿਰਾ ਗਰਾਊਂਡ ਚੌਕ ਵਿੱਚ ਧਰਨਾ ਪ੍ਰਦਰਸ਼ਨ ਕੀਤਾ ਗਿਆ । ਜਿਸ ਕਾਰਨ ਕਰਤਾਰਪੁਰ ਤੋਂ ਆਦਮਪੁਰ ਨੂੰ ਜਾਣ ਵਾਲੀ ਸਾਰੀ ਟਰੈਫਿਕ ਪ੍ਰਭਾਵਿਤ ਹੋਈ। ਦੋਵਾਂ ਪਾਸਿਆਂ ਤੇ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ ।ਅਲਾਵਲਪੁਰ ਪੁਲਸ ਚੌਂਕੀ ਦੇ ਇੰਚਾਰਜ ਏਐਸਆਈ ਰਜਿੰਦਰ ਸ਼ਰਮਾ ਪੁਲਸ ਪਾਰਟੀ ਸਮੇਤ ਪਹੁੰਚੇ । ਸ਼ਹਿਰ ਵਾਸੀਆਂ ਵੱਲੋਂ ਸਬੰਧਤ ਵਿਭਾਗ ਤੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਇਹ ਧਰਨਾ ਤਾਂ ਸਿਰਫ ਇੱਕ ਟਰੇਲਰ ਹੈ, ਅਗਰ ਆਉਣ ਵਾਲੇ ਦਿਨਾਂ ਵਿੱਚ ਸਰਫੇਸ ਵਾਟਰ ਪ੍ਰੋਜੈਕਟ ਕਾਰਨ ਪੁੱਟੀਆਂ ਗਈਆਂ ਸੜਕਾਂ ਨੂੰ ਦੁਬਾਰਾ ਨਾ ਬਣਾਇਆ ਗਿਆ ਤਾਂ ਪੱਕਾ ਧਰਨਾ ਲਗਾਇਆ ਜਾਵੇਗਾ।ਪ੍ਰਦਰਸ਼ਨਕਾਰੀਆਂ ਨੇ ਡਿਪਟੀ ਕਮਿਸ਼ਨਰ ਜਲੰਧਰ ਦੇ ਨਾਂਅ ਇੱਕ ਮੰਗ ਪੱਤਰ ਪੁਲਸ ਚੌਕੀ ਇੰਚਾਰਜ ਰਜਿੰਦਰ ਸ਼ਰਮਾ ਨੂੰ ਸੌਂਪਿਆ ਗਿਆ। ਇਸ ਮੌਕੇ ਮੁਕੰਦਰ ਲਾਲ ਕੌਂਸਲਰ ,ਮਦਨ ਲਾਲ ਕੌਂਸਲਰ, ਬ੍ਰਿਜ ਭੂਸ਼ਣ ਕੌਂਸਲਰ, ਨਰੇਸ਼ ਕੁਮਾਰ ਕੌਂਸਲਰ ,ਪੰਕਜ ਸ਼ਰਮਾ ਕੌਂਸਲਰ, ਨਰਿੰਦਰ ਸ਼ਰਮਾ, ਹੰਸ ਰਾਜ ਭੈਰੋ, ਦੀਪਕ ਗੁਪਤਾ, ਦਲਵੀਰ ਸਿੰਘ, ਦਵਿੰਦਰ ਲੱਡੂ, ਰਾਮ ਰਤਨ ਪਪੀ ਅਤੇ ਹੋਰ ਸ਼ਹਿਰ ਵਾਸੀ ਹਾਜ਼ਰ ਸਨ।



## ਪ੍ਰਭ ਆਸਰਾ ਹਸਪਤਾਲ 'ਚ ਬਜ਼ੁਰਗ ਔਰਤ ਦੀ ਮੌਤ

**ਕੁਰਾਲੀ, (ਮੋਹਨ ਅਗਰਵਾਲ ਜੋਗਾ)**-ਲਵਾਰਿਸ ਬਜ਼ੁਰਗ ਔਰਤ ਦੀ ਬੀਤੀ ਰਾਤ ਇਲਾਜ ਅਧੀਨ ਪ੍ਰਭ ਆਸਰਾ ਹਸਪਤਾਲ, ਚਨਾਲੋਂ ਵਿਖੇ ਅਚਾਨਕ ਮੌਤ ਹੋ ਗਈ। ਭਾਈ ਸ਼ਮਸ਼ੇਰ ਸਿੰਘ ਮੁੱਖ ਪ੍ਰਬੰਧਕ ਪ੍ਰਭ ਆਸਰਾ ਸੰਸਥਾ ਨੇ ਦੱਸਿਆ ਕਿ ਮਾਈ (ਲਗਪਗ 72 ਸਾਲ) ਨੂੰ ਪੁਲਸ ਥਾਣਾ ਸੋਹਾਣਾ ਵੱਲੋਂ 11 ਸਾਲ ਪਹਿਲਾਂ ਇਲਾਜ ਅਤੇ ਸੰਭਾਲ ਲਈ ਜਦੋਂ ਪ੍ਰਭ ਆਸਰਾ ਸੰਸਥਾ ਦਾਖਲ ਕਰਵਾਇਆ ਤਾਂ ਮਾਈ ਦੀ ਹਾਲਤ ਠੀਕ ਨਹੀਂ ਸੀ ਤੇ ਸਰੀਰਕ ਪੱਖੋਂ ਵੀ ਬਹੁਤ ਕਮਜ਼ੋਰ ਸੀ। ਉਹ ਸੁਣਨ ਅਤੇ ਬੋਲਣ ਤੋਂ ਅਸਮਰੱਥ ਸੀ । ਉਹਨਾਂ ਦਾ ਇਲਾਜ ਪਿਛਲੇ 11 ਸਾਲਾਂ ਤੋਂ ਸੰਸਥਾ ਵਲੋਂ ਕਰਵਾਇਆ ਜਾ ਰਿਹਾ ਸੀ। ਇਹ ਹਸਪਤਾਲ ਵਿਚ ਜ਼ੇਰੇ ਇਲਾਜ ਸੀ, ਜਿਥੇ ਇਹਨਾਂ ਦੀ ਅਚਾਨਕ ਹਾਲਤ ਖਰਾਬ ਹੋਣ ਕਰਕੇ ਬੀਤੀ ਰਾਤ ਮੌਤ ਹੋ ਗਈ।



# ਢੀਂਡਸਾ ਦੇ ਸ਼੍ਰੋਮਣੀ ਅਕਾਲੀ ਦਲ 'ਚ ਵਾਪਸ ਆਉਣ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ : ਜਥੇਦਾਰ ਜੁਗਨੂੰ

**ਕਾਲਾ ਸੰਘਿਆਂ (ਮਨਜੀਤ ਮਾਨ)**

ਟਕਸਾਲੀ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਵੱਲੋਂ ਆਪਣੇ ਸਮੁੱਚੇ ਸਾਥੀਆਂ ਸਮੇਤ ਆਪਣੀ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਿੱਚ ਘਰ ਵਾਪਸੀ ਕਰਨ ਦਾ ਭਰਪੂਰ ਸਵਾਗਤ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਸਿਆਸੀ ਸਲਾਹਕਾਰ ਮੈਂਬਰ ਪੀ ਏ ਸੀ ਤੇ ਮੁੱਖ ਬੁਲਾਰੇ ਜਥੇਦਾਰ ਇੰਦਰਜੀਤ ਸਿੰਘ ਜੁਗਨੂੰ ਨੇ ਆਖਿਆ ਕਿ ਇਸ ਤਰ੍ਹਾਂ ਪੰਥਕ ਏਕਤਾ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਬਲ ਮਿਲਿਆ ਹੈ, ਉਸੇ ਤਰ੍ਹਾਂ ਪਾਰਟੀ ਹੋਰ ਮਜ਼ਬੂਤ ਹੋਵੇਗੀ ਅਤੇ ਪੰਥਕ ਮਸਲਿਆਂ ਦੇ ਹੱਲ ਤੇ ਪੰਥ ਦੇ ਵਡੇਰੇ ਹਿੱਤਾਂ ਲਈ ਵੀ ਇਹ ਏਕਤਾ ਸਹਾਈ ਹੋਵੇਗੀ। ਜਥੇਦਾਰ ਜੁਗਨੂੰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਜੋ ਪਿਛਲੇ ਸਮੇਂ ਦੌਰਾਨ ਪੰਥਕ ਏਕਤਾ ਲਈ ਭਰਪੂਰ ਯਤਨ ਕੀਤੇ ਗਏ ਅਤੇ ਪੰਜਾਬ ਦੇ ਮਸਲਿਆਂ ਨੂੰ ਲੈ ਕੇ ਜਿਸ ਤਰ੍ਹਾਂ ਲਗਾਤਾਰ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ, ਉਸ ਨੂੰ ਵੇਖਦਿਆਂ ਸੁਖਦੇਵ ਸਿੰਘ ਢੀਂਡਸਾ ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਘਰ ਵਾਪਸੀ ਕਰਨ ਦਾ ਫੈਸਲਾ ਕੀਤਾ ਹੈ, ਉਸ ਦੀ ਜਿੰਨੀ ਵੀ ਤਾਰੀਫ ਕੀਤੀ ਜਾਵੇ ਓਨੀ ਘੱਟ ਹੈ। ਜਥੇਦਾਰ ਜੁਗਨੂੰ ਨੇ ਹੋਰ ਪੰਥਕ ਆਗੂਆਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਆਪਸੀ ਮਤਭੇਦ ਭੁਲਾ ਕੇ ਪੰਥ ਦੇ ਵਡੇਰੇ ਹਿੱਤਾਂ ਲਈ ਆਪਣੀ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਿੱਚ ਵਾਪਸੀ ਕਰਦਿਆਂ ਪੰਥ ਤੇ ਪੰਜਾਬ ਦੇ ਹਿੱਤਾਂ ਲਈ ਇੱਕਜੁੱਟ ਹੋ ਕੇ ਲੜਾਈ ਲੜਨ ਲਈ ਇਕੱਠੇ ਹੋਣ। ਜਥੇਦਾਰ ਜੁਗਨੂੰ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੂੰ ਉਨ੍ਹਾ ਦੀ ਬਰਸੀ ਮੌਕੇ ਉਨ੍ਹਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਇਕਜੁੱਟ ਹੋ ਬਿਨਾਂ ਭੇਦਭਾਵ ਕੌਮ ਤੇ ਪੰਜਾਬ ਦੇ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ।



## ਰੇਲ ਗੱਡੀਆਂ ਰੋਕ ਕੇ ਕਿਸਾਨਾਂ ਕੀਤਾ ਰੋਸ ਪ੍ਰਦਰਸ਼ਨ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਹੁਸ਼ਿਆਰਪੁਰ ਰੇਲਵੇ ਸਟੇਸ਼ਨ ਉੱਤੇ ਦੋ ਕਿਸਾਨ ਜਥੇਬੰਦੀਆਂ ਵੱਲੋਂ ਰੇਲ ਗੱਡੀਆਂ ਰੋਕੀਆਂ ਗਈਆਂ। ਕਿਸਾਨ ਕਮੇਟੀ ਦੋਆਬਾ ਪੰਜਾਬ ਅਤੇ ਬੀ.ਕੇ.ਯੂ ਏਕਤਾ ਉਗਰਾਹਾਂ ਨੇ ਇਸ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ । ਹਰਬੰਸ ਸਿੰਘ ਸੰਘਾ, ਮਾ. ਸੰਗਾਰਾ ਸਿੰਘ ਅਤੇ ਰਜਿੰਦਰ ਸਿੰਘ ਨੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕੇਂਦਰ ਸਰਕਾਰ ਵਲੋਂ ਕਿਸਾਨਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਪੂਰੀਆਂ ਨਾ ਕਰਨ ਦੀ ਸਖਤ ਨਿਖੇਧੀ ਕੀਤੀ। ਬੁਲਾਰਿਆਂ ਨੇ ਮੰਗ ਕੀਤੀ ਕੀ ਸਰਕਾਰ ਬਾਰਡਰ ਉੱਤੇ ਬੈਠੇ ਕਿਸਾਨਾਂ ਉੱਤੇ ਜ਼ੁਲਮ ਕਰਨਾ ਬੰਦ ਕਰੇ। ਐਸ.ਕ.ਐਮ. ਦੇ ਮੈਂਬਰ ਹਰਬੰਸ ਸਿੰਘ ਸੰਘਾ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਵੱਧੀ ਗਿਣਤੀ ਵਿਚ 14 ਮਾਰਚ ਦੀ ਮਹਾਪੰਚਾਇਤ ਵਿੱਚ ਸ਼ਮੂਲੀਅਤ ਕਰਨ । ਇਹ ਰੇਲ ਰੋਕੋ ਪ੍ਰੋਗਰਾਮ ਪੰਜਾਬ ਦੀਆਂ 5 ਕਿਸਾਨ ਜਥੇਬੰਦੀਆਂ ਵੱਲੋਂ ਸਾਰੇ ਪੰਜਾਬ ਵਿੱਚ ਦਸ ਜਗ੍ਹਾ 'ਤੇ ਕੀਤਾ ਜਾ ਰਿਹਾ ਹੈ ।

# ਸੰਤ ਭੂਰੀ ਵਾਲਿਆਂ ਦੇ ਸੇਵਾਦਾਰਾਂ ਵੱਲੋਂ ਕੀਤੀ ਜਾ ਰਹੀ ਹੈ ਗੁਰੂ ਨਗਰੀ ਦੀ ਸਫਾਈ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ਸ੍ਰੀ ਅਮ੍ਰਿਤਸਰ ਸਾਹਿਬ ਵਲੋਂ ਹੋਲੇ ਮਹੱਲੇ ਤੋਂ ਪਹਿਲਾ ਮੇਲਾ ਖੇਤਰ ਦੀ ਸਫਾਈ ਦੀ ਚਲਾਈ ਮੁਹਿੰਮ ਨਿਰੰਤਰ ਜਾਰੀ ਹੈ। ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਵਲੋਂ ਇਸ ਸੰਸਥਾਨ ਨੂੰ ਮੇਲਾ ਖੇਤਰ ਵਿਚ ਸਫਾਈ ਮੁਹਿੰਮ ਚਲਾਉਣ ਅਤੇ ਪ੍ਰਸਾਸ਼ਨ ਨੂੰ ਸਹਿਯੋਗ ਦੇਣ ਦੀ ਅਪੀਲ ਤੋਂ ਬਾਅਦ ਪਿਛਲੇ ਕਈ ਦਿਨਾਂ ਤੋ ਭੂਰੀ ਵਾਲਿਅ ਦੇ ਸੇਵਾਦਾਰ ਲਗਾਤਾਰ ਆਧੁਨਿਕ ਮਸ਼ੀਨਰੀ ਨਾਲ ਸ਼ਹਿਰ ਦੀ ਸਫਾਈ ਸੇਵਾ ਕਰ ਰਹੇ ਹਨ। ਬਾਬਾ ਸੁਖਵਿੰਦਰ ਸਿੰਘ (ਬਾਬਾ ਸੁੱਖਾ) ਭੂਰੀ ਵਾਲਿਆਂ ਨੇ ਕਿਹਾ ਕਿ ਕਿ ਹੋਲੇ ਮਹੱਲੇ ਉਪਰੰਤ ਵੀ ਸਮੁੱਚੇ ਮੇਲਾ ਖੇਤਰ ਨੂੰ ਸਾਫ ਸੁਥਰਾ ਕਰ ਕੇ ਹੀ ਇਨ੍ਹਾਂ ਇਤਿਹਾਸਕ ਪਵਿੱਤਰ ਨਗਰਾਂ ਦੀ ਚਲਾਈ ਸਫਾਈ ਮੁਹਿੰਮ ਨੂੰ ਵਿਰਾਮ ਦਿੱਤਾ ਜਾਵੇਗਾ। ਆਧੁਨਿਕ ਮਸ਼ੀਨਰੀ ਨਾਲ ਜਿੱਥੇ ਸ਼ਹਿਰ ਦੀਆਂ ਸੜਕਾਂ ਦੀ ਸਫਾਈ ਕੀਤੀ ਜਾ ਰਹੀ ਹੈ, ਉਥੇ ਸੇਵਾਦਾਰ ਰੁੱਖਾਂ ਦੀ ਕਟਾਈ, ਛਟਾਈ ਤੇ ਪੱਤਿਆਂ ਨੂੰ ਧੋਣ ਨਾਲ ਵਾਤਾਵਰਣ ਨੂੰ ਸਵੱਛ ਰੱਖਣ ਦਾ ਸੁਨੇਹਾ ਦੇ ਰਹੇ ਹਨ। ਕਾਰ ਸੇਵਕਾਂ ਵੱਲੋਂ ਫਲਦਾਰ, ਫੁੱਲਦਾਰ ਬੂਟਿਆਂ ਤੇ ਦਰੱਖਤਾਂ ਦੀ ਧੁਲਾਈ ਕਰਕੇ ਅਤੇ ਪਾਬੰਦੀ ਵਾਲੇ ਪਲਾਸਟਿਕ ਤੇ ਥਰਮੋਕੋਲ ਦੇ ਬਰਤਨਾਂ ਦੀ ਵਰਤੋ ਨਾ ਕਰਨ ਬਾਰੇ ਲੋਕਾਂ ਨੂੰ ਜਾਗਰੂਕ ਕਰਕੇ ਗਰੀਨ ਤੇ ਕਲੀਨ ਹੋਲਾ ਮਹੱਲਾ ਮਨਾਉਣ ਦੀ ਮੁਹਿੰਮ ਚਲਾਈ ਗਈ ਹੈ। ਭਾਈ ਅਮਰਜੀਤ ਸਿੰਘ, ਬਾਬਾ ਕਾਲਾ ਜੀ, ਹਰਦੀਪ ਸਿੰਘ, ਮੁਖਤਾਰ ਸਿੰਘ ਦੀ ਅਗਵਾਈ ਵਿਚ ਸੈਂਕੜੇ ਸੇਵਾਦਾਰ ਦਿਨ ਰਾਤ ਸਫਾਈ ਸੇਵਾ ਕਰ ਰਹੇ ਹਨ।



## ਕਾਲਾ ਬਾਹੀਆਂ ਵਿਖੇ ਲਗਾਇਆ ਅੱਖਾਂ ਦਾ ਫਰੀ ਚੈੱਕਅਪ ਕੈਂਪ



**ਅਲਾਵਲਪੁਰ (ਮਦਨ ਬੰਗੜ)**-ਡੇਰਾ 108 ਸੰਤ ਬਾਬਾ ਓਕਾਰ ਨਾਥ ਪਿੰਡ ਕਾਲਾ ਬਾਹੀਆਂ ਵਿਖੇ 16ਵਾਂ ਅੱਖਾਂ ਦਾ ਫਰੀ ਚੈਕ ਅਪ ਕੈਂਪ ਐਨ ਆਰ ਆਈ ਸਰਵਣ ਸਿੰਘ ਬਾਹੀਆ ਤੇ ਪਿੰਡ ਦੀ ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਰਬ ਸਾਂਝੇ ਸਹਿਯੋਗ ਨਾਲ ਸਰਵਣ ਸਿੰਘ ਬਾਹੀਆ ਦੇ ਮਾਤਾ ਪਿਤਾ ਸੋਹਣ ਸਿੰਘ ਅਤੇ ਮਾਤਾ ਚੰਨਣ ਕੌਰ ਦੀ ਯਾਦ 'ਚ ਲਗਾਇਆ ਗਿਆ ! ਸਭ ਤੋਂ ਪਹਿਲਾਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ! ਕੈਂਪ ਵਿੱਚ ਆਏ ਹੋਏ ਮਰੀਜ਼ਾਂ ਦਾ ਡਾਕਟਰ ਅਮਨਦੀਪ ਅਰੋੜਾ ਤੇ ਅਰੋੜਾ ਹਸਪਤਾਲ ਵਾਲਿਆਂ ਦੀ ਸਮੂਹ ਟੀਮ ਵੱਲੋਂ ਦੀ ਫਰੀ ਅੱਖਾਂ ਦਾ ਚੈੱਕ ਅਪ ਕੀਤਾ ਗਿਆ। ਅੱਖਾਂ ਦੇ ਆਪਰੇਸ਼ਨ ਹੋਣ ਵਾਲੇ ਮਰੀਜ਼ਾਂ ਦਾ ਫਰੀ ਬੀਪੀ ਅਤੇ ਸ਼ੂਗਰ ਚੈੱਕ ਕਰਨ ਉਪਰੰਤ ਲੋੜਵੰਦ ਮਰੀਜ਼ਾਂ ਨੂੰ ਐਨਕਾਂ ਅਤੇ ਦਵਾਈਆਂ ਮੁਫਤ ਦਿੱਤੀਆਂ ਗਈਆਂ! ਇਸ ਮੌਕੇ ਹੋਰਨਾਂ ਤੋਂ ਇਲਾਵਾ ਐਨਆਰਆਈ ਰਮਨਜੋਤ ਕੌਰ ਬਾਹੀਆ, ਸੇਵਕ ਸਿੰਘ ਰੰਧਾਵਾ, ਰਵਿੰਦਰ ਕੌਰ ਰੰਧਾਵਾ, ਬੀਬੀ ਗੁਰਦੇਵ ਕੌਰ ਰੰਧਾਵਾ, ਜਥੇ : ਗੁਰਦੀਪ ਸਿੰਘ ਬਾਹੀਆ, ਸੰਦੀਪ ਸਿੰਘ ਬੁੱਟਰ , ਜਥੇ. ਸੁਖਦੇਵ ਸਿੰਘ ਬਾਹੀਆ ਸਾਬਕਾ ਸਰਪੰਚ,ਜਰਨੈਲ ਸਿੰਘ ਸਾਬਕਾ ਸਰਪੰਚ ,ਸਰਪੰਚ ਬੀਬੀ ਸੁਰਿੰਦਰ ਕੌਰ, ਪ੍ਰਿ: ਚਰਨਾ ਰਾਮ,ਪ੍ਰਦੁਮਣ ਸਿੰਘ ਬਾਹੀਆ, ਮਹਿੰਦਰ ਸਿੰਘ ਬਾਹੀਆ ,ਦਰਸ਼ਨ ਸਿੰਘ ਫੌਜੀ, ਲੰਬੜਦਾਰ ਮਦਨ ਲਾਲ ਅਤੇ ਠਾਕੁਰ ਸਿੰਘ ਚੌਂਕੀਦਾਰ ਆਦਿ ਸਮੇਤ ਸਮੂਹ ਨਗਰ ਨਿਵਾਸੀ ਹਾਜ਼ਰ ਸਨ।

## ਮੁਲਾਜ਼ਮਾਂ ਨੇ ਸਰਕਾਰ ਦੇ ਮੁਲਾਜ਼ਮ ਵਿਰੋਧੀ ਬਜਟ ਦੀਆਂ ਕਾਪੀਆਂ ਸਾੜੀਆਂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ, ਬਲਾਕ ਹੁਸ਼ਿਆਰਪੁਰ ਦੇ ਪ੍ਰਧਾਨ ਦਵਿੰਦਰ ਕੁਮਾਰ ਅਤੇ ਜਨਰਲ ਸਕੱਤਰ ਲੈਕਚਰਾਰ ਸੁਖਦੇਵ ਸਿੰਘ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਮੁਲਾਜ਼ਮ ਊਧਮ ਸਿੰਘ ਪਾਰਕ ਵਿਖੇ ਇਕੱਠੇ ਹੋਏ ਅਤੇ ਪੰਜਾਬ ਸਰਕਾਰ ਦੇ ਮੁਲਾਜ਼ਮ ਵਿਰੋਧੀ ਬਜਟ ਦੀਆਂ ਕਾਪੀਆਂ ਸਾੜੀਆਂ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਨਾ ਤਾਂ ਬਜਟ ਵਿੱਚ ਪੁਰਾਣੀ ਪੈਨਸ਼ਨ ਬਹਾਲ ਕੀਤੀ, ਨਾ ਹੀ ਮੁਲਾਜ਼ਮਾਂ ਦੇ ਪੇ-ਕਮਿਸ਼ਨ ਦੇ ਬਕਾਏ ਦੇਣ ਦੀ ਗੱਲ ਕੀਤੀ ਅਤੇ ਨਾ ਹੀ ਬਕਾਇਆ ਡੀ.ਏ. ਤਨਖਾਹ ਅਤੇ ਕਰਮਚਾਰੀਆਂ ਦੀਆਂ ਹੋਰ ਹੱਕੀ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਮੌਜੂਦਾ ਬਜਟ ਪੰਜਾਬ ਦੇ ਇਤਿਹਾਸ ਵਿੱਚ ਹੁਣ ਤੱਕ ਦਾ ਸਭ ਤੋਂ ਮਾੜਾ ਬਜਟ ਸਾਬਤ ਹੋਇਆ ਹੈ, ਜਿਸ ਕਾਰਨ ਪੰਜਾਬ ਦੇ ਮੁਲਾਜ਼ਮਾਂ ਵਿੱਚ ਭਾਰੀ ਨਿਰਾਸ਼ਾ ਪਾਈ ਜਾ ਰਹੀ ਹੈ। ਇਸ ਮੌਕੇ ਵਿਕਾਸ ਸ਼ਰਮਾ, ਸਚਿਨ ਕੁਮਾਰ, ਸੰਦੀਪ ਸ਼ਰਮਾ, ਅਭਿਸ਼ੇਕ, ਨਵਦੀਪ ਸਿੰਘ, ਵਿਕਾਸ ਅਰੋੜਾ, ਹੇਮੰਤ ਮਹਿਤਾ, ਸੰਜੀਵ ਸਿੰਘ, ਰਮਨਦੀਪ ਸਿੰਘ, ਰਜਿੰਦਰ ਕੁਮਾਰ, ਰਾਜ ਕੁਮਾਰ, ਦੀਪਕ ਸ਼ਰਮਾ, ਰਮਨਦੀਪ ਸੈਣੀ, ਮਨਪ੍ਰੀਤ ਸਿੰਘ, ਨੀਰਜ ਕੁਮਾਰ, ਸੁਨੀਲ ਗਾਂਧੀ ਸਹਿਤ ਵੱਡੀ ਗਿਣਤੀ ਵਿੱਚ ਮੁਲਾਜ਼ਮ ਹਾਜ਼ਰ ਸਨ।



## ਪੈਟਰੋਲ ਪੰਪਾਂ ਤੇ ਬੈਂਕਾਂ 'ਚ ਸੀ ਸੀ ਟੀ ਵੀ ਕੈਮਰੇ ਲਗਾਉਣ ਦੇ ਹੁਕਮ

**ਨਵਾਂਸ਼ਹਿਰ, (ਮਨੋਜ ਲਾਡੀ)**-ਜ਼ਿਲ੍ਹਾ ਮੈਜਿਸਟਰੇਟ ਸ਼ਹੀਦ ਭਗਤ ਸਿੰਘ ਨਗਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਪੈਂਦੀਆਂ ਬੈਂਕਾਂ ਦੇ ਮੈਨੇਜਰਾਂ ਅਤੇ ਪੈਟਰੋਲ ਪੰਪਾਂ ਦੇ ਮਾਲਕਾਂ ਨੂੰ ਆਪਣੇ-ਆਪਣੇ ਪੈਟਰੋਲ ਪੰਪਾਂ ਅਤੇ ਬੈਂਕਾਂ ਵਿੱਚ ਸੀ.ਸੀ.ਟੀ.ਵੀ ਕੈਮਰੇ ਲਗਾਉਣ ਦਾ ਹੁਕਮ ਜਾਰੀ ਕੀਤਾ ਹੈ, ਜਿਨ੍ਹਾਂ ਵਿੱਚ ਘੱਟ ਤੋਂ ਘੱਟ 07 ਦਿਨਾਂ ਦੀ ਰਿਕਾਰਡਿੰਗ ਸਮਰੱਥਾ ਹੋਵੇ। ਇਹ ਹੁਕਮ 11 ਮਈ 2024 ਤੱਕ ਲਾਗੂ ਰਹੇਗਾ। ਜਾਰੀ ਹੁਕਮ ਵਿੱਚ ਜ਼ਿਲਾ ਮੈਜਿਸਟ੍ਰੇਟ ਨੇ ਕਿਹਾ ਹੈ ਕਿ ਉਨਾਂ ਦੇ ਧਿਆਨ ਵਿਚ ਆਇਆ ਹੈ ਕਿ ਪੈਟਰੋਲ ਪੰਪ ਅਤੇ ਬੈਂਕਾਂ ਵਿੱਚ ਡਕੈਤੀ/ਚੋਰੀ ਦੀਆਂ ਵਾਰਦਾਤਾਂ ਸਮੇਂ-ਸਮੇਂ 'ਤੇ ਹੋ ਰਹੀਆਂ ਹਨ। ਇਨ੍ਹਾਂ ਡਕੈਤੀਆਂ ਦੌਰਾਨ ਲੁਟੇਰੇ, ਹਥਿਆਰਾਂ ਸਮੇਤ ਜਾਂਦੇ ਹਨ ਅਤੇ ਜ਼ਬਰਨ ਦਾਖਲ ਹੋ ਕੇ ਲੁੱਟ-ਮਾਰ ਕਰਦੇ ਹਨ, ਜਿਸ ਨਾਲ ਆਮ ਜਨਤਾ ਦੀ ਜਾਨ-ਮਾਲ ਦਾ ਖਤਰਾ ਪੈਦਾ ਹੋ ਜਾਂਦਾ ਹੈ ਕਿਉਂਕਿ ਉਨ੍ਹਾਂ ਲੁਟੇਰਿਆਂ ਪਾਸ ਖਤਰਨਾਕ ਹਥਿਆਰ ਹੁੰਦੇ ਹਨ। ਬੈਂਕਾਂ ਅਤੇ ਪੈਟਰੋਲ ਪੰਪਾਂ ਉੱਤੇ ਸੀ.ਸੀ.ਟੀ.ਵੀ ਕੈਮਰੇ ਲੱਗਣ ਨਾਲ ਇਨ੍ਹਾਂ ਵਾਰਦਾਤਾਂ ਨੂੰ ਰੋਕਣ ਵਿੱਚ ਸਹਾਇਤਾ ਮਿਲੇਗੀ ਤੇ ਨਾਲ ਹੀ ਲੋਕਾਂ ਦੀ ਜਾਨ-ਮਾਲ ਦਾ ਖਤਰਾ ਘੱਟ ਜਾਵੇਗਾ।

## ਏਕ ਓਂਕਾਰ ਫਾਊਂਡੇਸ਼ਨ ਯੂ ਕੇ ਨੇ 20 ਲੋੜਵੰਦਾਂ ਨੂੰ ਵ੍ਹੀਲਚੇਅਰ ਤੇ ਹੋਰ ਸਮਾਨ ਵੰਡਿਆ



**ਬੰਗਾ (ਅਵਤਾਰ ਕਲੇਰ)**

ਬੰਗਾ ਵਿਖੇ ਏਕ ਓਂਕਾਰ ਫਾਊਂਡੇਸ਼ਨ ਯੂ ਕੇ ਵਲੋਂ ਸੰਸਥਾ ਦੀ ਸੇਵਾਦਾਰ ਬੀਬੀ ਬਲਦੀਸ਼ ਕੌਰ ਦੀ ਅਗਵਾਈ ਵਿੱਚ ਸ਼ਹਿਰ ਦੇ ਇੱਕ ਰੈਸਟੋਰੈਂਟ ਵਿਖੇ ਮਨੁੱਖਤਾ ਦੀ ਸੇਵਾ ਵਿਸ਼ੇ 'ਤੇ ਲੋੜਵੰਦਾਂ ਦੀ ਮੱਦਦ ਕਰਨ ਲਈ ਇਕ ਵਿਸ਼ੇਸ਼ ਸਮਾਗਮ ਕਰਾਇਆ ਗਿਆ। ਏਕ ਓਂਕਾਰ ਫਾਊਂਡੇਸ਼ਨ ਦੇ ਫਾਊਂਡਰ ਸੇਵਾਦਾਰ ਦਵਿੰਦਰ ਸਿੰਘ ਸਹੋਤਾ ਨੇ ਯੂ ਕੇ ਤੋਂ ਉਚੇਚੇ ਤੌਰ 'ਤੇ ਪਹੁੰਚ ਕੇ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਫਾਊਂਡੇਸ਼ਨ ਵਲੋਂ 20 ਲੋੜਵੰਦਾਂ ਮਰੀਜਾਂ ਨੂੰ ਵ੍ਹੀਲਚੇਅਰ ,ਸਟਿਕ ਅਤੇ ਹੋਰ ਲੌੜੀਂਦੇ ਸਮਾਨ ਤੋਂ ਇਲਾਵਾ ਲੋੜਵੰਦ ਔਰਤਾਂ ਨੂੰ ਰੋਜ਼ਗਾਰ ਚਲਾਉਣ ਲਈ ਸਲਾਈ ਮਸ਼ੀਨਾਂ ਦਿੱਤੀਆਂ ਗਈਆਂ। ਸਹੋਤਾ ਨੇ ਕਿਹਾ ਕਿ ਏਕ ਓਂਕਰ ਫਾਊਂਡੇਸ਼ਨ ਦਾ ਮੁੱਖ ਉਦੇਸ਼ ਮਨੁੱਖਤਾ ਦੀ ਸੇਵਾ ਅਤੇ ਲੋੜਵੰਦਾਂ ਦੀ ਮੱਦਦ ਕਰਦੇ ਹੋਏ ਬੇਸਹਾਰਿਆਂ ਨੂੰ ਸਹਾਰਾ ਦੇਣਾ ਹੈ।ਇਸ ਮੌਕੇ ਡਾਕਟਰ ਕੁਲਵਿੰਦਰ ਸਿੰਘ ਢਾਹਾ ਪ੍ਰਧਾਨ ਗੁਰੂ ਨਾਨਕ ਮਿਸ਼ਨ ਟਰੱਸਟ ਢਾਹਾਂ ਕਲੇਰਾਂ ਉਚੇਚੇ ਤੌਰ ਪਹੁੰਚੇ । ਉਨ੍ਹਾਂ ਏਕ ਓਂਕਾਰ ਫਾਊਂਡੇਸ਼ਨ ਦੇ ਸਮਾਜ ਸੇਵਾ ਨਾਲ ਮਨੁੱਖਤਾ ਦੇ ਭਲੇ ਲਈ ਦੇ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਪੰਜਾਬੀ ਗਾਇਕ ਸੁਖਵਿੰਦਰ ਪੰਛੀ ਨੇ ਆਪਣੇ ਗੀਤਾਂ ਨਾਲ ਮਨੋਰੰਜਨ ਕੀਤਾ। ਕਮੇਡੀਅਨ ਦੀਪਕ ਰਾਜਾ ਨੇ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਉਂਦੇ ਹੋਏ ਕਮੇਡੀ ਸ਼ੋਅ ਕਰਕੇ ਦਰਸ਼ਕਾਂ ਨੂੰ ਢਿੱਡੀ ਪੀੜਾਂ ਪਾ ਦਿੱਤੀਆਂ । ਵੱਖ-ਵੱਖ ਸ਼ਖਸੀਅਤਾਂ ਦਾ ਏਕ ਓਂਕਾਰ ਫਾਊਂਡੇਸ਼ਨ ਵਲੋਂ ਯਾਦਗਾਰੀ ਚਿੰਨ ਦੇ ਕੇ ਸਨਮਾਨ ਕੀਤਾ ਗਿਆ। ਮਨਜਿੰਦਰ ਸਿੰਘ, ਇੰਜ. ਜੋਗਾ ਸਿੰਘ,ਪਵਨਜੀਤ ਸਿੱਧੂ ,ਰਘਬੀਰ ਸਿੰਘ ਬੈਂਸ,ਸਤਨਾਮ ਸਿੰਘ ਬਾਲੋ, ਰਾਜ ਹਿਓ, ਸਤਨਾਮ ਸੰਧੂ, ਪ੍ਰਿੰਸੀਪਲ ਜਸਵੀਰ ਸਿੰਘ ਖਾਨਖਾਨਾ ਨੇ ਆਪਣੇ ਵਿਚਾਰ ਰੱਖੇ।ਇਸ ਮੌਕੇ ਡੈਡੀ ਸਿਆਲ ਪ੍ਰੋਡਿਊਸਰ ਡਾਇਰੈਕਟਰ, ਯਾਦਵਿੰਦਰ ਸੰਧੂ(ਯੂ ਐਸ ਏ), ਬਲਬੀਰ ਸਿੰਘ, ਸਰਪੰਚ ਰਾਮ ਸਿੰਘ ਭਰੋਮਜਾਰਾ, ਡਾ: ਸੁਰਿੰਦਰ ਸਿੰਘ, ਭਾਈ ਜੋਗਾ ਸਿੰਘ , ਪੱਤਰਕਾਰ ਕੁਲਦੀਪ ਪਾਬਲਾ,ਬਲਵੰਤ ਰਾਏ ਪੰਚ ਖਮਾਚੋ ਆਦਿ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

## ਪ੍ਰਭ ਆਸਰਾ ਵਿਖੇ ਗੰਭੀਰ ਹਾਲਤ 'ਚ ਵਿਅਕਤੀ ਦਾਖ਼ਲ

**ਕੁਰਾਲੀ,( ਮੋਹਨ ਅਗਰਵਾਲ ਜੋਗਾ)**-ਕੁਰਾਲੀ ਸ਼ਹਿਰ ਦੀ ਹੱਦ ਵਿਚ ਲਾਵਾਰਿਸ ਲੋਕਾਂ ਦੀ ਸੇਵਾ ਸੰਭਾਲ ਕਰ ਰਹੀ ਪ੍ਰਭ ਆਸਰਾ ਸੰਸਥਾ ਵਿਚ ਇਕ ਵਿਆਕਤੀ ਉਪ-ਮੰਡਲ ਮਜਿਸਟ੍ਰੇਟ ਖਰੜ ਵਲੋਂ ਦਾਖ਼ਲ ਹੋਇਆ ਹੈ ਜਿਸ ਦੀ ਹਾਲਤ ਕਾਫੀ ਗੰਭੀਰ ਹੈ ਤੇ ਤੁਰੰਤ ਪ੍ਰਭ ਆਸਰਾ ਵਿਖੇ ਵੈਂਟੀਲੇਟਰ 'ਤੇ ਲਗਾਇਆ ਗਿਆ ਹੈ ।ਸੰਸਥਾ ਦੇ ਮੁੱਖ ਪ੍ਰਬੰਧਕ ਭਾਈ ਸ਼ਮਸ਼ੇਰ ਸਿੰਘ ਪਡਿਆਲਾ ਨੇ ਦੱਸਿਆ ਹੈ ਕਿ ਸੁੱਖ ਲਾਲ ਉਮਰ 74 ਸਾਲ ,ਦੀ ਛਾਤੀ ਵਿੱਚ ਬਲਗ਼ਮ ਜੰਮਣ ਕਾਰਨ ਹੋਈ ਇਨਫੈਕਸ਼ਨ ਕਰਕੇ ਹਾਲਤ ਕਾਫੀ ਗੰਭੀਰ ਬਣੀ ਹੋਈ ਹੈ।ਡਾਕਟਰਾਂ ਵਲੋਂ ਉਸਦੀ ਸਿਹਤ ਵਿਚ ਸੁਧਾਰ ਲਿਆਉਣ ਲਈ ਦਿਨ ਰਾਤ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪ੍ਰਬੰਧਕਾਂ ਵੱਲੋਂ ਸੁੱਖ ਲਾਲ ਦੇ ਵਾਰਸਾਂ ਅਤੇ ਜਾਣ-ਪਹਿਚਾਣ ਦੇ ਸੱਜਣਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜੋ ਵੀ ਇਨ੍ਹਾਂ ਨੂੰ ਮਿਲਣਾ ਚਾਹੁੰਦੇ ਹਨ, ਉਹ ਪ੍ਰਭ ਆਸਰਾ ਸੰਸਥਾ ਨਾਲ਼ ਸੰਪਰਕ ਕਰ ਸਕਦੇ ਹਨ।

## ਨੌਜਵਾਨ ਕੋਲੋਂ ਪੈਸੇ ਤੇ ਮੋਬਾਈਲ ਲੁੱਟਿਆ

**ਅਲਾਵਲਪੁਰ (ਮਦਨ ਬੰਗੜ)**-ਜਲੰਧਰ- ਪਠਾਨਕੋਟ ਰਾਸ਼ਟਰੀ ਮਾਰਗ 'ਤੇ ਸਥਿਤ ਕਿਸ਼ਨਗੜ੍ਹ ਚੌਕ ਤੋਂ ਲੈ ਕੇ ਡੀਏਵੀ ਯੂਨੀਵਰਸਿਟੀ ਸਰਮਸਤਪੁਰ ਤੱਕ, ਅੱਡਾ ਰਾਏਪੁਰ ਰਸੂਲਪੁਰ ਨਹਿਰ ਦੇ ਸੂਏ ਤੋਂ ਲੈ ਕੇ ਡੇਰਾ ਸੱਚਖੰਡ ਬੱਲਾਂ ਤੱਕ ਅਤੇ ਬਿਸਤ ਦੁਆਬ ਨਹਿਰ ਰਾਏਪੁਰ ਬੱਲਾਂ ਤੋਂ ਲੈ ਕੇ ਕਿਸ਼ਨਗੜ੍ਹ ਨਹਿਰ ਤੱਕ ਲੁਟੇਰਿਆਂ ਦਾ ਹੀ ਰਾਜ ਚੱਲਦਾ ਹੈ। ਹਰ ਰੋਜ਼ ਲੁੱਟ ਖੋਹ ਦੀਆਂ ਵਾਰਦਾਤਾਂ ਹੋ ਰਹੀਆਂ ਹਨ। ਸਥਾਨਕ ਕਿਸ਼ਨਗੜ੍ਹ ਪੁਲਸ ਚੌਂਕੀ ਵਿਖੇ ਪਿਛਲੇ ਦਿਨੀਂ ਹੋਈਆਂ ਲੁੱਟ ਖੋਹ ਦੀਆਂ ਵਾਰਦਾਤਾਂ ਸਬੰਧੀ ਪੁਲਸ ਨੂੰ ਕੰਪਲੇਟਾਂ ਵੀ ਦਿੱਤੀਆਂ ਗਈਆਂ ਹਨ ਅਤੇ ਥਾਣਾ ਮਕਸੂਦਾਂ ਦੇ ਅੰਤਰਗਤ ਰਾਏਪੁਰ ਬੱਲਾਂ ਬਿਸਤ ਦੁਆਬ ਨਹਿਰ 'ਤੇ ਹੋਈਆਂ ਵਾਰਦਾਤਾਂ ਸਬੰਧੀ ਵੀ ਪੁਲਸ ਨੂੰ ਸ਼ਿਕਾਇਤਾਂ ਦਿੱਤੀਆਂ ਗਈਆਂ ਹਨ। ਪਰੰਤੂ ਪੁਲਸ ਵੱਲੋਂ ਕੋਈ ਵੀ ਦੋਸ਼ੀ ਕਾਬੂ ਨਹੀਂ ਕੀਤਾ ਗਿਆ! ਪਿਛਲੀਆਂ ਵਾਰਦਾਤਾਂ ਦੀ ਅਜੇ ਸਿਆਹੀ ਵੀ ਨਹੀਂ ਸੁੱਕੀ ਸੀ ਕਿ ਮੋਟਰਸਾਈਕਲ ਸਵਾਰ ਤਿੰਨ ਲੁਟੇਰਿਆਂ ਵੱਲੋਂ ਰਾਏਪੁਰ ਬੱਲਾਂ ਨਹਿਰ 'ਤੇ ਬੱਲਾਂ ਨਿਵਾਸੀ ਇੱਕ ਨੌਜਵਾਨ ਦੀ ਤੇਜ ਤਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਕੋਲੋਂ ਮੋਬਾਇਲ ਫੋਨ ਤੇ ਪੈਸੇ ਲੁੱਟ ਲਏ! ਰਫੀ ਕੁਮਾਰ ਪੁੱਤਰ ਪਿਆਰੇ ਲਾਲ ਨੇ ਦੱਸਿਆ ਕਿ ਉਹ ਜਲੰਧਰ ਇੰਡਸਟਰੀ ਏਰੀਏ ਵਿਖੇ ਇੱਕ ਨਿੱਜੀ ਫੈਕਟਰੀ ਵਿੱਚ ਬਤੌਰ ਡਰਾਈਵਰ ਦੀ ਨੌਕਰੀ ਕਰਦਾ ਹੈ। ਉਹ ਰੰਧਾਵਾ ਮਸੰਦਾ ਤੋਂ ਪਿੰਡ ਬੱਲਾਂ ਨੂੰ ਆ ਰਿਹਾ ਸੀ ਤਾਂ ਡੇਰਾ ਸੱਚਖੰਡ ਬੱਲਾਂ ਦੇ ਨਜਦੀਕ ਤਿੰਨ ਮੋਟਰਸਾਈਕਲ ਸਵਾਰ ਅਣਪਛਾਤੇ ਨੌਜਵਾਨਾਂ ਵੱਲੋਂ ਉਸ ਨੂੰ ਰੋਕ ਲਿਆ ਤੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਉਸ ਕੋਲੋਂ ਵੀਵੋ ਫੋਨ ਦਾ ਮੋਬਾਈਲ ਤੇ 2000 ਲੁੱਟ ਲਏ। ਇਸ ਸਬੰਧੀ ਸਥਾਨਕ ਮਕਸੂਦਾਂ ਪੁਲਸ ਨੂੰ ਲੁੱਟ ਸਬੰਧੀ ਸੂਚਨਾ ਦੇ ਦਿੱਤੀ ਗਈ ਹੈ!

# ਨਜਾਇਜ਼ ਸ਼ਰਾਬ 'ਤੇ ਸ਼ਿਕੰਜਾ ਕੱਸਣ ਲਈ ਕੀਤੀ ਛਾਪੇਮਾਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਹਰਿਆਣਾ ਰਾਜ ਪ੍ਰਵਤਰਨ ਬਿਊਰੋ (ਐਚ.ਐਸ.ਈ.ਐਨ.ਬੀ.) ਵੱਲੋਂ ਨਾਜਾਇਜ ਸ਼ਰਾਬ ਤੇ ਕੱਚੀ ਸ਼ਰਾਬ ਵਰਗੀਆਂ ਗੈਰ ਕਾਨੂੰਨੀ ਗਤੀਵਿਧੀਆਂ 'ਤੇ ਸ਼ਿਕੰਜਾ ਕੱਸਣ ਲਈ 9 ਮਾਰਚ ਨੂੰ ਸੂਬੇ ਦੇ 22 ਜ਼ਿਲ੍ਹਿਆਂ ਵਿਚ ਇਕੋ ਵੇਲੇ ਛਾਪੇਮਾਰੀ ਕੀਤੀ ਗਈ। ਇਸ ਵਿਸ਼ੇਸ਼ ਮੁਹਿੰਮ ਦੌਰਾਨ 45 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਅਤੇ 4 ਵਾਹਨਾਂ ਨੂੰ ਜ਼ਬਤ ਕਰਕੇ 44 ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਗਈ। ਇਸ ਮੁਹਿੰਮ ਦੌਰਾਨ 345 ਲੀਟਰ ਲਾਹਨ, 41.8 ਲੀਟਰ ਕੱਚੀ ਸ਼ਰਾਬ, 1021.75 ਬੋਤਲ ਦੇਸੀ ਸ਼ਰਾਬ ਅਤੇ 490.5 ਬੋਤਲ ਅੰਗ੍ਰੇਜ਼ੀ ਸ਼ਰਾਬ ਤੇ 504 ਬੋਤਲ ਬੀਅਰ ਵੀ ਜ਼ਬਤ ਕੀਤੀ ਗਈ। ਉਨ੍ਹਾਂ ਦਸਿਆ ਕਿ ਨਾਜਾਇਜ਼ ਸ਼ਰਾਬ ਲਈ ਅੰਬਾਲਾ, ਕੁਰੁਕਸ਼ੇਤਰ, ਪੰਚਕੂਲਾ, ਯਮੁਨਾਨਗਰ, ਫਰੀਦਾਬਾਦ, ਪਲਵਲ, ਨੂੰਹ, ਗੁਰੂਗ੍ਰਾਮ, ਮਹੇਂਦਰਗੜ੍ਹ, ਰਿਵਾੜੀ, ਫਤਿਹਾਬਾਦ, ਜੀਂਦ, ਹਿਸਾਰ, ਸਿਰਸਾ, ਕਰਨਾਲ, ਪਾਣੀਪਤ, ਕੈਥਲ, ਝੱਜਰ, ਚਰਖੀ-ਦਾਦਰੀ, ਰੋਹਤਕ, ਸੋਨੀਪਤ ਤੇ ਭਿਵਾਨੀ ਸਮੇਂ 22 ਜ਼ਿਲ੍ਹਿਆਂ ਵਿਚ ਛਾਪੇਮਾਰੀ ਕੀਤੀ ਗਈ। ਹਰਿਆਣਾ ਰਾਜ ਪ੍ਰਵਤਰਨ ਬਿਊਰੋ ਦੇ ਏ ਡੀ ਜੀ ਪੀ ਡਾ.ਏ.ਐਸ.ਚਾਵਲਾ ਨੇ ਕਿਹਾ ਕਿ ਗ੍ਰਹਿ ਮੰਤਰੀ ਦੇ ਨਿਰਦੇਸ਼ਾਂ ਅਨੁਸਾਰ ਅਜਿਹੇ ਅਸਮਾਜਿਕ ਤੱਤਾਂ ਨੂੰ ਇਕ ਸਾਥ ਕਈ ਥਾਵਾਂ 'ਤੇ ਨਿਸ਼ਾਨਾ ਬਣਾਉਣ ਨਾਲ ਹਾਂ-ਪੱਖੀ ਨਤੀਜੇ ਹੋਣਗੇ ਅਤੇ ਬਿਊਰੋ ਵੱਲੋਂ ਭਵਿੱਖ ਵਿਚ ਵੀ ਨਾਜਾਇਜ਼ ਸ਼ਰਾਬ, ਨਾਜਾਇਜ਼ ਖਣਨ ਅਤੇ ਬਿਜਲੀ ਚੋਰੀ ਕਰਨ ਵਾਲਿਆਂ ਖਿਲਾਫ ਇਸ ਤਰ੍ਹਾਂ ਦੀ ਮੁਹਿੰਮ ਚਲਾਉਂਦੇ ਹੋਏ ਦੋਸ਼ੀਆਂ ਖਿਲਾਫ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

## ਸ੍ਰੀ ਗੁਰੂ ਹਰਿ ਰਾਇ ਸਾਹਿਬ ਨੂੰ ਸਮਰਪਿਤ ਕੀਰਤਨ ਦਰਬਾਰ ਆਯੋਜਿਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**

ਭਾਈ ਘਨ੍ਹੱਈਆ ਜੀ ਨਿਸ਼ਕਾਮ ਸੇਵਕ ਸਭਾ ਹਰਿਆਣਾ ਵੱਲੋਂ ਸਿੱਖ ਵੈਲਫੇਅਰ ਸੁਸਾਇਟੀ ਹੁਸ਼ਿਆਰਪੁਰ, ਮੀਰੀ ਪੀਰੀ ਸੇਵਾ ਸਿਮਰਨ ਕਲੱਬ, ਗੁਰੂ ਨਾਨਕ ਦਰਬਾਰ ਨੂਰਪੁਰ, ਇਲਾਕੇ ਦੀਆਂ ਸਮੂਹ ਸਭਾਵਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਸਮਰਪਿਤ 13ਵਾਂ ਮਹਾਨ ਕੀਰਤਨ ਦਰਬਾਰ ਪਿੰਡ ਨੰਗਲ ਨਜ਼ਦੀਕ ਨੀਲਾ ਨਲੋਆ ਵਿਖੇ ਆਯੋਜਿਤ ਕੀਤਾ ਗਿਆ। ਇਸ ਸੰਬੰਧੀ ਸਰਪ੍ਰਸਤ ਜਸਵਿੰਦਰ ਸਿੰਘ ਪ੍ਰਮਾਰ, ਪ੍ਰਧਾਨ ਹਰਜੀਤ ਸਿੰਘ ਨੰਗਲ ਨੇ ਦੱਸਿਆ ਕਿ ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਸਵਾਰੀ ਨਗਰ ਕੀਰਤਨ ਦੇ ਰੂਪ ਵਿੱਚ ਖੁੱਲ੍ਹੇ ਪੰਡਾਲ ਵਿੱਚ ਅਸਥਾਨ ਵਿੱਚ ਲਿਆਂਦੀ ਗਈ। ਰਹਿਰਾਸ ਸਾਹਿਬ ਦੇ ਜਾਪ ਉਪਰੰਤ ਆਰੰਭ ਹੋਏ 13ਵੇਂ ਮਹਾਨ ਕੀਰਤਨ ਦਰਬਾਰ ਵਿੱਚ ਪੰਥ ਪ੍ਰਸਿੱਧ ਕੀਰਤਨੀਏ ਭਾਈ ਮਹਿਤਾਬ ਸਿੰਘ ਜਲੰਧਰ ਵਾਲੇ, ਭਾਈ ਜਗਜੀਤ ਸਿੰਘ ਬੰਬੀਹਾ ਦਿੱਲੀ ਵਾਲੇ, ਭਾਈ ਤਵਨੀਤ ਸਿੰਘ ਚੰਡੀਗੜ੍ਹ ਵਾਲੇ, ਭਾਈ ਸੁਰਿੰਦਰਪਾਲ ਸਿੰਘ, ਭਾਈ ਸਤਿੰਦਰ ਸਿੰਘ ਆਲਮ, ਭਾਈ ਘਰਜੋਤ ਸਿੰਘ ਹੁਸ਼ਿਆਰਪੁਰ ਵਾਲੇ ਅਤੇ ਨੰਗਲ ਪਿੰਡ ਦੇ ਬੱਚਿਆਂ ਦੇ ਜਥਿਆਂ ਵੱਲੋਂ ਰਸਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਢਾਡੀ ਸੁਖਬੀਰ ਸਿੰਘ ਚੌਹਾਨ ਬੁੱਢੀ ਪਿੰਡ ਨੇ ਜਥੇ ਸਮੇਤ ਸੰਗਤਾਂ ਨਾਲ ਗੁਰ ਇਤਿਹਾਸ ਦੀ ਸਾਂਝ ਪਾਈ। ਤਖਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਤੋਂ ਆਏ ਪੰਜ ਪਿਆਰਿਆਂ ਵੱਲੋਂ ਅੰਮ੍ਰਿਤ ਸੰਚਾਰ ਵੀ ਕਰਵਾਇਆ ਗਿਆ ਜਿਸ ਵਿੱਚ 30 ਪ੍ਰਾਣੀ ਅੰਮ੍ਰਿਤ ਪਾਨ ਕਰਕੇ ਗੁਰੂ ਵਾਲੇ ਬਣੇ। ਇਸ ਤੋਂ ਇਲਾਵਾ ਉਬਰਾਏ ਹੋਮਿਓਪੈਥਿਕ ਸਟੋਰ, ਗੁਰੂ ਨਾਨਕ ਨਾਮ ਲੇਵਾ ਚੈਰੀਟੇਬਲ ਟਰਸਟ ਅਤੇ ਗੁਰਸਿੱਖ ਫੈਮਲੀ ਕਲੱਬ ਵੱਲੋਂ ਡਾ. ਹਰਜਿੰਦਰ ਸਿੰਘ ਦੀ ਅਗਵਾਈ ਹੇਠ ਮੁਫ਼ਤ ਮੈਡੀਕਲ ਕੈਂਪ ਵੀ ਲਗਾਇਆ। ਇਸ ਮੌਕੇ ਮਹੰਤ ਪ੍ਰਿਤਪਾਲ ਸਿੰਘ ਸੇਵਾ ਪੰਥੀ ਮਿੱਠਾ ਟਿਵਾਣਾ, ਜਥੇਦਾਰ ਬਾਬਾ ਗੁਰਦੇਵ ਸਿੰਘ ਮੁਖੀ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਤਰਨਾ ਦਲ, ਸੰਤ ਬਾਬਾ ਹਰਦੇਵ ਸਿੰਘ ਤਲਵੰਡੀ ਰਾਈਆਂ, ਜਥੇਦਾਰ ਬਾਬਾ ਗੁਰਦੇਵ ਸਿੰਘ ਮੁਖੀ ਸ਼੍ਰੋਮਣੀ ਭਗਤ ਧੰਨਾ ਜੀ ਤਰਨਾ ਦਲ, ਸੰਤ ਬਾਬਾ ਬਲਵੀਰ ਸਿੰਘ ਬਿਰਧ ਆਸ਼ਰਮ ਹਰਿਆਣਾ, ਸੰਤ ਬਾਬਾ ਹਰਮਨਜੀਤ ਸਿੰਘ ਸਿੰਗੜੀਵਾਲਾ, ਸੰਤ ਬਾਬਾ ਰਣਜੀਤ ਸਿੰਘ ਗੁਰਦੁਆਰਾ ਸ਼ਹੀਦ ਸਿੰਘ ਵੱਲੋਂ ਕੀਤੀ ਗਈ।



## ਨਨਕਾਣਾ ਸਾਹਿਬ ਦੇ ਸਿੰਘਾਂ ਸ਼ਹੀਦਾਂ ਦੀ ਯਾਦ 'ਚ ਸਾਲਾਨਾ ਕਬੱਡੀ ਕੱਪ ਆਰੰਭ



**ਆਦਮਪੁਰ (ਪਰਮਜੀਤ ਸਿੰਘ)**

ਨਜਦੀਕੀ ਪਿੰਡ ਖੋਜਕੀਪੁਰ ਨੰਗਲ ਸਲਾਲਾ ਵਿਖੇ ਸਮੂਹ ਨਗਰ ਨਿਵਾਸੀਆਂ ਐਨ ਆਰ ਆਈ ਵੀਰਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ਹੀਦ ਗੰਜ ਸਾਹਿਬ ਸਲਾਲਾ ਅਤੇ ਗ੍ਰਾਮ ਪੰਚਾਇਤ ਵਲੋਂ ਹਰ ਸਾਲ ਦੀ ਤਰ੍ਹਾਂ ਸ੍ਰੀ ਨਨਕਾਣਾ ਸਾਹਿਬ ਜੀ ਦੇ ਸ਼ਹੀਦ ਸਿੰਘਾਂ ਦੀ ਯਾਦ ਨੂੰ ਸਮਰਪਿਤ ਕਰਵਾਏ ਜਾ ਰਹੇ ਕੱਬਡੀ ਕੱਪ ਦੀ ਆਰੰਭਤਾ ਗੁਰੂ ਮਹਾਰਾਜ ਜੀ ਦਾ ਓਟ ਆਸਰਾ ਲੈਂਦੇ ਹੋਏ ਅਰਦਾਸ ਕਰਨ ਉਪਰੰਤ ਰਿਵਨ ਕੱਟ ਕੇ ਕੀਤੀ ਗਈ। ਇਸ ਮੌਕੇ ਪ੍ਰਬੰਧਕ ਮੈਂਬਰ ਪ੍ਰਧਾਨ ਟੂਰਨਾਮੈਂਟ ਕਮੇਟੀ ਦਵਿੰਦਰ ਸਿੰਘ (ਬਿੰਦਰ),ਪ੍ਰਧਾਨ ਗੁਰਦੁਆਰਾ ਸ਼ਹੀਦ ਗੰਜ ਪ੍ਰਬੰਧਕ ਕਮੇਟੀ ਅਮਨਦੀਪ ਸਿੰਘ ਢਿੱਲੋਂ, ਹੈੱਡ ਗ੍ਰੰਥੀ ਸਰਵਣ ਸਿੰਘ, ਸਾਬਕਾ ਸਰਪੰਚ ਤੁਲਸੀ ਰਾਮ, ਸਰਪੰਚ ਰਾਕੇਸ਼ ਕੁਮਾਰ,ਸਰਪੰਚ ਸਤਨਾਮ ਸਿੰਘ, ਅਵਤਾਰ ਸਿੰਘ ਨੰਬਰਦਾਰ, ਬਰਿੰਦਰ ਸਿੰਘ ਬਿੰਦਾ, ਰਾਕੇਸ਼ ਕੁਮਾਰ ਬੱਗਾ, ਆਤਮਾ ਰਾਮ ਫੌਜੀ, ਨਿੰਦਰ ਸਿੰਘ ਨੰਬਰਦਾਰ, ਅੰਮਿਤਪਾਲ ਪ੍ਰਧਾਨ, ਰਾਜਿੰਦਰ ਸਿੰਘ ਮੰਗੀ, ਰਾਜਨ, ਅਰਸ਼, ਵਿੱਕੀ, ਰਵੀ, ਜੱਗੀ, ਅਮਰੀਕ ਸਿੰਘ ਨਿੱਜਰ ਨਿਊਜ਼ੀਲੈਂਡ, ਦਾਰਾ ਦੋਲੀਕੇ, ਰਾਜਾ, ਰਣਜੀਤ ਘੰਟੀ, ਲਖਵੀਰ ਸਿੰਘ ਫੌਜੀ, ਸਰਬਜੀਤ ਸਿੰਘ ਨੰਗਲ ਫੀਦਾ, ਜਸਵੰਤ ਸਿੰਘ ਨੰਗਲ ਫੀਦਾ, ਗੁਰਜੀਤ ਸਿੰਘ ਗੀਤਾ,ਪਰਮਜੀਤ ਸਿੰਘ,ਇੰਦਰਜੀਤ ਸਿੰਘ ਨੰਬਰਦਾਰ,ਜਗਵੀਰ ਸਿੰਘ ਬਿੱਲਾ, ਅਰਸ਼ਪ੍ਰੀਤ ਸਿੱਧੂ, ਗੈਵੀ, ਗੋਪੀ, ਸੋਨੂੰ, ਸੰਗਤਾਰ, ਇਕਬਾਲ ਸਿੰਘ ਮੰਡੇਰ, ਬਿੰਦਾ ਹਾਜ਼ਰ ਸਨ।



**ਸ਼ਿਵਰਾਤਰੀ ਦੇ ਸ਼ੁੱਭ ਅਵਸਰ 'ਤੇ ਬੀ ਐਸ ਪੀ ਪੰਜਾਬ ਦੇ ਜਨਰਲ ਸਕੱਤਰ, ਗੁਰਮੇਲ ਚੁੰਬਰ, ਪ੍ਰਧਾਨ ਹੰਸ ਰਾਜ ਨੂਰਮਹਿਲ, ਐਮ ਸੀ, ਦੇਵ ਸੂੰਮਨ, ਸਰਕਾਰੀ ਸਕੂਲ ਬਚਾਓ ਮੋਰਚਾ ਨੂਰਮਹਿਲ ਦੇ ਕਨਵੀਨਰ ਬਾਲ ਕ੍ਰਿਸ਼ਨ ਬਾਲੀ ਅਤੇ ਹੋਰ ਭੋਲੇ ਨਾਥ ਜੀ ਦੇ ਭਗਤ ਅਤੇ ਬੀ ਐਸ ਪੀ ਦੇ ਆਗੂ ਅਤੇ ਵਰਕਰ ਲੰਗਰ ਦੀ ਸੇਵਾ ਕਰਦੇ ਹੋਏ।**
(ਫੋਟੋ ਤੇ ਵੇਰਵਾ : ਬਾਲ ਕ੍ਰਿਸ਼ਨ ਬਾਲੀ, ਨੂਰਮਹਿਲ)

## ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਕਪੂਰਥਲਾ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**

ਮਿੱਡ -ਡੇ- ਮੀਲ ਵਰਕਰਜ਼ ਯੂਨੀਅਨ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਮਮਤਾ ਸੈਦਪੁਰ ਦੀ ਅਗਵਾਈ ਵਿੱਚ ਕਪੂਰਥਲਾ ਵਿਖੇ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ। ਇਸ ਸਮੇਂ ਪ੍ਰਧਾਨ ਮਮਤਾ ਸੈਦਪੁਰ ਨੇ ਮਿੱਡ-ਡੇ-ਮੀਲ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਹ ਦਿਨ ਔਰਤਾਂ ਦੇ ਸੰਘਰਸ਼ ਅਤੇ ਜਿੱਤਾਂ ਦੇ ਪ੍ਰਤੀਕ ਵਜੋਂ ਔਰਤ ਜਾਤੀ ਨੂੰ ਸਮਰਪਤ ਕੀਤਾ ਗਿਆ ਹੈ। 19 ਮਾਰਚ 1908 ਨੂੰ ਜਰਮਨੀ, ਹਾਲੈਂਡ, ਡੈਨਮਾਰਕ ਅਤੇ ਹੋਰ ਦੇਸ਼ਾਂ ਵਿੱਚ ਲੱਖਾਂ ਹੀ ਔਰਤਾਂ ਨੇ ਰੈਲੀਆਂ ਅਤੇ ਹੋਰ ਮੁਹਿੰਮਾਂ ਰਾਹੀਂ ਪਬਲਿਕ ਦਫਤਰਾਂ ਵਿੱਚ ਅਤੇ ਹੋਰ ਕੰਮਕਾਜੀ ਥਾਵਾਂ 'ਤੇ ਹੁੰਦੇ ਵਿਤਕਰਿਆਂ ਨੂੰ ਬੰਦ ਕਰਨ ਦੀ ਮੰਗ ਕੀਤੀ ਗਈ। 1910 ਵਿੱਚ ਸਤਾਰਾਂ ਦੇਸ਼ਾਂ ਦੀਆਂ ਔਰਤਾਂ ਨੇ ਜਰਮਨ ਦੀ ਕਲਾਰਾ ਜੈਕਟਨ ਦੀ ਅਗਵਾਈ ਵਿੱਚ ਕਾਨਫਰੰਸ ਕਰਕੇ 8 ਮਾਰਚ 1911 ਤੋਂ ਇਹ ਦਿਨ ਮਨਾਉਣ ਦਾ ਫੈਸਲਾ ਕੀਤਾ ਅਤੇ ਔਰਤਾਂ ਦੇ ਕੰਮ ਦੇ ਘੰਟੇ ਘਟਾਉਣ, ਤਨਖਾਹ ਵਧਾਉਣ, ਬਿਹਤਰ ਕੰਮ ਸਹੂਲਤਾਂ ਦੀਆਂ ਮੰਗਾਂ ਨੂੰ ਲੈ ਕੇ ਘੋਲ ਆਰੰਭਿਆ ਅਤੇ ਉਦੋਂ ਤੋਂ ਹਰ ਸਾਲ 8 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਜਾਂਦਾ ਹੈ। ਇਸ ਸਮੇਂ ਹੋਰ ਮਿੱਡ-ਡੇ-ਮੀਲ ਆਗੂਆਂ ਨੇ ਸੰਬੋਧਨ ਕਰਦੇ ਹੋਏ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮਿੱਡ-ਡੇ-ਮੀਲ ਵਰਕਰਾਂ ਨੂੰ ਘੱਟੋ ਘੱਟ ਉਜਰਤ ਦੇ ਘੇਰੇ ਵਿੱਚ ਲਿਆ ਕੇ 18000 ਰੁਪਏ ਮਹੀਨਾ ਤਨਖਾਹ ਦਿੱਤੀ ਜਾਵੇ। ਸਮੂਹ ਮਿੱਡ -ਡੇ- ਮੀਲ ਵਰਕਰਾਂ ਨੂੰ ਤੁਰੰਤ ਰੈਗੂਲਰ ਕੀਤਾ ਜਾਵੇ, ਪੰਜ ਲੱਖ ਰੁਪਏ ਦਾ ਮੁਫਤ ਬੀਮਾ ਕੀਤਾ ਜਾਵੇ, ਸਰਵਿਸ ਬੁੱਕਾਂ ਲਗਾਈਆਂ ਜਾਣ, ਹਰ ਮਹੀਨੇ ਦੀ ਪੰਜ ਤਰੀਕੇ ਤੱਕ ਮਾਣ ਭੱਤਾ ਸਿੱਧਾ ਬੈਂਕ ਖਾਤਿਆਂ ਵਿੱਚ ਭੇਜਿਆ ਜਾਵੇ, ਮਿੱਡ-ਡੇ-ਮੀਲ ਵਰਕਰਾਂ ਤੋਂ ਖਾਣਾ ਬਣਾਉਣ ਅਤੇ ਬੱਚਿਆਂ ਨੂੰ ਖਵਾਉਣ ਤੋਂ ਬਿਨਾਂ ਵਾਧੂ ਜਬਰੀ ਹੋਰ ਕੰਮ ਲੈਣੇ ਬੰਦ ਕੀਤੇ ਜਾਣ ਆਦਿ ਮੰਗਾਂ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ ਅਤੇ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਹੋਰ ਆਗੂ ਵੀ ਹਾਜ਼ਰ ਸਨ।




## ਨਸ਼ਿਆਂ ਤੋਂ ਦੂਰ ਰਹਿੰਦੇ ਹੋਏ ਖੇਡਾਂ 'ਚ ਦਿਲਚਸਪੀ ਲਵੇ ਨੌਜਵਾਨ ਪੀੜ੍ਹੀ : ਲਲਿਤ ਸਕਲਾਨੀ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**

ਸ੍ਰੀ ਗੁਰੂ ਹਰਗੋਬਿੰਦ ਸਪੋਰਟਸ ਕਲੱਬ ਪਲਾਹੀ ਸਾਹਿਬ (ਰਜਿ.) ਵਲੋਂ ਪ੍ਰਵਾਸੀ ਭਾਰਤੀਆਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਚਾਰ ਰੋਜ਼ਾ ਓਪਨ ਫੁੱਟਬਾਲ ਟੂਰਨਾਮੈਂਟ ਅਤੇ ਬੱਚਿਆਂ ਦੇ ਮੁਕਾਬਲੇ ਕਰਵਾਏ ਗਏ। ਟੂਰਨਾਮੈਂਟ ਦੇ ਅਖੀਰੀ ਦਿਨ ਜੇਤੂਆਂ ਨੂੰ ਇਨਾਮਾਂ ਦੀ ਵੰਡ ਕਰਨ ਲਈ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਪਰਸਨ ਮੈਡਮ ਲਲਿਤ ਸਕਲਾਨੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਨ੍ਹਾਂ ਦੇ ਨਾਲ ਆਮ ਆਦਮੀ ਪਾਰਟੀ ਦੇ ਸੂਬਾ ਸਕੱਤਰ ਸ਼ੀਤਲ ਪਲਾਹੀ, ਜ਼ਿਲ੍ਹਾ ਕਪੂਰਥਲਾ ਦੇ ਸਕੱਤਰ ਅਸ਼ੋਕ ਭਾਟੀਆ ਅਤੇ ਮਾਰਕੀਟ ਕਮੇਟੀ ਫਗਵਾੜਾ ਦੇ ਚੇਅਰਮੈਨ ਤਵਿੰਦਰ ਰਾਮ ਨੇ ਵੀ ਹਾਜ਼ਰੀ ਲਗਵਾਈ। ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕਰਦੇ ਹੋਏ ਚੇਅਰਪਰਸਨ ਲਲਿਤ ਸਕਲਾਨੀ ਅਤੇ ਜ਼ਿਲ੍ਹਾ ਸਕੱਤਰ ਅਸ਼ੋਕ ਭਾਟੀਆ ਨੇ ਕਲੱਬ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਦੱਸਿਆ ਕਿ ਸੂਬੇ ਦੀ ਭਗਵੰਤ ਮਾਨ ਸਰਕਾਰ ਪੰਜਾਬ ਵਿੱਚ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਖਿਡਾਰੀਆਂ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਵਾਲੀਆਂ ਸੰਸਥਾਵਾਂ ਨੂੰ ਹਰ ਸੰਭਵ ਸਹਿਯੋਗ ਵੀ ਦਿੱਤਾ ਜਾ ਰਿਹਾ ਹੈ। ਪੰਜਾਬ ਸਰਕਾਰ ਦਾ ਟੀਚਾ ਸੂਬੇ ਨੂੰ ਖੇਡਾਂ ਵਿੱਚ ਮੁੜ ਤੋਂ ਨੰਬਰ ਇੱਕ ਬਣਾਉਣਾ ਹੈ। ਉਨ੍ਹਾਂ ਸਮੂਹ ਨੌਜਵਾਨਾਂ ਨੂੰ ਵੀ ਪੁਰਜ਼ੋਰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵਿਚ ਰੁਚੀ ਲੈਣ। ਇਸ ਮੌਕੇ ਜ਼ਿਲ੍ਹਾ ਕੈਸ਼ੀਅਰ ਹਰੀਓਮ ਗੁਪਤਾ, ਸੁਭਾਸ਼ ਕਵਾਤਰਾ, ਬਲਾਕ ਪ੍ਰਧਾਨ ਮਨਮੋਹਨ ਸਿੰਘ, ਵਿਜੇ ਕੁਮਾਰ, ਜਸਪ੍ਰੀਤ ਜੱਸੀ, ਪਵਨ ਕੁਮਾਰ ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ।

# ਲਾਇਲਪੁਰ ਖ਼ਾਲਸਾ ਕਾਲਜ ਵਿਖੇ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ




**ਜਲੰਧਰ (ਸ਼ੈਲੀ ਐਲਬਰਟ)**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਪੋਸਟ ਗ੍ਰੈਜੂਏਟ ਅੰਗਰੇਜ਼ੀ ਵਿਭਾਗ ਅਤੇ ਐਨ.ਐਸ.ਐਸ. ਯੂਨਿਟਾਂ ਨੇ ਐਨ.ਈ.ਪੀ. 2020: ਉੱਤਰੀ ਭਾਰਤ ਵਿੱਚ ਸਮਾਜ ਅਤੇ ਸਿੱਖਿਆ ਲਈ ਇਸਦਾ ਮਹੱਤਵ ਵਿਸ਼ੇ ਉਪਰ ਆਈ.ਸੀ.ਐਸ.ਐਸ.ਆਰ. ਸਪਾਂਸਰਡ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ਦੀ ਮੇਜ਼ਬਾਨੀ ਕੀਤੀ। ਸੈਮੀਨਾਰ ਦਾ ਆਯੋਜਨ ਰਾਸ਼ਟਰੀ ਸਿੱਖਿਆ ਨੀਤੀ 2020 ਨੂੰ ਲਾਗੂ ਕਰਨ ਵਾਸਤੇ ਪ੍ਰਮੁੱਖ ਸਟੇਕ ਹੋਲਡਰਾਂ, ਸਮਾਜ ਅਤੇ ਸਿੱਖਿਅਕਾਂ ਦੀ ਸ਼ਮੂਲੀਅਤ ਤੇ ਵਿਚਾਰ ਕਰਨ ਦੇ ਉਦੇਸ਼ ਨਾਲ ਕੀਤਾ ਗਿਆ । ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਜਸਪਾਲ ਸਿੰਘ ਵੜੈਚ, ਸੰਯੁਕਤ ਸਕੱਤਰ, ਗਵਰਨਿੰਗ ਕੌਂਸਲ ਨੇ ਕੀਤੀ।ਉਨ੍ਹਾਂ ਕਿਹਾ ਕਿ ਸਿੱਖਿਆ ਪ੍ਰਣਾਲੀ ਦੀਆਂ ਲੋੜਾਂ ਅਤੇ ਟੀਚੇ ਤੇਜ਼ੀ ਨਾਲ ਬਦਲ ਰਹੇ ਹਨ ਅਤੇ ਸਾਡੀਆਂ ਸਿੱਖਿਆ ਸ਼ਾਸਤਰੀ ਰਣਨੀਤੀਆਂ ਨੂੰ ਵੀ ਬਦਲਣ ਦੀ ਲੋੜ ਹੈ। ਸੈਮੀਨਾਰ ਦੇ ਕਨਵੀਨਰ, ਪ੍ਰੋ. ਸਤਪਾਲ ਸਿੰਘ ਨੇ ਸਮਾਜ ਵਿੱਚ ਪੁਰਾਤਨ ਸਿਆਣਪ, ਹੁਨਰ ਅਤੇ ਕੁਸ਼ਲਤਾ ਵੱਲ ਸੰਕੇਤ ਕਰਦਿਆਂ ਐਨ.ਈ.ਪੀ. 2020 ਰਾਹੀਂ ਇਸਦੀ ਵਰਤੋਂ ਕਰਨ ਲਈ ਦਲੀਲਾਂ ਪੇਸ਼ ਕੀਤੀਆ। ਉੱਘੇ ਸਿੱਖਿਆ ਸ਼ਾਸਤਰੀ ਪ੍ਰੋ. ਦਿਨੇਸ਼ ਚਾਹਲ, ਕੇਂਦਰੀ ਯੂਨੀਵਰਸਿਟੀ, ਹਰਿਆਣਾ ਨੇ ਸਿੱਖਿਆ ਦੁਆਰਾ ਭਾਈਚਾਰਕ ਸਾਂਝ ਨੂੰ ਵਰਤਣ ਲਈ ਐਨ.ਈ.ਪੀ. 2020 ਦੇ ਸੰਦਰਭ ਵਿੱਚ ਪ੍ਰਾਚੀਨ ਗਿਆਨ ਵਿਸ਼ੇ ਉਪਰ ਕੁੰਜੀਵਤ ਭਾਸ਼ਣ ਦਿੱਤਾ। ਦੂਜੇ ਬੁਲਾਰੇ, ਡਾ. ਖੁਸ਼ਵਿੰਦਰ ਕੁਮਾਰ, ਸਾਬਕਾ ਪ੍ਰਿੰਸੀਪਲ ਐਮ.ਐਮ. ਮੋਦੀ ਕਾਲਜ, ਪਟਿਆਲਾ ਨੇ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਐਨ.ਈ.ਪੀ. 2020 ਦੇ ਵੱਖ-ਵੱਖ ਮਾਪਦੰਡਾਂ, ਲੋੜਾਂ ਅਤੇ ਪ੍ਰਭਾਵਾਂ ਬਾਰੇ ਦੱਸਦਿਆਂ ਕਿਹਾ ਕਿ ਇਹ ਪਾਲਸੀ ਕਿਸ ਤਰ੍ਹਾਂ ਛੋਟੇ ਅਤੇ ਵੱਡੇ ਅਦਾਰਿਆਂ ਨੂੰ ਪ੍ਰਭਾਵਤ ਕਰਨ ਜਾ ਰਹੀ ਹੈ। ਸ਼ਾਮ ਦੇ ਸੈਸ਼ਨ ਵਿੱਚ ਸੰਤ ਬਲਵੀਰ ਸਿੰਘ ਸੀਚੇਵਾਲ, ਮੈਂਬਰ ਪਾਰਲੀਮੈਂਟ, ਰਾਜ ਸਭਾ ਸਮਾਗਮ ਦੇ ਮੁੱਖ ਮਹਿਮਾਨ ਸਨ । ਸੀਚੇਵਾਲ ਨੇ ਧਰਤੀ ਮਾਂ ਦੀ ਭਲਾਈ ਲਈ ਸਮਾਜ ਦੀ ਸ਼ਮੂਲੀਅਤ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਖਰਾਬ ਹੋ ਰਹੇ ਵਾਤਾਵਰਣ ਵਿਚ ਸੁਧਾਰ ਕਰਨਾ ਸਭ ਤੋਂ ਵੱਡੀ ਚੁਣੌਤੀ ਹੈ। ਡਾ. ਬਲਰਾਜ ਕੌਰ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ ਅਤੇ ਦੱਸਿਆ ਕਿ ਸੈਮੀਨਾਰ ਵਿੱਚ ਪੰਜਾਬ, ਜੰਮੂ, ਹਿਮਾਚਲ ਪ੍ਰਦੇਸ਼, ਗੁਜਰਾਤ ਅਤੇ ਹਰਿਆਣਾ ਤੋਂ 46 ਤੋਂ ਵੱਧ ਭਾਗੀਦਾਰਾਂ ਸਮੇਤ ਨਾਮਵਰ ਮਾਹਿਰਾਂ, ਵਿਦਵਾਨਾਂ, ਖੋਜਕਰਤਾਵਾਂ ਅਤੇ ਅਧਿਆਪਕਾਂ ਨੇ ਭਾਗ ਲਿਆ। ਡਾ. ਗੀਤਾਂਜਲੀ ਮਹਾਜਨ ਨੇ ਸਟੇਜ ਦਾ ਸੰਚਾਲਨ ਬਾਖੂਬੀ ਕੀਤਾ। ਇਸ ਸੈਮੀਨਾਰ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਡਾ. ਮੰਜੂ ਜੋਸ਼ੀ, ਡਾ. ਅਮਨਦੀਪ ਕੌਰ, ਡਾ. ਕਰਨਬੀਰ ਸਿੰਘ, ਡਾ. ਅਜੀਤਪਾਲ ਸਿੰਘ, ਡਾ. ਸੁਖਦੇਵ ਸਿੰਘ ਨਾਗਰਾ, ਡਾ. ਸਰਬਜੀਤ ਸਿੰਘ, ਪ੍ਰੋ. ਭਾਵਨਾ, ਪ੍ਰੋ. ਕਿਰਨਦੀਪ ਕੌਰ ਨੇ ਇਕਜੁੱਟ ਹੋ ਕੇ ਕੰਮ ਕੀਤਾ।

# ਮਿਡ ਡੇ ਮੀਲ ਵਰਕਰਜ਼ ਯੂਨੀਅਨ ਨੇ ਮਨਾਇਆ ਕੌਮਾਂਤਰੀ ਮਹਿਲਾ ਦਿਵਸ



**ਹੁਸ਼ਿਆਰਪੁਰ, (ਬਲਵੀਰ ਸੈਣੀ)**- ਮਿਡ ਡੇ ਮੀਲ ਵਰਕਰਜ਼ ਯੂਨੀਅਨ ਜ਼ਿਲ੍ਹਾ ਹੁਸ਼ਿਆਰਪੁਰ ਵਲੋਂ ਕੌਮਾਂਤਰੀ ਮਹਿਲਾ ਦਿਵਸ ਨੂੰ ਸਮਰਪਿਤ ਮੁਲਾਜ਼ਮ ਭਵਨ ਹੁਸ਼ਿਆਰਪੁਰ ਵਿਖੇ ਇੱਕ ਇਕੱਤਰਤਾ ਕੀਤੀ ਗਈ। ਜਥੇਬੰਦੀ ਦੀ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਕੌਰ ਦੀ ਅਗਵਾਈ ਹੇਠ ਕੀਤੀ ਇਸ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੀ ਸੂਬਾ ਜਨਰਲ ਸਕੱਤਰ ਕਮਲਜੀਤ ਕੌਰ ਨੇ ਇਸ ਦਿਨ ਦੀ ਮਹੱਤਤਾ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ 8 ਮਾਰਚ ਦਾ ਦਿਨ ਸਾਰੀ ਦੁਨੀਆ ਅੰਦਰ ਕੌਮਾਂਤਰੀ ਮਹਿਲਾ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਇਸ ਮੌਕੇ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਮਨਜੀਤ ਕੌਰ, ਕੁਲਵਿੰਦਰ ਕੌਰ, ਇੰਦਰਜੀਤ ਕੌਰ, ਨੀਲਮ, ਬਿਮਲਾ, ਅਮਰਵੀਰ ਕੌਰ ਨੇ ਕਿਹਾ ਕਿ ਅੱਜ ਜਦੋਂ ਦੁਨੀਆ ਆਰਥਿਕ ਮੰਦਹਾਲੀ ਵਿੱਚ ਹੈ, ਨੌਕਰੀਆਂ ਖਤਮ ਹੋ ਰਹੀਆਂ ਹਨ, ਬੇਰੁਜ਼ਗਾਰੀ ਵਿਚ ਅੰਤਾਂ ਦਾ ਵਾਧਾ ਹੋ ਰਿਹਾ ਹੈ, ਇਸ ਦਾ ਅਸਰ ਔਰਤਾਂ ਉੱਪਰ ਪੈਣਾ ਸੁਭਾਵਿਕ ਹੈ। ਇਸ ਸਭ ਦੇ ਹੱਲ ਕਈ ਔਰਤਾਂ ਨੂੰ ਜਥੇਬੰਦ ਹੋਣਾ ਬਹੁਤ ਜ਼ਰੂਰੀ ਹੈ। ਆਗੂਆਂ ਨੇ ਕਿਹਾ ਕਿ ਦੇਸ਼ ਅਤੇ ਪ੍ਰਾਂਤ ਅੰਦਰ ਵੀ ਔਰਤਾਂ ਦੀ ਸਥਿਤੀ ਬਹੁਤ ਨਾਜ਼ੁਕ ਹੈ, ਕੋਈ ਸੁਰੱਖਿਆ ਨਹੀਂ, ਔਰਤਾਂ ਨਾਲ ਬਦਫੈਲੀ ਕਰਨ ਵਾਲਿਆਂ ਨੂੰ ਰਾਜਸੀ ਪੁਸ਼ਤ-ਪਨਾਹੀ ਹੈ। ਇਕੱਤਰਤਾ ਨੂੰ ਸੰਬੋਧਨ ਕਰਦਿਆਂ ਪੈਨਸ਼ਨਰ ਆਗੂ ਮਨਜੀਤ ਸਿੰਘ ਸੈਣੀ, ਪਰਦੁਮਣ ਸਿੰਘ ਖਰਾਲ ਅਤੇ ਬਲਵੀਰ ਸਿੰਘ ਸੈਣੀ ਨੇ ਕਿਹਾ ਕਿ ਮੌਜੂਦਾ ਭਗਵੰਤ ਮਾਨ ਦੀ ਸਰਕਾਰ ਵਲੋਂ ਵੀ ਮਹਿਲਾਵਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਕੋਈ ਉਪਰਾਲੇ ਨਹੀਂ ਕੀਤੇ ਜਾ ਰਹੇ ਅਤੇ ਹਾਲ ਹੀ ਵਿੱਚ ਪੇਸ਼ ਕੀਤੇ ਬਜਟ ਵਿੱਚ ਵੀ ਬਾਕੀ ਮਹਿਲਾਵਾਂ ਵਾਂਗ ਮਿਡ ਡੇ ਮੀਲ ਵਰਕਰਾਂ ਦੀਆਂ ਉਜਰਤਾਂ ਵਿਚ ਵਾਧੇ ਸਬੰਧੀ ਕੋਈ ਤਜਵੀਜ਼ ਪੇਸ਼ ਨਹੀਂ ਕੀਤੀ ਗਈ। ਆਗੂਆਂ ਨੇ ਕੌਮਾਂਤਰੀ ਮਹਿਲਾ ਦਿਵਸ ਮੌਕੇ ਅਹਿਦ ਕੀਤਾ ਕਿ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਕੀਤੇ ਜਾ ਰਹੇ ਸੰਘਰਸ਼ ਵਿੱਚ ਪੂਰੀ ਤਾਕਤ ਨਾਲ ਸ਼ਮੂਲੀਅਤ ਕਤਿੀ ਜਾਵੇਗੀ।

# ਸ਼ਰਧਾ ਨਾਲ ਮਨਾਇਆ ਮਹਾਸ਼ਿਵਰਾਤਰੀ ਦਾ ਤਿਉਹਾਰ



**ਫਗਵਾੜਾ (ਡਾ. ਰਮਨ)** ਸ਼ਿਵ ਭੋਲੇਨਾਥ ਮੰਦਰ ਸ਼ਹੀਦ ਊਧਮ ਸਿੰਘ ਨਗਰ ਫਗਵਾੜਾ ਵਿਖੇ ਮਹਾਸ਼ਿਵਰਾਤਰੀ ਦਾ ਤਿਉਹਾਰ ਮੰਦਰ ਕਮੇਟੀ ਦੇ ਪ੍ਰਧਾਨ ਵਿਜੇ ਸ਼ਰਮਾ ਵਿੱਕੀ ਦੀ ਦੇਖ-ਰੇਖ ਹੇਠ ਉਤਸ਼ਾਹ ਨਾਲ ਮਨਾਇਆ ਗਿਆ। ਸਵੇਰ ਤੋਂ ਹੀ ਸ਼ਿਵਲਿੰਗ ਨੂੰ ਜਲ ਚੜ੍ਹਾਉਣ ਲਈ ਸ਼ਰਧਾਲੂਆਂ ਦੀ ਭੀੜ ਲੱਗੀ ਰਹੀ। ਮੰਦਰ ਦੀ ਮਹਿਲਾ ਸੰਕੀਰਤਨ ਮੰਡਲੀ ਨੇ ਭਗਵਾਨ ਸ਼ਿਵ ਅਤੇ ਪਾਰਵਤੀ ਦੇ ਵਿਆਹ ਅਤੇ ਸ਼ਿਵ ਮਹਿਮਾ ਦਾ ਸੁੰਦਰ ਗੁਣਗਾਨ ਕੀਤਾ। ਸਮਾਗਮ ਦੌਰਾਨ ਆਮ ਆਦਮੀ ਪਾਰਟੀ ਦੀ ਮਹਿਲਾ ਆਗੂ ਪ੍ਰਿਤਪਾਲ ਕੌਰ ਤੁਲੀ ਨੇ ਆਪਣੇ ਪਤੀ ਗੁਰਦੀਪ ਸਿੰਘ ਤੁਲੀ ਦੇ ਨਾਲ ਹਾਜਰੀ ਲਗਵਾਈ। ਉਹਨਾਂ ਤੋਂ ਇਲਾਵਾ ਸਾਬਕਾ ਕੌਂਸਲਰ ਪਰਮਜੀਤ ਕੌਰ ਕੰਬੋਜ ਅਤੇ ਜਤਿੰਦਰ ਮਿੱਠੂ ਸਮੇਤ ਹੋਰ ਪਤਵੰਤਿਆਂ ਨੇ ਵੀ ਭਗਵਾਨ ਭੋਲੇਨਾਥ ਦਾ ਆਸ਼ੀਰਵਾਦ ਲਿਆ। ਮੰਦਰ ਕਮੇਟੀ ਵੱਲੋਂ ਪਤਵੰਤਿਆਂ ਨੂੰ ਮਾਂ ਗੌਰਾਂ ਦੀ ਚੁਨਰੀ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਅਸ਼ੋਕ ਕੁਮਾਰ, ਪ੍ਰਮੋਦ ਕੁਮਾਰ, ਅਮਰਜੀਤ ਕੁਮਾਰ, ਰਾਜ ਕੁਮਾਰ ਗੁਪਤਾ, ਸੰਜੀਵ ਕੁਮਾਰ ਟੀਟੂ, ਸਰਬਜੀਤ ਕੌਰ, ਜਸਵੰਤ ਸ਼ਰਮਾ, ਸ਼ਿਆਮ ਸੈਣੀ, ਅਜੇ ਕੁਮਾਰ, ਹਰਜਿੰਦਰ ਕੌਰ, ਕਵਿਤਾ ਕਾਲੜਾ, ਤ੍ਰਿਪਤਾ, ਸ਼ਸ਼ੀ ਬਾਲਾ ਸਮੇਤ ਵੱਡੀ ਗਿਣਤੀ 'ਚ ਸ਼ਰਧਾਲੂ ਹਾਜ਼ਰ ਸਨ।

# ਅਨਿਲ ਠਾਕੁਰ ਨੇ ਵਪਾਰੀਆਂ ਤੇ ਉਦਯੋਗਪਤੀਆਂ ਦੀਆਂ ਮੁਸ਼ਕਲਾਂ ਸੁਣੀਆਂ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 'ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਚੇਅਰਮੈਨ ਅਨਿਲ ਠਾਕੁਰ ਨੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੇ ਵਪਾਰੀਆਂ, ਉਦਯੋਗਪਤੀਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣੀਆਂ। ਇਸ ਮੌਕੇ ਪੰਜਾਬ ਮੀਡੀਅਮ ਇੰਡਸਟਰੀ ਬੋਰਡ ਦੇ ਚੇਅਰਮੈਨ ਨੀਲ ਗਰਗ, ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਮੈਂਬਰ ਵਿਨੀਤ ਵਰਮਾ ਅਤੇ ਅਨਿਲ ਭਾਰਦਵਾਜ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਇਸ ਮੌਕੇ ਵਪਾਰੀਆਂ ਅਤੇ ਉਦਯੋਗਪਤੀਆਂ ਨੂੰ ਸੰਬੋਧਨ ਹੁੰਦਿਆਂ ਚੇਅਰਮੈਨ ਅਨਿਲ ਠਾਕੁਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 'ਯਕ ਮੁਸ਼ਤ ਨਿਪਟਾਰਾ' (ਵਨ ਟਾਈਮ ਸੈਟਲਮੈਂਟ) ਸਕੀਮ ਤਹਿਤ 01 ਲੱਖ ਤੋਂ ਘੱਟ ਦੇ ਪੁਰਾਣੇ ਟੈਕਸ ਬਕਾਏ ਨੂੰ ਪੂਰਨ ਤੌਰ 'ਤੇ ਮੁਆਫ਼ ਕਰ ਦਿੱਤਾ ਗਿਆ ਹੈ, ਜਦਕਿ 01 ਲੱਖ ਰੁਪਏ ਤੋਂ ਉੱਪਰ ਅਤੇ 01 ਕਰੋੜ ਤੱਕ ਦੇ ਬਕਾਏ ਸਬੰਧੀ ਵੱਖ-ਵੱਖ ਦਰਾਂ ਦੇ ਹਿਸਾਬ ਨਾਲ ਛੋਟ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਦਾ ਲਾਭ ਲੈਣ ਲਈ ਬਕਾਏਦਾਰ ਵਿਭਾਗ ਨਾਲ ਸੰਪਰਕ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਉਹ ਹਰੇਕ ਜ਼ਿਲ੍ਹੇ ਵਿੱਚ ਜਾ ਕੇ ਵਪਾਰੀਆਂ ਅਤੇ ਉਦੋਗਪਤੀਆਂ ਦੀਆਂ ਮੁਸ਼ਕਲਾਂ ਸੁਣ ਰਹੇ ਹਨ ਤਾਂ ਜੋ ਸਰਕਾਰ ਦੇ ਪੱਧਰ 'ਤੇ ਇੰਨ੍ਹਾਂ ਦਾ ਨਿਪਟਾਰਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਪਾਰੀ ਨੂੰ ਸਟੇਟ ਜੀ ਐਸ ਟੀ ਵਿਭਾਗ ਵੱਲੋਂ ਨੋਟਿਸ ਆਉਂਦਾ ਤਾਂ ਇਸਦਾ ਮਤਲਬ ਇਹ ਨਹੀਂ ਕਿ ਵਪਾਰੀ ਜਾਂ ਦੁਕਾਨਦਾਰ ਦੋਸ਼ੀ ਹੈ, ਬਲਕਿ ਉਸਨੂੰ ਆਪਣਾ ਪੱਖ ਰੱਖਣ ਦਾ ਪੂਰਾ ਮੌਕਾ ਦਿੱਤਾ ਜਾਂਦਾ ਹੈ ਅਤੇ ਜੇਕਰ ਵਪਾਰੀ ਦਾ ਪੱਖ ਸਹੀ ਹੋਵੇਗਾ ਤਾਂ ਅਜਿਹੇ ਨੋਟਿਸ ਨੂੰ ਵਾਪਸ ਲੈ ਲਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਵਿਭਾਗਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਵਪਾਰੀਆਂ ਅਤੇ ਉਦਯੋਗਾਂ ਨੂੰ ਬਿਨਾਂ ਕਿਸੇ ਕਾਰਨ ਦੇ ਤੰਗ ਪ੍ਰੇਸ਼ਾਨ ਨਾ ਕੀਤਾ ਜਾਵੇ। ਉਨਾਂ ਇਹ ਵੀ ਅਪੀਲ ਕੀਤੀ ਕਿ ਸਮਾਨ ਦੀ ਵਿਕਰੀ ਸਮੇਂ ਪੱਕਾ ਬਿੱਲ ਜ਼ਰੂਰ ਦਿੱਤਾ ਜਾਵੇ। ਉਨ੍ਹਾਂ ਦੱਸਿਆ ਕਿ ਮੇਰਾ ਬਿੱਲ ਐਪ 'ਤੇ ਬਿੱਲ ਲੋਡ ਕਰਨ ਵਾਲੇ ਨੂੰ ਲੱਕੀ ਡਰਾਅ 'ਚ ਸ਼ਾਮਿਲ ਕਰਨ ਨਾਲ ਸੂਬੇ 'ਚ ਬਿੱਲ ਦੇਣ ਦਾ ਰੁਝਾਨ ਵਧਿਆ ਹੈ। ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਪਰਸਨ ਪ੍ਰਭਜੋਤ ਕੌਰ, ਜ਼ਿਲ੍ਹੇ ਦੇ ਉਪ ਕਮਿਸ਼ਨਰ ਸਟੇਟ ਟੈਕਸ ਮੁਨੀਸ਼ ਨਈਅਰ, ਰਮਨਦੀਪ ਕੌਰ ਈ ਟੀ ਓ, ਨੀਤੂ ਬਾਵਾ ਈ ਟੀ ਓ, ਦੀਪਿੰਦਰ ਕੌਰ ਈ ਟੀ ਓ ਮੌਜੂਦ ਸਨ। ਮੋਹਾਲੀ ਇੰਡਸਟਰੀ ਐਸੋਸੀਏਸ਼ਨ, ਇੰਡਸਟਰੀ ਐਸੋਸੀਏਸ਼ਨ-82, ਜਵੈਲਰ ਐਸੋਸੀਏਸ਼ਨ, ਮੋਹਾਲੀ ਟ੍ਰੇਡਰਜ਼ ਐਸੋਸੀਏਸ਼ਨ, ਚਨਾਲੋਂ ਇੰਡਸਟਰੀ ਐਸੋਸੀਏਸ਼ਨ ਅਤੇ ਮੋਹਾਲੀ ਕਰਿਆਨਾ ਐਸੋਸੀਏਸ਼ਨ ਸਮੇਤ ਵੱਖ-ਵੱਖ ਵਪਾਰ ਮੰਡਲਾਂ ਅਤੇ ਸਨਅਤੀ ਐਸੋਸੀਏਸ਼ਨਾਂ ਅਹੁਦੇਦਾਰ ਹਾਜ਼ਰ ਸਨ, ਜਿਨ੍ਹਾਂ ਨੇ ਵੱਖ-ਵੱਖ ਸੁਝਾਅ ਅਤੇ ਮੁਸ਼ਕਿਲਾਂ ਰੱਖੀਆਂ।

# ਅੱਡਾ ਸਰਾਂ ਕੰਧਾਲਾ ਜੱਟਾਂ ਵਿਖੇ ਹੋਲੇ ਮਹੱਲੇ ਦਾ ਸਲਾਨਾ ਸਮਾਗਮ 23 ਨੂੰ



**ਅੱਡਾ ਸਰਾਂ (ਜਸਵੀਰ ਕਾਜਲ)**-ਧੰਨ ਧੰਨ ਬਾਬਾ ਬਿਸ਼ਨ ਸਿੰਘ ਜੀ ਹੋਲਾ ਮਹੱਲਾ ਲੰਗਰ ਕਮੇਟੀ ਕੰਧਾਲਾ ਜੱਟਾਂ ਅੱਡਾ ਸਰਾਂ ਵੱਲੋਂ ਸਮੂਹ ਨਗਰ ਨਿਵਾਸੀ, ਇਲਾਕਾ ਨਿਵਾਸੀ ਅਤੇ ਐਨ ਆਰ ਆਈ ਸਾਧ ਸੰਗਤ ਦੇ ਸਹਿਯੋਗ ਨਾਲ ਹੋਲੇ ਮਹੱਲੇ ਦੇ ਸਬੰਧ ਵਿੱਚ ਸਮਾਗਮ 23 ਮਾਰਚ ਤੋਂ 27 ਮਾਰਚ ਤੱਕ ਪਿੰਡ ਕੰਧਾਲਾ ਜੱਟਾਂ ਅੱਡਾ ਸਰਾਂ 'ਤੇ ਮਨਾਏ ਜਾ ਰਹੇ ਹਨ । ਪ੍ਰਬੰਧਕ ਸੇਵਾਦਾਰਾਂ ਨੇ ਅੱਜ ਪ੍ਰੋਗਰਾਮ ਦਾ ਪੋਸਟਰ ਜਾਰੀ ਕਰਦਿਆਂ ਦੱਸਿਆ ਕਿ ਹੋਲੇ ਮਹੱਲੇ 'ਤੇ ਸ੍ਰੀ ਅਨੰਦਪੁਰ ਸਾਹਿਬ ਜਾਣ ਵਾਲੀਆਂ ਸੰਗਤਾਂ ਲਈ ਹਰ ਸਾਲ ਇਹ ਸਮਾਗਮ ਕਰਵਾਏ ਜਾਂਦੇ ਹਨ। ਜਿਸ ਦੌਰਾਨ ਸੰਗਤਾਂ ਲਈ ਲਈ ਗੁਰੂ ਦਾ ਲੰਗਰ ਅਤੁੱਟ ਵਰਤਦਾ ਹੈ । ਇਸ ਦੌਰਾਨ ਪਹਿਲੀ ਲੜੀ ਦੇ ਸ੍ਰੀ ਅਖੰਡ ਪਾਠ ਸਾਹਿਬ 23 ਮਾਰਚ ਨੂੰ ਆਰੰਭ ਹੋਣਗੇ ਜਿਨ੍ਹਾ ਦੇ ਭੋਗ 25 ਮਾਰਚ ਨੂੰ ਸਵੇਰੇ 09:30 ਵਜੇ ਪੈਣਗੇ । ਭੋਗ ਉਪਰੰਤ ਨਗਰ ਕੰਧਾਲਾ ਜੱਟਾਂ ਦਾ ਕੀਰਤਨੀ ਜਥਾ ਭਾਈ ਮਨਰਾਜ ਸਿੰਘ ਧਾਲੀਵਾਲ ਅਤੇ ਭਾਈ ਸਹਿਜਪਾਲ ਸਿੰਘ ਧਾਲੀਵਾਲ ਦਾ ਕੀਰਤਨੀ ਜਥਾ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ । ਇਸ ਉਪਰੰਤ ਦੂਸਰੀ ਲੜੀ ਦੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਨ੍ਹਾ ਦੇ ਭੋਗ 27 ਮਾਰਚ ਨੂੰ ਸਵੇਰੇ 10 ਵਜੇ ਪੈਣਗੇ । ਇਸ ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਛਤਰ ਛਾਇਆ ਹੇਠ ਸਜਾਏ ਜਾਣ ਵਾਲੇ ਦੀਵਾਨ ਵਿੱਚ ਸੰਤ ਬਾਬਾ ਮੱਖਣ ਸਿੰਘ ਜੀ ਦਰੀਏ ਵਾਲੇ ਸੰਗਤਾਂ ਨੂੰ ਕਥਾ ਨਾਲ ਅਤੇ ਜਥੇਦਾਰ ਜਸਵਿੰਦਰ ਸਿੰਘ ਬਾਗੀ ਦਾ ਇੰਟਰਨੈਸ਼ਨਲ ਢਾਡੀ ਜਥਾ ਸੰਗਤਾਂ ਨੂੰ ਢਾਡੀ ਵਾਰਾਂ ਨਾਲ ਨਿਹਾਲ ਕਰੇਗਾ । ਸਮਾਗਮ ਦੇ ਸਾਰੇ ਦਿਨ ਗੁਰੂ ਦਾ ਲੰਗਰ ਅਤੁੱਟ ਵਰਤੇਗਾ । ਇਸ ਮੌਕੇ ਬਾਬਾ ਅਵਤਾਰ ਸਿੰਘ ਹੈੱਡ ਗ੍ਰੰਥੀ, ਬਾਬਾ ਰਣਜੀਤ ਸਿੰਘ ਹੈੱਡ ਗ੍ਰੰਥੀ, ਪ੍ਰਧਾਨ ਮਹਿੰਦਰ ਸਿੰਘ, ਕੁਲਵੰਤ ਸਿੰਘ, ਗੁਰਵਿੰਦਰ ਸਿੰਘ ਗਿੱਤਾ, ਇੰਦਰਜੀਤ ਸਿੰਘ ਧਾਲੀਵਾਲ, ਮਨਜੀਤ ਸਿੰਘ ਸੈਕਟਰੀ, ਬਲਜੀਤ ਸਿੰਘ ਬੱਲੂ, ਰੇਸ਼ਮ ਸਿੰਘ, ਅਮ੍ਰਿਤਜੋਤ ਸਿੰਘ, ਬਨੀਤ ਸਿੰਘ ਅਤੇ ਹੋਰ ਨਗਰ ਦੀਆਂ ਸੰਗਤਾਂ ਹਾਜ਼ਰ ਸਨ।

# ਪੱਤਰਕਾਰ ਨੂੰ ਵਿਧਾਇਕ ਵੱਲੋਂ ਦਿੱਤੀ ਧਮਕੀ ਦੀ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਕਰੜੀ ਨਿੰਦਾ



**ਜਲੰਧਰ ( ਰਾਜੇਸ਼ ਥਾਪਾ)**- ਬੀਤੇ ਦਿਨ ਵਿਧਾਨ ਸਭਾ ਗੈਲਰੀ 'ਚ ਪੱਤਰਕਾਰ ਸੰਦੀਪ ਲਾਧੂਕਾ ਨੂੰ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਵੱਲੋਂ ਧਮਕੀ ਦਿੱਤੀ ਗਈ ਜਿਸ ਵਿਰੁੱਧ ਪੱਤਰਕਾਰ ਭਾਈਚਾਰੇ 'ਚ ਗੁੱਸੇ ਦੀ ਲਹਿਰ ਹੈ। ਕਿਸੇ ਵੀ ਸਿਆਸੀ ਰੁਤਬੇ 'ਤੇ ਬੈਠੇ ਵਿਅਕਤੀ ਦੀ ਧੌਂਸ ਬਰਦਾਸ਼ਤ ਨਹੀਂ ਕੀਤੀ ਜਾਵੇਗੀ । ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਪੱਤਰਕਾਰ ਸੰਦੀਪ ਲਾਧੂਕਾ ਅਤੇ ਪੱਤਰਕਾਰ ਭਾਈਚਾਰੇ ਦੇ ਨਾਲ ਖੜ੍ਹਾ ਹੈ ਅਤੇ ਪੰਜਾਬ ਸਰਕਾਰ ਦੇ ਵਿਧਾਇਕ ਵੱਲੋਂ ਦਿੱਤੀ ਧਮਕੀ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਅਦਾਰਾ ਏ.ਬੀ.ਸੀ.ਪੰਜਾਬ ਦੇ ਨੁਮਾਇੰਦੇ ਪੱਤਰਕਾਰ ਸੰਦੀਪ ਲਾਧੂਕਾ ਵੱਲੋਂ ਸਪੀਕਰ ਵਿਧਾਨ ਸਭਾ ਨੂੰ ਵਿਧਾਇਕ ਦੇ ਖਿਲਾਫ ਬਣਦੀ ਕਾਰਵਾਈ ਕਰਨ ਦੀ ਲਿਖਤੀ ਸ਼ਿਕਾਇਤ ਕੀਤੀ ਹੈ ਅਤੇ ਇਸ ਗੱਲ ਦਾ ਇੰਤਜ਼ਾਰ ਹੈ ਕਿ ਇਸ ਵਿਧਾਇਕ ਖਿਲਾਫ ਵਿਧਾਨ ਸਭਾ ਦੇ ਸਪੀਕਰ ਕੀ ਕਾਰਵਾਈ ਕਰਦੇ ਹਨ। ਇਸ ਸਮੇਂ ਆਗੂਆਂ ਨੇ ਕਿਹਾ ਕਿ ਪੱਤਰਕਾਰਾਂ ਜਾਂ ਕਿਸੇ ਵੀ ਤਰ੍ਹਾਂ ਦੇ ਮੀਡੀਆ ਨੂੰ ਧਮਕੀ ਜਾਂ ਅਵਾਜ਼ ਬੰਦ ਕਰਨ ਦੀਆਂ ਕਾਰਵਾਈਆਂ ਹਕੂਮਤ ਕਰਦੀ ਹੈ ਤਾਂ ਇਸ ਦਾ ਸਿੱਧਾ-ਸਿੱਧਾ ਮਤਲਬ ਹੈ ਕਿ ਹਕੂਮਤ ਤਾਨਾਸ਼ਾਹੀ ਕਾਰਵਾਈਆਂ ਕਰਕੇ ਲੋਕਾਂ ਦੇ ਹੱਕਾਂ 'ਤੇ ਡਾਕਾ ਮਾਰਨਾ ਚਾਹੁੰਦੀ ਹੈ। ਇਸ ਸਮੇਂ ਗੌਰਮਿੰਟ ਸਕੂਲ ਟੀਚਰਜ ਯੂਨੀਅਨ ਪੰਜਾਬ ਦੇ ਸੂਬਾ ਸਲਾਹਕਾਰ ਬਲਕਾਰ ਵਲਟੋਹਾ, ਪ੍ਰੇਮ ਚਾਵਲਾ, ਮਨਦੀਪ ਥਿੰਦ, ਜਿੰਦਰ ਪਾਇਲਟ, ਟਹਿਲ ਸਿੰਘ ਸਰਾਭਾ, ਅਜੀਤ ਪੰਧੂ, ਸੁਮਿਤ ਸਿੰਘ, ਰਾਜ ਲਾਧੂਕਾ ਆਦਿ ਹਾਜ਼ਰ ਸਨ।

# ਮੁੱਖ ਮੰਤਰੀ ਰਾਹਤ ਫੰਡ ਦੇ ਤਹਿਤ ਮਾਲੀ ਮਦਦ ਪ੍ਰਾਪਤ ਕਰਨ ਵਾਲਿਆਂ ਨੂੰ ਸਰਲ ਪੋਟਰਲ 'ਤੇ ਬਿਨੈ ਕਰਨ ਦੀ ਸਹੂਲਤ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਸਰਕਾਰ ਨੇ ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ ਮਹੁੱਈਆ ਕਰਵਾਉਣ ਦੀ ਕੜੀ ਵਿਚ ਇਕ ਹੋਰ ਕਦਮ ਵਧਾਉਂਦੇ ਹੋਏ ਮੁੱਖ ਮੰਤਰੀ ਰਾਹਤ ਫੰਡ ਦੇ ਤਹਿਤ ਮੈਡੀਕਲ ਆਧਾਰ 'ਤੇ ਮਾਲੀ ਮਦਦ ਪ੍ਰਾਪਤ ਕਰਨ ਵਾਲਿਆਂ ਨੂੰ ਸਰਲ ਪੋਟਰਲ 'ਤੇ ਬਿਨੈ ਕਰਨ ਦੀ ਸਹੂਲਤ ਪ੍ਰਦਾਨ ਕੀਤੀ ਹੈ। ਇਸ ਨਾਲ ਇਹ ਪ੍ਰਕਿਰਿਆ ਹੋਰ ਵੱਧ ਆਸਾਨ ਹੋ ਗਈ ਹੈ। ਬੁਲਾਰੇ ਨੇ ਦੱਸਿਆ ਕਿ ਹੁਣ ਆਰਥਿਕ ਮਦਦ ਲਈ ਬਿਨੈਕਾਰ ਸਰਲ ਪੋਟਰਲ ਰਾਹੀਂ ਸਹੂਲਤ ਦਾ ਲਾਭ ਪ੍ਰਾਪਤ ਕਰ ਸਕਦੇ ਹਨ। ਮੁੱਖ ਮੰਤਰੀ ਰਾਹਤ ਫੰਡ ਨਾਲ ਮਿਲਣ ਵਾਲੀ ਆਰਥਿਕ ਮਦਦ ਦੀ ਰਕਮ ਸਿੱਧੇ ਬਿਨੈਕਾਰ ਜਾਂ ਲਾਭਕਾਰੀ ਦੇ ਬੈਂਕ ਖਾਤੇ ਵਿਚ ਟਰਾਂਸਫਰ ਕੀਤੀ ਜਾਵੇਗੀ। ਬਿਨੈਕਾਰ ਆਪਣੀ ਪਰਵਾਰ ਪਛਾਣ ਪੱਤਰ ਆਈ ਡੀ ਰਾਹੀਂ ਸਰਲ ਪੋਟਰਲ 'ਤੇ ਬਿਨੈ ਕਰ ਸਕਦਾ ਹੈ। ਇਸ ਪ੍ਰਕਿਰਿਆ ਨੂੰ ਪੂਰੀ ਕਰਨ ਲਈ ਬਿਨੈਕਾਰ ਆਪਣੇ ਮੈਡੀਕਲ ਬਿੱਲ, ਓ ਪੀ ਡੀ ਬਿੱਲ ਆਦਿ ਵਰਗੇ ਹੋਰ ਸਬੰਧਤ ਦਸਤਾਵੇਜ਼ਾਂ ਨੂੰ ਅਪਲੋਡ ਕਰਕੇ ਮੁੱਖ ਮੰਤਰੀ ਰਾਹਤ ਫੰਡ (ਸੀ ਐਮ ਆਰ ਐਫ) ਨਾਲ ਮੈਡੀਕਲ ਆਧਾਰ 'ਤੇ ਮਾਲੀ ਮਦਦ ਲਈ ਬਿਨੈ ਕਰ ਸਕਦੇ ਹਨ। ਬੁਲਾਰੇ ਨੇ ਦੱਸਿਆ ਕਿ ਯੋਜਨਾ ਵਿਚ ਕੀਤੇ ਗਏ ਬਦਲਾਵਾਂ ਦੇ ਤਹਿਤ ਜੇਕਰ ਕੋਈ ਵੀ ਆਯੂਸ਼ਮਾਨ ਭਾਰਤ ਜਨ ਆਰੋਗਯ ਯੋਜਨਾ ਵਿਚ ਕਵਰ ਨਹੀਂ ਹੋ ਰਹੀ ਤਾਂ ਆਯੂਸ਼ਮਾਨ ਯੋਜਨਾ ਦੇ ਲਾਭਕਾਰੀਆਂ ਨੂੰ ਵੀ ਇਸ ਯੋਜਨਾ ਦੇ ਤਹਿਤ ਲਾਭ ਮਿਲੇਗਾ। ਮੁੱਖ ਮੰਤਰੀ ਰਾਹਤ ਫੰਡ ਦੇ ਤਹਿਤ ਆਰਥਿਕ ਮਦਦ ਲਈ ਜ਼ਿਲ੍ਹਾ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਵਿਚ ਸਬੰਧਤ ਐਮ.ਪੀ., ਸਬੰਧਤ ਵਿਧਾਇਕ, ਡਿਪਟੀ ਕਮਿਸ਼ਨਰ, ਸਿਵਲ ਸਰਜਨ, ਨਗਰ ਪਰਿਸ਼ਦ ਤੇ ਨਗਰ ਪਾਲਿਕਾਵਾਂ ਦੇ ਚੇਅਰਮੈਨ, ਜ਼ਿਲ੍ਹਾ ਪਰਿਸ਼ਦ ਦੇ ਚੇਅਰਮੈਨ, ਪੰਚਾਇਤ ਕਮੇਟੀ ਦੇ ਚੇਅਰਮੈਨ ਨੂੰ ਮੈਂਬਰ ਅਤੇ ਸਿਟੀ ਮੈਜਿਸਟ੍ਰੇਟ ਨੂੰ ਨੋਡਲ ਅਧਿਕਾਰੀ ਬਣਾਇਆ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਰਾਹਤ ਫੰਡ ਨਾਲ ਆਰਥਿਕ ਮਦਦ ਵਜੋਂ ਇਲਾਜ ਖਰਚ ਦਾ 24 ਫੀਸਦੀ ਪੈਸਾ ਹੀ ਮਿਲੇਗਾ, ਜਿਸ ਦੀ ਵੱਧ ਤੋਂ ਵੱਧ ਸੀਮਾ ਇਕ ਲੱਖ ਰੁਪਏ ਨਿਰਧਾਰਤ ਕੀਤੀ ਗਈ ਹੈ।

# ਡਾ. ਜਸਜੀਤ ਸਿੰਘ ਵਿਰਕ ਦੋਬਾਰਾ ਬਣੇ ਆਈ ਐਮ ਏ ਫਗਵਾੜਾ ਦੇ ਪ੍ਰਧਾਨ



**ਫਗਵਾੜਾ (ਡਾ. ਰਮਨ)** ਡਾਕਟਰਾਂ ਦੀ ਪ੍ਰਮੁੱਖ ਸੰਸਥਾ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ ਐਮ ਏ) ਦੀ ਫਗਵਾੜਾ ਸ਼ਾਖਾ ਦੇ ਅਹੁਦੇਦਾਰਾਂ ਦੀ ਚੋਣ ਸੰਬੰਧੀ ਮੀਟਿੰਗ ਡਾ. ਵਿਜੇ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਡਾ. ਜਸਜੀਤ ਸਿੰਘ ਵਿਰਕ ਨੂੰ ਸਾਲ 2024-25 ਲਈ ਲਗਾਤਾਰ ਦੂਸਰੀ ਵਾਰ ਆਈ ਐਮ ਏ ਫਗਵਾੜਾ ਸ਼ਾਖਾ ਦਾ ਪ੍ਰਧਾਨ ਚੁਣਿਆ ਗਿਆ। ਉਨ੍ਹਾਂ ਦੇ ਨਾਲ ਹੀ ਡਾ. ਰਾਜੀਵ ਅਗਰਵਾਲ ਅਤੇ ਡਾ: ਰੋਮੇਸ਼ ਅਰੋੜਾ ਨੂੰ ਵੀ ਦੂਸਰੇ ਕਾਰਜਕਾਲ ਲਈ ਮੀਤ ਪ੍ਰਧਾਨ ਐਲਾਨਿਆ ਗਿਆ। ਇਸ ਤੋਂ ਇਲਾਵਾ ਡਾ: ਤੁਸ਼ਾਰ ਅਗਰਵਾਲ ਨੂੰ ਸਕੱਤਰ ਜਦਕਿ ਡਾ. ਵਿਕਾਸ ਗੁਪਤਾ ਦੀ ਵਿੱਤ ਸਕੱਤਰ ਵਜੋਂ ਚੋਣ ਕੀਤੀ ਗਈ। ਸਮੂਹ ਨਵ ਨਿਯੁਕਤ ਅਹੁਦੇਦਾਰਾਂ ਨੇ ਹਾਜ਼ਰ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਨਵ-ਨਿਯੁਕਤ ਪ੍ਰਧਾਨ ਡਾ: ਜਸਜੀਤ ਸਿੰਘ ਵਿਰਕ ਨੇ ਕਿਹਾ ਕਿ ਅਜੋਕੇ ਸਮਾਜਿਕ ਹਾਲਾਤਾਂ ਵਿੱਚ ਡਾਕਟਰੀ ਦਾ ਕਿੱਤਾ ਕਈ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਇਸ ਲਈ ਉਨ੍ਹਾਂ ਦੀ ਪਹਿਲ ਡਾਕਟਰਾਂ ਅਤੇ ਖਾਸ ਕਰਕੇ ਪ੍ਰਾਈਵੇਟ ਹਸਪਤਾਲਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਢੁਕਵਾਂ ਹੱਲ ਕਰਵਾਉਣਾ ਰਹੇਗੀ। ਇਸ ਤੋਂ ਇਲਾਵਾ ਸੰਸਥਾ ਆਪਣੀ ਰਵਾਇਤ ਅਨੁਸਾਰ ਸਮਾਜ ਸੇਵਾ ਅਤੇ ਸਿਹਤ ਜਾਗਰੂਕਤਾ ਗਤੀਵਿਧੀਆਂ ਨੂੰ ਵੀ ਜਾਰੀ ਰੱਖੇਗੀ। ਇਸ ਦੌਰਾਨ ਮੌਜੂਦ ਰਹੇ ਡਾ. ਐਸ ਪੀ ਐਸ ਸੂਚ, ਡਾ. ਏ ਐਸ ਪਰਹਾਰ, ਡਾ: ਅਨਿਲ ਟੰਡਨ, ਡਾ: ਐੱਸ. ਰਾਜਨ, ਡਾ: ਰੋਹਨ ਪਰਹਾਰ ਨੇ ਆਈ ਐਮ ਏ ਫਗਵਾੜਾ ਸ਼ਾਖਾ ਦੀ ਨਵੀਂ ਟੀਮ ਨੂੰ ਆਪਣੀਆਂ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ।

## 'ਰਾਈਡ ਇਨ ਫਲੋਰਲਜ 7.0' ਮਹਿਲਾ ਸਾਈਕਲ ਰੈਲੀ



**ਮੋਹਾਲੀ (ਗੁਰਜੀਤ ਬਿੱਲਾ)** ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ 67 ਮਾਲ ਨੇ ਮਾਨਤਾ ਪ੍ਰਾਪਤ ਸਾਈਕਲਿੰਗ ਸਮੂਹ, ਸਾਈਕਲਗਿਰੀ ਦੇ ਨਾਲ ਮਿਲ ਕੇ 'ਰਾਈਡ ਇਨ ਫਲੋਰਲਜ 7.0' ਮਹਿਲਾ ਸਾਈਕਲ ਰੈਲੀ ਦਾ ਸਫਲ ਆਯੋਜਨ ਕੀਤਾ। ਇਸ ਮਹਿਲਾ ਦਿਵਸ 'ਤੇ, ਸਿਹਤ ਦੇ ਪਹੀਏ 'ਤੇ ਸਵਾਰੀ ਥੀਮ ਨਾਲ, ਇਸ ਕਾਰਜਕ੍ਰਮ ਦਾ ਉਦੇਸ਼ ਸੀ ਔਰਤਾਂ 'ਚ ਸਿਹਤਮੰਦ ਲਾਭ ਅਤੇ ਸ਼ਸ਼ਕਤੀਕਰਨ ਨੂੰ ਬੜ੍ਹਾਵਾ ਦੇਣਾ, ਜਿਸ 'ਚ ਸਾਈਕਲਗਿਰੀ ਦੇ ਮਹਿਲਾਵਾਂ ਨੇ ਉਤਸ਼ਾਹ ਨਾਲ ਭਾਗ ਲਿਆ। ਰੈਲੀ ਚੰਡੀਗੜ੍ਹ ਦੇ ਸੈਕਟਰ 36 'ਚ ਸਥਿਤ ਫ੍ਰੈਗਰੈਂਸ ਗਾਰਡਨ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ ਵੱਖ ਹਿਸਿਆ 'ਚੋਂ ਗੁਜ਼ਰਦੀ ਹੋਈ ਸੀ ਪੀ 67 ਮਾਲ, ਮੋਹਾਲੀ 'ਚ ਸਮਾਪਤ ਹੋਈ। ਇਸ ਮੌਕੇ ਉਮੰਗ ਜਿੰਦਲ, ਹੋਮਲੈਂਡ ਗਰੁਪ ਦੇ ਸੀ ਈ ਓ, ਸੀ ਪੀ 67 ਮਾਲ ਇਨ ਮੋਹਾਲੀ-ਯੂਨਿਟੀ ਹੋਮਲੈਂਡ ਦਾ ਪ੍ਰਾਜੈਕਟ ਨੇ ਕਿਹਾ ਅਸੀਂ ਸਾਈਕਲਗਿਰੀ ਨਾਲ ਮਿਲ ਕੇ ਇਸ ਸਾਈਕਲ ਰੈਲੀ ਦਾ ਆਯੋਜਨ ਕੀਤਾ ਅਤੇ ਇਸ ਵਿੱਚ ਸਾਈਕਲਗਿਰੀ ਦੀਆਂ ਮਹਿਲਾ ਮੈਂਬਰਾਂ ਨੇ ਵੱਧ-ਚੜ੍ਹ ਕੇ ਭਾਗ ਲਿਆ।

## ਪੰਜਾਬ ਦੀ ਜਵਾਨੀ ਨੂੰ ਮਾਰੂ ਨਸ਼ਿਆਂ ਤੋਂ ਬਚਾਉਣ ਲਈ ਅਫੀਮ ਦੀ ਖੇਤੀ ਦੀ ਹੋਵੇ ਇਜਾਜ਼ਤ : ਐਡਵੋਕੇਟ ਕਿਰਨਜੀਤ ਕੌਰ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਉੱਘੀ ਸਮਾਜ ਸੇਵਕ ਐਡਵੋਕੇਟ ਕਿਰਨਜੀਤ ਕੌਰ ਨੇ ਕਿਹਾ ਕਿ ਨਸ਼ੇ ਸਮਾਜ ਲਈ ਮਾਰੂ ਹਨ, ਜਿਸ ਨਾਲ ਸਮਾਜ ਦਾ ਕਿਸੇ ਵੀ ਪੱਖੋਂ ਵਿਕਾਸ ਸੰਭਵ ਨਹੀਂ। ਉਹਨਾਂ ਕਿਹਾ ਬੱਚਿਆਂ ਨੂੰ ਧਰਮ ਨਾਲ ਜੋੜਨ ਦਾ ਕੰਮ ਹਰ ਪਰਿਵਾਰ, ਪੰਚਾਇਤ ਤੇ ਸਕੂਲ ਦਾ ਹੋਣਾ ਲਾਜਮੀ ਹੈ। ਜੋ ਮੈਡੀਕਲ ਨਸ਼ਿਆਂ ਦੇ ਆਦੀ ਹਨ ਉਨਾਂ ਨੂੰ ਇਨਾਂ ਨਸ਼ਿਆਂ ਤੋਂ ਹਟਾਉਣਾ ਸਮੇਂ ਦੀ ਲੋੜ ਹੈ। ਇਨ੍ਹਾਂ ਨਸ਼ਿਆਂ ਦਾ ਪੂਰਨ ਤੌਰ 'ਤੇ ਖਾਤਮਾ ਕਰਕੇ ਅਫੀਮ ਦੀ ਖੇਤੀ ਨੂੰ ਪੰਜਾਬ ਵਿੱਚ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ। ਇਸ ਨਾਲ ਨੌਜਵਾਨੀ ਨਸ਼ਿਆਂ ਦੇ ਦਰਿਆ ਵਿੱਚ ਡੁੱਬਣ ਤੋਂ ਬਚੇਗੀ ਤੇ ਪੰਜਾਬ ਦੀ ਆਰਥਿਕ ਸਥਿਤੀ 'ਚ ਸਪੱਸ਼ਟ ਸੁਧਾਰ ਹੁੰਦਾ ਨਜਰ ਆਏਗਾ। ਅਫੀਮ ਦੀ ਵਰਤੋਂ ਪੁਰਾਤਨ ਸਮੇਂ ਜੁਕਾਮ, ਖੰਘ ਤੋਂ ਨਿਜਾਤ ਪਾਉਣ ਲਈ ਕੀਤਾ ਜਾਂਦਾ ਸੀ। ਮੌਜੂਦਾ ਸਮੇਂ 'ਚ ਦਵਾਈਆਂ 'ਚ ਵਰਤੋਂ ਕੀਤੀ ਜਾਂਦੀ ਹੈ। ਉਹਨਾਂ ਕਿਹਾ ਅਸਰ ਵਿੱਚ ਇਸ ਸੰਬਧੀ ਬੋਲਣ ਤੋਂ ਗੁਰੇਜ ਕਰਦੇ ਹਨ, ਪਰ ਸੱਚਾਈ ਇਹ ਹੈ ਕਿ ਬਹੁਤੇ ਲੋਕ ਇਸ ਦੀ ਵਰਤੋਂ ਕਰਦੇ ਹਨ।

## ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ 'ਚ ਸੈਸ਼ਨ ਦੀ ਸਮਾਪਤੀ ਬੜੇ ਉਤਸ਼ਾਹ ਨਾਲ ਮਨਾਈ

**ਜਲੰਧਰ ( ਉਬੀ)** : ਸੇਂਟ ਸੋਲਜਰ ਪਬਲਿਕ ਸਕੂਲ ਵਿਖੇ ਸਕੂਲ ਦੇ ਨਿੱਕੇ-ਨਿੱਕੇ ਸਿਤਾਰਿਆਂ ਨੇ ਸੈਸ਼ਨ ਦੀ ਸਮਾਪਤੀ ਬੜੇ ਹੀ ਉਤਸ਼ਾਹ ਨਾਲ ਮਨਾਈ। ਅਧਿਆਪਕਾਂ ਨੇ ਵਿਦਿਆਰਥੀਆਂ ਲਈ ਮੋਟਰ ਗਤੀਵਿਧੀਆਂ ਕਰਵਾਈਆਂ ਗਈਆਂ। ਜਿਸ ਵਿੱਚ ਬਟਰਫਲਾਈ ਡਾਂਸ, ਹੁਲਾਹੂਪ ਪਾਸਿੰਗ ਅਤੇ ਹੋਰ ਬਹੁਤ ਸਾਰੀਆਂ ਸ਼ਾਮਲ ਸਨ। ਸਾਰੇ ਵਿਦਿਆਰਥੀਆਂ ਨੇ ਆਪਣਾ ਪੂਰਾ ਦਿਨ ਬੜੀ ਖੁਸ਼ੀ ਨਾਲ ਬਤੀਤ ਕੀਤਾ। ਇਸ ਸੈਸ਼ਨ ਵਿੱਚ ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਸਕੂਲ ਸਟਾਫ ਮੈਂਬਰਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਕਿੰਡਰਗਾਰਟਨ ਦੇ ਬੱਚੇ ਆਤਮਵਿਸ਼ਵਾਸ ਨਾਲ ਭਰਪੂਰ, ਸੰਸਾਧਨ ਅਤੇ ਸਿੱਖਣ ਲਈ ਉਤਸੁਕ ਹਨ ਤੇ ਉਹ ਦੁਨੀਆ ਦੇ ਸਭ ਤੋਂ ਕੀਮਤੀ ਸਰੋਤ ਹਨ ਅਤੇ ਭਵਿੱਖ ਲਈ ਸਭ ਤੋਂ ਵਧੀਆ ਉਮੀਦ ਹਨ। ਇਸ ਦ੍ਰਿਸ਼ਟੀਕੋਣ ਨੂੰ ਮੁੱਖ ਰੱਖਦਿਆਂ ਉਨ੍ਹਾਂ ਸਕੂਲ ਸਟਾਫ ਨੂੰ ਭਵਿੱਖ ਵਿੱਚ ਵੀ ਅਜਿਹੀਆਂ ਗਤੀਵਿਧੀਆਂ ਕਰਵਾਉਣ ਲਈ ਪ੍ਰੇਰਿਤ ਕੀਤਾ।

## ਬਲਾਕ ਮਾਜਰੀ ਦੇ ਸਿੱਖਿਆ ਅਧਿਕਾਰੀ ਦੀਆਂ ਅਣਗਹਿਲੀਆਂ ਤੋਂ ਅਧਿਆਪਕ ਪ੍ਰੇਸ਼ਾਨ

**ਮੋਹਾਲੀ (ਗੁਰਜੀਤ ਬਿੱਲਾ)** ਬਲਾਕ ਮਾਜਰੀ ਦੇ ਬਲਾਕ ਪ੍ਰਾਇਮਰੀ ਸਿੱਖਿਆ ਅਧਿਕਾਰੀ ਦੇ ਅਧਿਆਪਕ ਮਸਲਿਆਂ ਸੰਬੰਧੀ ਅਣਗਹਿਲੀ ਵਾਲੇ ਵਤੀਰੇ ਦੇ ਚੱਲਦੇ ਸਬੰਧਤ ਬਲਾਕ ਦੇ ਪ੍ਰਾਇਮਰੀ ਅਧਿਆਪਕ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਇਸ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸਾਬਕਾ ਪ੍ਰੈਸ ਸਕੱਤਰ ਹਰਨੇਕ ਸਿੰਘ ਮਾਵੀ ਨੇ ਦੱਸਿਆ ਕਿ ਸਬੰਧਤ ਬਲਾਕ ਦੇ ਪਿੰਡ ਪੈਂਤਪੁਰ ਦੇ ਪ੍ਰਾਇਮਰੀ ਸਕੂਲ ਦੀ ਅਧਿਆਪਿਕਾ ਸਵੀਨਾ ਮਹਾਜਨ ਦਾ ਐਲ ਟੀ ਸੀ ਦਾ ਬਿੱਲ ਬਲਾਕ ਮਾਜਰੀ ਦੇ ਦੇ ਦਫਤਰ ਵਿਖੇ ਜੁਲਾਈ 2021 ਦਾ ਰੁਲ ਰਿਹਾ ਹੈ, ਇੱਥੇ ਹੀ ਬੱਸ ਨਹੀਂ ਸਬੰਧਤ ਅਧਿਆਪਕਾ ਦੇ ਛੇਵੇਂ ਤਨਖਾਹ ਕਮਿਸ਼ਨ ਦੇ ਬਕਾਏ ਦਾ ਤਰੁੱਟੀ ਬਿੱਲ ਵੀ ਪੈਡਿੰਗ ਹੈ। ਸਾਬਕਾ ਅਧਿਆਪਕ ਆਗੂ ਹਰਨੇਕ ਮਾਵੀ ਨੇ ਦੱਸਿਆ ਕਿ ਸਬੰਧਤ ਅਧਿਕਾਰੀ ਦੀ ਅਣਗਹਿਲੀ ਦੇ ਚੱਲਦੇ ਅਜੇ ਤੱਕ ਬਲਾਕ ਮਾਜਰੀ ਦੇ ਪ੍ਰਾਇਮਰੀ ਅਧਿਆਪਕ ਫਰਵਰੀ ਮਹੀਨੇ ਦੀ ਤਨਖਾਹ ਤੋਂ ਵੀ ਵਾਂਝੇ ਹਨ। ਅਧਿਆਪਕ ਆਗੂ ਨੇ ਕਿਹਾ ਕਿ ਉਪਰੋਕਤ ਉਦਾਹਰਣਾਂ ਬਲਾਕ ਪ੍ਰਾਇਮਰੀ ਸਿੱਖਿਆ ਅਧਿਕਾਰੀ ਮਾਜਰੀ ਦੇ ਅਧਿਆਪਕ ਮਸਲਿਆਂ ਪ੍ਰਤੀ ਅਣਗਹਿਲੀ ਭਰੇ ਵਤੀਰੇ ਦੀਆਂ ਮਹਿਜ ਉਦਾਹਰਣਾਂ ਹਨ, ਜੇਕਰ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਸਬੰਧਤ ਦਫਤਰ ਵਿਖੇ ਅਧਿਆਪਕ ਵਰਗ ਦੇ ਪੈਡਿੰਗ ਮਸਲਿਆਂ ਦੀ ਬਰੀਕੀ ਨਾਲ ਜਾਂਚ ਕੀਤੀ ਜਾਵੇ, ਤਾਂ ਬਿਨਾਂ ਸ਼ੱਕ ਵੱਡੀ ਗਿਣਤੀ ਵਿੱਚ ਮਸਲੇ ਬਕਾਇਦਾ ਮਿਲਣਗੇ। ਅੰਤ ਵਿੱਚ ਹਰਨੇਕ ਸਿੰਘ ਮਾਵੀ ਨੇ ਸਬੰਧਤ ਅਧਿਕਾਰੀ ਦੇ ਇਸ ਅਧਿਆਪਕ ਮਾਰੂ ਵਤੀਰੇ ਦੀ ਤਿੱਖੇ ਸਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਜੇਕਰ ਸਿੱਖਿਆ ਮੰਤਰੀ ਪੰਜਾਬ ਤੇ ਵਿਭਾਗੀ ਉੱਚ ਅਧਿਕਾਰੀਆਂ ਵੱਲੋਂ ਇਸ ਅਧਿਕਾਰੀ ਤੋਂ ਤੁਰੰਤ ਅਧਿਆਪਕ ਵਰਗ ਦੇ ਬਕਾਇਦਾ ਮਸਲੇ ਹੱਲ ਨਾ ਕਰਵਾਏ ਤਾਂ ਪੀੜਤ ਅਧਿਆਪਕ ਇਸਦੇ ਖਿਲਾਫ ਜਥੇਬੰਧਕ ਤੇ ਕਾਨੂੰਨੀ ਰਾਹ ਅਪਣਾਉਣ ਤੋਂ ਗੁਰੇਜ ਨਹੀਂ ਕਰਨਗੇ।

# ਗਲਤ ਬਿੱਲ ਜਾਰੀ ਕਰਨ 'ਤੇ ਵਿਕਰੇਤਾਵਾਂ ਨੂੰ 5 ਕਰੋੜ ਰੁਪਏ ਤੋਂ ਵੱਧ ਦਾ ਜੁਰਮਾਨਾ : ਚੀਮਾ



**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਦੇ ਵਿੱਤ ਯੋਜਨਾ ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਇਥੇ 'ਬਿੱਲ ਇਨਾਮ ਪਾਓ' ਸਕੀਮ ਤਹਿਤ ਗਲਤ ਬਿੱਲ ਜਾਰੀ ਕਰਨ ਵਾਲੇ ਵਿਕਰੇਤਾਵਾਂ ਵਿਰੁੱਧ ਕੀਤੀ ਗਈ ਅਹਿਮ ਕਾਰਵਾਈ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਗਲਤ ਬਿੱਲ ਜਾਰੀ ਕਰਨ ਲਈ ਸਬੰਧਤ ਵਿਕਰੇਤਾਵਾਂ 'ਤੇ ਕੁੱਲ 5.16 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਗਿਆ ਹੈ, ਜਿਸ ਵਿੱਚੋਂ 4.01 ਕਰੋੜ ਰੁਪਏ ਦਾ ਵੱਡਾ ਹਿੱਸਾ ਵਸੂਲਿਆ ਜਾ ਚੁੱਕਾ ਹੈ, ਜੋ ਕਿ ਕਰ ਪਾਲਣਾ ਅਤੇ ਪਾਰਦਰਸਤਾ ਨੂੰ ਉਤਸਾਹਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਦਿਸ਼ਾ ਵਿੱਚ ਇੱਕ ਮੀਲ ਪੱਥਰ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ 'ਬਿੱਲ ਲਿਆਓ ਇਨਾਮ ਪਾਓ' ਸਕੀਮ ਦੀ ਸਫਲਤਾ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਹੁਣ ਤੱਕ ਇਸ ਯੋਜਨਾ ਵਿੱਚ ਹਿੱਸਾ ਲੈਣ ਵਾਲੇ 1403 ਜੇਤੂਆਂ ਨੂੰ 56.58 ਲੱਖ ਰੁਪਏ ਦੇ ਇਨਾਮ ਦਿੱਤੇ ਜਾ ਚੁੱਕੇ ਹਨ। ਵਿੱਤ ਮੰਤਰੀ ਨੇ ਅੱਗੇ ਦੱਸਿਆ ਕਿ ਐਪ 'ਤੇ ਅਪਲੋਡ ਕੀਤੇ ਗਏ 65,443 ਬਿੱਲਾਂ 'ਚੋਂ 1,512 ਬਿੱਲਾਂ ਦੀ ਗੜਬੜੀ ਲਈ ਸਬੰਧਤ ਵਿਕਰੇਤਾਵਾਂ ਨੂੰ ਨੋਟਿਸ ਜਾਰੀ ਕੀਤੇ ਗਏ ਸਨ ਅਤੇ ਇਨ੍ਹਾਂ 'ਚੋਂ 642 ਨੋਟਿਸਾਂ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਹ ਵੀ ਸਪੱਸ਼ਟ ਕੀਤਾ ਕਿ ਪੈਟਰੋਲੀਅਮ ਉਤਪਾਦਾਂ (ਕੱਚਾ ਤੇਲ, ਪੈਟਰੋਲ, ਡੀਜਲ, ਹਵਾਬਾਜੀ ਟਰਬਾਈਨ ਫਿਊਲ ਅਤੇ ਕੁਦਰਤੀ ਗੈਸ), ਸ਼ਰਾਬ, ਰਾਜ ਤੋਂ ਬਾਹਰ ਦੀ ਖਰੀਦਦਾਰੀ ਅਤੇ ਵਪਾਰ ਤੋਂ ਵਪਾਰ ਵਿੱਚ ਦੇ ਲੈਣ-ਦੇਣ ਦੇ ਬਿੱਲ ਇਸ ਸਕੀਮ ਲਈ ਯੋਗ ਨਹੀਂ ਹਨ। ਉਨ੍ਹਾਂ ਕਿਹਾ ਕਿ ਡਰਾਅ ਲਈ ਸਿਰਫ ਪਿਛਲੇ ਮਹੀਨੇ ਦੇ ਅੰਦਰ ਖਰੀਦੀਆਂ ਗਈਆਂ ਖਰੀਦਾਂ ਦੇ ਬਿੱਲਾਂ 'ਤੇ ਵਿਚਾਰ ਕੀਤਾ ਜਾਂਦਾ ਹੈ ਤਾਂ ਜੋ ਸਕੀਮ ਦੀ ਨਿਰਪੱਖਤਾ ਅਤੇ ਪ੍ਰਭਾਵ ਨੂੰ ਯਕੀਨੀ ਬਣਾਇਆ ਜਾ ਸਕੇ।

# ਖੜਿਆਲਾ ਵਿਖੇ ਪ੍ਰਕਾਸ਼ ਪੁਰਬ ਸੰਬੰਧੀ ਕਰਵਾਇਆ ਸਾਲਾਨਾ ਸਮਾਗਮ



**ਅੱਡਾ ਸਰਾਂ , (ਕਾਜਲ)**-ਪਿੰਡ ਖੜਿਆਲਾ (ਮਿਰਜ਼ਾਪੁਰ) ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਸੰਬੰਧੀ ਸਮਾਗਮ ਕਰਵਾਇਆ ਗਿਆ। 2 ਦਿਨਾ ਇਸ ਸਮਾਗਮ ਦੇ ਪਹਿਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਸਜਾਇਆ ਗਿਆ ਜੋ ਪਿੰਡ ਦੀ ਪਰਿਕਰਮਾ ਕਰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਵਿਖੇ ਸੰਪੰਨ ਹੋਇਆ। ਸਮਾਗਮ ਦੇ ਦੂਸਰੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਹੋਏ ਕੀਰਤਨ ਦਰਬਾਰ ਵਿਚ ਭਾਈ ਜਸਵਿੰਦਰ ਸਿੰਘ ਬਡਿਆਲ, ਭਾਈ ਸੁਖਵਿੰਦਰ ਸਿੰਘ ਉਡਰੇ ਵਾਲੇ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕਰਦਿਆਂ ਗੁਰੂ ਸਾਹਿਬ ਵੱਲੋਂ ਦਰਸਾਏ ਮਹਾਰਾਜ ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਧਾਨ ਜਸਵੀਰ ਸਿੰਘ, ਸੰਦੀਪ ਸਿੰਘ, ਨਿਰਮਲ ਸਿੰਘ, ਅਵਤਾਰ ਸਿੰਘ, ਬਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਭਾਈ ਅਵਤਾਰ ਸਿੰਘ, ਸਤਨਾਮ ਸਿੰਘ ਨੰਬਰਦਾਰ, ਸਰਪੰਚ ਸਰਬਜੀਤ ਕੌਰ, ਰੂਪ ਲਾਲ, ਹਰਵਿੰਦਰ ਸਿੰਘ, ਵਿਸਾਖਾ ਸਿੰਘ, ਬਲਵੀਰ ਸਿੰਘ, ਰਾਮ ਚੰਦ, ਟੇਲਰ ਮਾ, ਸੁਰਿੰਦਰ ਸਿੰਘ, ਸਤਨਾਮ ਸਿੰਘ ਨੰਬਰਦਾਰ, ਜਸਵੀਰ ਸਿੰਘ, ਸਾਬਕ ਸਰਪੰਚ ਰਾਮ ਚੰਦ, ਗੁਰਦਿਆਲ ਸਿੰਘ, ਕੁਲਦੀਪ ਸਿੰਘ, ਦਿਲਬਾਗ ਸਿੰਘ, ਕੁਲਬੀਰ ਸਿੰਘ, ਡਾ. ਭਿੰਦਾ, ਡਾ. ਗੁਰਵਿੰਦਰ ਸਿੰਘ ਤੇ ਹੋਰ ਸੰਗਤਾਂ ਮੌਜੂਦ ਸਨ।

# ਬਿਊਰੋ ਆਫ਼ ਇੰਡੀਅਨ ਸਟੈਂਡਰਡ ਨੇ ਓਰੀਐਂਟਲ ਪ੍ਰੋਗਰਾਮ ਕਰਵਾਇਆ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਬਿਊਰੋ ਆਫ਼ ਇੰਡੀਅਨ ਸਟੈਂਡਰਡ ਚੰਡੀਗੜ੍ਹ ਬ੍ਰਾਂਚ ਦਫ਼ਤਰ ਨੇ 15 ਮਾਰਚ ਨੂੰ ਮਨਾਏ ਜਾਣ ਵਾਲੇ ਵਿਸ਼ਵ ਖਪਤਕਾਰ ਅਧਿਕਾਰ ਦਿਵਸ ਸਬੰਧੀ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਦੀ ਲੜੀ ਤਹਿਤ ਪੰਡਤ ਜਗਤ ਰਾਮ ਸਰਕਾਰੀ ਬਹੁਤਕਨੀਕੀ ਕਾਲਜ ਹੁਸ਼ਿਆਰਪੁਰ ਵਿਚ 'ਮਾਨਕ ਮਿੱਤਰ ਫਾਰ ਯੂਥ-ਟੂ-ਯੂਥ ਕੁਆਲਿਟੀ ਕਨੈਕਟ' ਅਭਿਆਨ ਲਈ ਓਰੀਐਂਟਲ ਪ੍ਰੋਗਰਾਮ ਕਰਵਾਇਆ। ਪੰਡਿਤ ਜਗਤਰਾਮ ਬਹੁਤਕਨੀਕੀ ਕਾਲਜ ਹੁਸ਼ਿਆਰਪੁਰ ਵਿਖੇ ਕੁੱਲ 100 ਵਲੰਟੀਅਰਾਂ ਨੇ ਇਸ ਗਤੀਵਿਧੀ ਵਿਚ ਹਿੱਸਾ ਲਿਆ। ਇਸ ਦੌਰਾਨ ਵਿਗਿਆਨਕ ਹਰਸ਼ ਸੋਨਕਰ ਨੇ ਪੇਸ਼ਕਾਰੀ ਦਿੰਦਿਆਂ ਬੀ.ਆਈ.ਐਸ ਅਤੇ ਇਸ ਦੀਆਂ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ, ਜਿਸ ਵਿਚ ਸਟੈਂਡਰਡ ਫਾਰਮੂਲੇਸ਼ਨ, ਸਰਟੀਫਿਕੇਟ ਸਕੀਮਾਂ, ਆਪਣੇ ਸਟੈਂਡਰਡ ਤੋਂ ਜਾਣੂ ਹੋਣ, ਮਿਆਰਾਂ ਦਾ ਕੈਟਾਲਾਗ, ਲਾਜ਼ਮੀ ਪ੍ਰਮਾਣੀਕਰਨ ਦੇ ਉਤਪਾਦ, ਬੀ.ਆਈ ਐਸ ਵੈਬਸਾਈਟ 'ਤੇ ਨੇਵੀਗੇਸ਼ਨ ਅਤੇ ਬੀ.ਆਈ.ਐਸ ਗੱਲਬਾਤ ਵਿਸ਼ਿਆਂ ਨੂੰ ਕਵਰ ਕੀਤਾ। ਇਸ ਤੋਂ ਇਲਾਵਾ ਕੁਆਲਟੀ ਕੂਲੈਕਟ ਐਡ ਦੀ ਜਾਣ-ਪਹਿਚਾਣ, ਬੀ.ਆਈ.ਐਸ ਦੀਆਂ ਗਤੀਵਿਧੀਆਂ 'ਤੇ ਛੋਟੇ ਵੀਡੀਓਜ ਰਾਹੀਂ ਜਾਣ-ਪਹਿਚਾਣ, ਆਮ ਘਰੇਲੂ ਉਤਪਾਦਾਂ ਬਾਰੇ ਜਾਣਕਾਰੀ ਅਤੇ ਆਈ.ਐਸ.ਆਈ ਮਾਰਕ, ਰਜਿਸਟਰੇਸ਼ਨ ਮਾਰਕ ਅਤੇ ਹਾਲਮਾਰਕ ਤੋਂ ਉਨ੍ਹਾਂ ਦੀ ਉਪਲਬੱਧਤਾ, ਬੀ.ਆਈ.ਐਸ ਕੇਅਰ ਐਪ ਦੀਆਂ ਵਿਸ਼ੇਸ਼ਤਾਵਾਂ ਪ੍ਰਮਾਣਤ ਉਤਪਾਦਾਂ ਅਤੇ ਸੋਨੇ ਦੇ ਗਹਿਣਿਆਂ ਦੀ ਅਸਲੀਅਤ ਨਿਰਧਾਰਤ ਕਰਨ ਲਈ ਇਸ ਦੇ ਪ੍ਰਯੋਗ ਪ੍ਰਦਰਸ਼ਨ ਦੇ ਨਾਲ-ਨਾਲ ਆਨਲਾਈਨ ਸ਼ਿਕਾਇਤ ਪ੍ਰਬੰਧਨ ਪ੍ਰਣਾਲੀ ਸਮੇਤ ਸ਼ਿਕਾਇਤ ਨਿਵਾਰਣ ਵਿਧੀ ਤੋਂ ਵੀ ਜਾਣੂ ਕਰਵਾਇਆ। ਕਾਲਜ ਪ੍ਰਿੰਸੀਪਲ ਰਾਜੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ 'ਯੂਥ-ਟੂ-ਯੂਥ ਕੁਆਲਿਟੀ ਕਨੈਕਟ' ਅਭਿਆਨ ਲਈ ਮੌਕਾ ਦੇਣ ਲਈ ਬੀ.ਆਈ.ਐਸ ਦਾ ਧੰਨਵਾਦ ਵੀ ਕੀਤਾ। ਇਸ ਦੌਰਾਨ ਐਪਲਾਈਡ ਸਾਇੰਸ ਦੀ ਮੁਖੀ ਅਰਚਨਾ ਸ਼ਰਮਾ, ਸੀਨੀਅਰ ਲੈਕਚਰਾਰ ਮਕੈਨੀਕਲ ਇੰਜੀਨੀਅਰਿੰਗ ਮੁਨੀਸ਼ ਕਪਲਿਸ਼, ਸੀਨੀਅਰ ਲੈਕਚਰਾਰ ਸਿਵਲ ਇੰਜੀਨੀਅਰਿੰਗ ਸਵਰਨ ਸਿੰਘ, ਲੈਕਚਰਾਰ ਕੈਮੀਕਲ ਇੰਜੀਨੀਅਰਿੰਗ ਪੰਕਜ ਚਾਵਲਾ, ਲੈਕਚਰਾਰ ਵਿਸ਼ਾਲ ਅੰਗੁਰਾਨਾ ਤੋਂ ਇਲਾਵਾ ਕਾਲਜ ਦਾ ਹੋਰ ਸਟਾਫ ਵੀ ਮੌਜੂਦ ਸੀ।

# ਗੋ ਹੈਲਦੀ ਪੈਟ ਵੈਟ ਕਲੀਨਿਕ ਦਾ ਸ਼ੁੱਭ ਆਰੰਭ



**ਫਗਵਾੜਾ (ਡਾ. ਰਮਨ)** ਫਗਵਾੜਾ ਦੇ ਖੋਥੜਾਂ ਰੋਡ ਨਜਦੀਕ ਜੋਗਿੰਦਰ ਨਗਰ ਵਿਖੇ ਗੋ ਹੈਲਦੀ ਪੈੱਟ ਵੈੱਟ ਕਲੀਨਿਕ ਦਾ ਉਦਘਾਟਨ ਗੋ ਹੈਲਦੀ ਦੇ ਫਾਉਂਡਰ ਅਨੂਪ ਆਹਲੂਵਾਲੀਆ ਵਲੋਂ ਕੀਤਾ ਗਿਆ। ਉਦਘਾਟਨ ਦੀ ਰਸਮ ਉਪਰੰਤ ਫਰੀ ਕੈਂਪ ਵੀ ਲਗਾਇਆ ਗਿਆ।

ਜਿਸ ਵਿਚ ਡਾਗ ਸਪੈਸ਼ਲਿਸਟ ਡਾ. ਦੀਪੇਸ਼ ਦੀ ਦੇਖਰੇਖ ਹੇਠ ਪਾਲਤੂ ਕੁੱਤਿਆਂ ਨੂੰ ਐਂਟੀ ਰੈਬਿਸ਼ ਵੈਕਸੀਨ, ਐਂਟੀ ਟਿਕਸ ਇੰਜੈਕਸ਼ਨ ਲਗਾਏ ਗਏ। ਇਸ ਤੋਂ ਇਲਾਵਾ ਨਾਖੁਨ ਕੱਟਣ ਤੇ ਕੰਨਾਂ ਦੀ ਸਫਾਈ ਵੀ ਕੈਂਪ ਦੌਰਾਨ ਬਿਲਕੁਲ ਫਰੀ ਕੀਤੀ ਗਈ। ਡਾ. ਦੀਪੇਸ਼ ਨੇ ਦੱਸਿਆ ਕਿ ਇਸ ਕਲੀਨਿਕ ਵਿਚ ਵਧੀਆ ਤੇ ਸਸਤੇ ਇਲਾਜ ਦਾ ਪ੍ਰਬੰਧ ਕੀਤਾ ਗਿਆ ਹੈ। ਉਹਨਾਂ ਸਮੂਹ ਇਲਾਕਾ ਨਿਵਾਸੀਆਂ ਨੂੰ ਪੁਰਜੋਰ ਅਪੀਲ ਕੀਤੀ ਕਿ ਸਮੇਂ-ਸਮੇਂ 'ਤੇ ਪਾਲਤੂ ਜਾਨਵਰਾਂ ਦਾ ਚੈਕਅੱਪ ਕਰਵਾਇਆ ਜਾਣਾ ਚਾਹੀਦਾ ਹੈ।

ਇਸ ਮੌਕੇ ਹਿਤੇਸ਼ ਆਹਲੂਵਾਲੀਆ, ਦਨਵੀਰ ਆਹਲੂਵਾਲੀਆ ਤੋਂ ਇਲਾਵਾ ਡਾ. ਐਸ.ਪੀ.ਐਸ. ਸੂਚ, ਸਿਟੀ ਕੇਬਲ ਦੇ ਡਾਇਰੈਕਟਰ ਐਚ ਐਸ ਬਸਰਾ, ਸਪਰਸ਼ ਬਖਸ਼ੀ, ਡਾ. ਦੁਰਗਾ ਪ੍ਰਤਾਪ, ਸ੍ਰੀਮਤੀ ਅਨੀਤਾ, ਮੁਦਿਤ ਦੀਵਾਨ ਫਿਲੌਰ, ਡਾ. ਹਰਜੀਤ ਤੇ ਕੋਚ ਰਵਿੰਦਰ ਨਾਥ ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ।

# ਬਲੱਡ ਬੈਂਕ ਵਿਖੇ ਮਨਾਇਆ ਅੰਤਰ-ਰਾਸ਼ਟਰੀ ਮਹਿਲਾ ਦਿਵਸ



**ਫਗਵਾੜਾ (ਡਾ. ਰਮਨ)** ਸਥਾਨਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਉਦਯੋਗਪਤੀ ਕੇ ਕੇ ਸਰਦਾਨਾ ਦੀ ਸਰਪ੍ਰਸਤੀ ਹੇਠ ਚਲ ਰਹੇ ਬਲੱਡ ਬੈਂਕ ਵਿਖੇ ਅੰਤਰ-ਰਾਸ਼ਟਰੀ ਮਹਿਲਾ ਦਿਵਸ ਮੌਕੇ ਨਵੀਂ ਬਣੀ ਜੱਜ ਰਵਿੰਦਰ ਰਾਏ (ਪੀ ਸੀ ਐਸ) ਨੂੰ ਸਨਮਾਨਤ ਕਰਨ ਲਈ ਇਕ ਸਮਾਗਮ ਦਾ ਆਯੋਜਨ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖ ਰੇਖ ਹੇਠ ਕੀਤਾ ਗਿਆ। ਇਸ ਦੌਰਾਨ ਰਵਿੰਦਰ ਰਾਏ ਬਾਰੇ ਚਾਨਣਾ ਪਾਉਂਦੇ ਹੋਏ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਫਗਵਾੜਾ ਦੇ ਨਜਦੀਕੀ ਪਿੰਡ ਭੁੱਲਾਰਾਈ ਦੇ ਇੱਕ ਸਧਾਰਣ ਪਰਵਾਰ ਦੀ ਬੇਟੀ ਰਵਿੰਦਰ ਰਾਏ ਨੇ ਆਪਣੀ ਮੁਢਲੀ ਸਿੱਖਿਆ ਭੁੱਲਾਰਾਈ ਸਕੂਲ ਤੋਂ ਪ੍ਰਾਪਤ ਕੀਤੀ। ਫਿਰ ਗੁਰੂ ਰਵਿਦਾਸ ਸਕੂਲ ਫਗਵਾੜਾ ਤੋਂ ਸੈਕੰਡਰੀ ਸਿੱਖਿਆ ਪ੍ਰਾਪਤ ਕਰਨ ਉਪਰੰਤ ਖਾਲਸਾ ਕਾਲਜ ਜਲੰਧਰ ਤੋਂ ਐਲ ਐਲ ਬੀ ਦੀ ਡਿਗਰੀ ਹਾਸਲ ਕੀਤੀ। ਉਪਰੰਤ ਇਸੇ ਸਾਲ ਪੀ ਸੀ ਐਸ (ਜੁਡੀਸ਼ੀਅਲ) ਪ੍ਰੀਖਿਆ ਪਾਸ ਕਰਕੇ ਜੱਜ ਬਣੀ ਹੈ। ਪਿੰਡ ਵਿਚ ਉਹ ਪਹਿਲੀ ਲੜਕੀ ਹੈ ਜਿਸਨੇ ਵਕਾਲਤ ਦੀ ਪੜ੍ਹਾਈ ਅਤੇ ਪੀ ਸੀ ਐਸ ਦੀ ਪ੍ਰੀਖਿਆ ਪਾਸ ਕੀਤੀ ਹੈ। ਸਮਾਗਮ ਦੌਰਾਨ ਸਮਾਜ ਸੇਵੀ ਜੇਸੀਜ, ਰੋਟਰੀ, ਲਾਇਨਜ ਕਲੱਬਾਂ ਤੋਂ ਇਲਾਵਾ ਫਗਵਾੜਾ ਇੰਨਵਾਇਰਨਮੈਂਟ ਐਸੋਸੀਏਸ਼ਨ, ਸੀਨੀਅਰ ਸਿਟੀਜਨ ਕੌਂਸਲ, ਸਿਟੀਜਨ ਵੈਲਫੇਅਰ ਸੁਸਾਇਟੀ, ਉਡਿਆਨ ਸ਼ਾਲਨੀ ਫੈਡਰੇਸ਼ਨ, ਸਿਟੀਜਨ ਰਾਈਟਸ ਫੋਰਮ, ਡਿਵਾਈਨ ਏਂਜਲਸ ਵੈਲਫੇਅਰ ਸੁਸਾਇਟੀ, ਬ੍ਰਹਮ ਕੁਮਾਰੀ ਈਸ਼ਵਰੀਯ ਵਿਸ਼ਵ ਵਿਦਿਆਲਿਆ ਅਤੇ ਬਲੱਡ ਬੈਂਕ ਵਲੋਂ ਸਾਂਝੇ ਤੌਰ ਤੇ ਜੱਜ ਰਵਿੰਦਰ ਰਾਏ (ਪੀ.ਸੀ.ਐਸ.) ਨੂੰ ਪ੍ਰਾਈਡ ਆਫ ਫਗਵਾੜਾ ਅਵਾਰਡ ਨਾਲ ਨਵਾਜਿਆ ਗਿਆ। ਇਸ ਮੌਕੇ ਜੀ.ਆਰ.ਡੀ. ਕਾਲਜ ਦੇ ਡਾਇਰੈਕਟਰ (ਐਜੂਕੇਸ਼ਨ) ਮੈਡਮ ਨੀਲਮ ਸੇਠੀ, ਪ੍ਰਿੰਸੀਪਲ ਗੁਰਜੀਤ ਕੌਰ, ਬ੍ਰਹਮਕੁਮਾਰੀ ਭੈਣ ਸੋਨੀਆ ਸੋਨੀ, ਸੁਮਨ ਦੀਦੀ, ਵਿਜੈ ਦੀਦੀ ਨੇ ਜੱਜ ਰਵਿੰਦਰ ਰਾਏ ਨੂੰ ਸ਼ੁੱਭ ਇੱਛਾਵਾਂ ਦਿੱਤੀਆਂ। ਸਮਾਗਮ ਦੌਰਾਨ ਕਾਲਜ ਵਿਦਿਆਰਥਣਾਂ ਮੁਸਕਾਨ ਵਿਜ ਅਤੇ ਮੀਨਾਕਸ਼ੀ ਨੇ ਖੂਬਸੂਰਤ ਕਵਿਤਾ ਰਾਹੀਂ ਸਮਾਜ ਵਿਚ ਨਾਰੀ ਨਾਲ ਹੋ ਰਹੀਆਂ ਵਧੀਕੀਆਂ ਦਾ ਜਿਕਰ ਕੀਤਾ। ਸਮਾਗਮ ਦੌਰਾਨ 30 ਵਿਦਿਆਰਥਣਾਂ ਨੂੰ ਕਪੜੇ ਸੂਟ ਭੇਟ ਕੀਤੇ ਗਏ। ਸਮਾਗਮ ਦੌਰਾਨ ਕੋਨਿਕਾ ਰਿਜੋਰਟ ਦੇ ਮਾਲਕ ਰਾਕੇਸ਼ ਚਾਵਲਾ ਦੀ ਧਰਮ ਪਤਨੀ ਸੀਮਾ ਚਾਵਲਾ ਨੇ ਮਹਿਲਾ ਦਿਵਸ ਨੂੰ ਸਮਰਪਿਤ ਕਰਕੇ ਆਪਣਾ ਖੂਨ ਦਾਨ ਕੀਤਾ।

ਇਸ ਮੌਕੇ ਰਵਿੰਦਰ ਚੋਟ, ਟੀ.ਡੀ. ਚਾਵਲਾ, ਨਵਿਤਾ ਛਾਬੜਾ, ਸੰਗੀਤਾ ਧੀਰ, ਨੀਰੂ ਗਰੋਵਰ, ਕ੍ਰਿਸ਼ਨ ਕੁਮਾਰ, ਤਾਰਾ ਚੰਦ ਚੁੰਬਰ, ਹਕੂਮਤ ਰਾਏ, ਏ.ਐਸ. ਕੋਛੜ, ਰਵਿੰਦਰ ਸਾਹਨੀ, ਵਿਸ਼ਵਾ ਮਿੱਤਰ ਸ਼ਰਮਾ, ਮੋਹਨ ਲਾਲ ਤਨੇਜਾ, ਪ੍ਰਿਥਵੀ ਰਾਜ ਮੈਨੇਜਰ, ਰੂਪ ਲਾਲ, ਦੇਵਰਾਜ, ਜਸਵੰਤ ਰਾਏ, ਜੁਗਲ ਭਨੋਟ, ਬੀ.ਐਮ.ਪੁਰੀ, ਸ਼ੀਤਲ ਕੋਹਲੀ, ਵੀਨੂੰ ਪੁਰੀ, ਲਖਵੀਰ ਸਿੰਘ, ਅਵਿਨਾਸ਼ ਛਾਬੜਾ, ਰਮਨ ਨਹਿਰਾ, ਸੁਧਾ ਬੇਦੀ, ਗੁਰਜੀਤ ਸਿੰਘ ਘਟੌੜਾ, ਸੁਧੀਰ ਸ਼ਰਮਾ, ਰਾਕੇਸ਼ ਵਡੇਰਾ, ਐਸ.ਸੀ. ਚਾਵਲਾ, ਗੁਲਾਬ ਸਿੰਘ ਠਾਕੁਰ, ਰਵੀ ਕਾਂਤ ਸਹਿਗਲ, ਰਾਮ ਚੱਢਾ ਆਦਿ ਹਾਜ਼ਰ ਸਨ।

# ਰੁਜ਼ਗਾਰ ਮੇਲਾ ਅੱਜ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਜਿਲ੍ਹਾ ਰੁਜ਼ਗਾਰ ਤੇ ਕਾਰੋਬਾਰ ਬਿਊਰੋ ਰੂਪਨਗਰ ਵੱਲੋਂ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ 12 ਮਾਰਚ ਨੂੰ ਵਿਰਾਸਤ ਏ ਖਾਲਸਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਰੁਜਗਾਰ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਆਈ ਸੀ ਆਈ ਸੀ ਆਈ ਬੈਂਕ, ਐਕਸਿਸ ਬੈਂਕ, ਐਚ ਡੀ ਐਫ ਸੀ ਬੈਂਕ, ਅਲਿਨਾ ਆਟੋ, ਗੋਦਰੇਜ, ਭਾਰਤੀ ਏਅਰਟੈਲ, ਚੈਕਮੇਟ ਸਕਉਰਿਟੀ, ਸੋਡੀ ਮੈਨਪਾਵਰ, ਐਮ.ਜੀ.ਐਫ ਇੰਨਫਰਾਟੈਕ, ਏਰੀਅਲ ਟੈਲੀਕਾਮ, ਅਗਿਲੀ ਹਰਬਲ, ਭਾਰਤ ਫੈਨਐਨਸੀਅਲ, ਜੂਨੀਵਰਸਲ ਇੰਟਰਨੈਸ਼ਨਲ, ਪੀ.ਐਮ ਕਰੀਏਸ਼ਨ ਤੇ ਹੋਰ ਬਹੁਤ ਸਾਰੀਆਂ ਕੰਪਨੀਆਂ ਆਉਣਗੀਆਂ ਤੇ ਜਿਸ ਵਿਚ ਬੈਕਿੰਗ, ਟੈਲੀਕੋਮ, ਟੈਕਨੀਕਲ, ਕੰਪਨੀਆਂ ਵਰਗੇ ਅਦਾਰੇ ਰੁਜਗਾਰ ਮੇਲੇ ਵਿੱਚ ਸਾਮਿਲ ਹੋ ਰਹੇ ਹਨ। ਇਸ ਰੁਜਗਾਰ ਮੇਲੇ ਵਿੱਚ ਯੋਗਤਾ 10ਵੀਂ, 12ਵੀਂ ਤੇ ਪੋਸਟ ਗਰੇਜੂਏਸ਼ਨ ਤੱਕ ਐਮ ਬੀ ਏ ਅਤੇ ਹੁਨਰ ਸਿਖਲਾਈ, ਡਿਪਲੋਮਾ ਦੇ ਪ੍ਰਾਪਤ ਨੌਜਵਾਨਾਂ ਲਈ ਰੁਜਗਾਰ ਦੇ ਅਵਸਰ ਖੋਲ੍ਹੇ ਗਏ ਹਨ। ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਇਲਾਕੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਸਰਕਾਰ ਵੱਲੋਂ ਸਰਕਾਰੀ ਨੌਕਰੀਆਂ ਦੇ ਖੋਲ੍ਹੇ ਅਵਸਰ ਲਈ ਹਰ ਤਿਆਰੀ ਕਰਨ, ਇਸ ਦੇ ਨਾਲ ਹੀ ਉਨ੍ਹਾਂ ਦੀ ਯੋਗਤਾ ਅਨੁਸਾਰ ਜਿਹੜੇ ਮੌਕੇ ਉਨ੍ਹਾਂ ਨੂੰ ਇਨ੍ਹਾਂ ਕੰਪਨੀਆ, ਅਦਾਰਿਆਂ, ਸੰਸਥਾਵਾਂ ਵਿੱਚ ਮਿਲ ਰਹੇ ਹਨ, ਉਨ੍ਹਾਂ ਨੂੰ ਵੀ ਨਾ ਖੁੰਝਣ ਸਗੋਂ ਆਪਣੀ ਤਜਰਿਆਂ ਵਿੱਚ ਵਾਧਾ ਕਰਨ। ਉਨ੍ਹਾਂ ਨੇ ਕਿਹਾ ਕਿ ਜਿਲ੍ਹਾ ਰੁਜਗਾਰ ਤੇ ਕਾਰੋਬਾਰ ਬਿਊਰੋ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਵਿਸੇਸ਼ ਹੈਲਪ ਡੈਸਕ ਸਥਾਪਿਤ ਕਰਨ ਅਤੇ ਰੁਜਗਾਰ ਪ੍ਰਾਪਤ ਕਰਨ ਲਈ ਆਉਣ ਵਾਲੇ ਨੌਜਵਾਨਾਂ ਨੂੰ ਸਹੀ ਸੇਧ ਅਤੇ ਜਾਣਕਾਰੀ ਦੇਣ। ਉਨ੍ਹਾਂ ਨੇ ਕਿਹਾ ਕਿ ਨੋਜਵਾਨ ਆਪਣੇ ਰਜਿਊਮ ਅਤੇ ਸਰਟੀਫਿਕੇਟ ਸਮੇਤ ਜ਼ਰੂਰੀ ਦਸਤਾਵੇਜ ਆਪਣੇ ਨਾਲ ਲੈ ਕੇ ਆਉਣ ਇਹ ਰੁਜਗਾਰ 12 ਮਾਰਚ ਨੂੰ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਵਿਰਾਸਤ ਏ ਖਾਲਸਾ ਵਿਚ ਲੱਗੇਗਾ।

# ਮਾਂ ਬੋਲੀ ਦੇ ਹੱਕ 'ਚ ਡਟਣ ਦਾ ਹੋਕਾ ਦੇ ਗਿਆ ਪੰਜਾਬੀ ਸੱਥ ਬਰਵਾਲੀ ਦਾ ਸਾਲਾਨਾ ਸਮਾਗਮ




**ਸਮਰਾਲਾ (ਸੁਰਜੀਤ ਸਿੰਘ)**-ਪੰਜਾਬੀ ਸੱਥ ਬਰਵਾਲੀ ਵੱਲੋਂ 25ਵਾਂ ਸਾਲਾਨਾ ਸਾਹਿਤਕ ਸਮਾਗਮ ਪਿੰਡ ਬਰਵਾਲੀ ਦੀ ਸੱਥ ਵਿੱਚ ਕਰਵਾਇਆ ਗਿਆ।ਸਮਾਗਮ ਵਿੱਚ ਪੰਜਾਬ ਲੋਕ ਕਲਾ ਮੰਚ ਦੇ ਚੇਅਰਮੈਨ ਡਾ. ਲਖਵਿੰਦਰ ਜੌਹਲ ਮੁੱਖ ਮਹਿਮਾਨ ਵਜੋਂ ਪੁੱਜੇ।ਪ੍ਰਧਾਨਗੀ ਮੰਡਲ ਵਿੱਚ ਡਾ. ਪਰਮਿੰਦਰ ਸਿੰਘ ਬੈਨੀਪਾਲ, ਸੁਰਿੰਦਰ ਸਿੰਘ ਸੁੰਨੜ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ, ਜਦਕਿ ਡਾ. ਨਿਰਮਲ ਸਿੰਘ ਲਾਂਬੜਾ ਸਮਾਗਮ ਵਿੱਚ ਮੁੱਖ ਵਕਤਾ ਵਜੋਂ ਸ਼ਾਮਲ ਹੋਏ।ਸੱਥ ਦੇ ਮੁੱਖ ਨਿਗਰਾਨ ਗੁਰਦੀਪ ਸਿੰਘ ਕੰਗ ਬਰਵਾਲੀ, ਕਹਾਣੀਕਾਰ ਤੇਲੂ ਰਾਮ ਕੁਹਾੜਾ, ਕਹਾਣੀਕਾਰ ਰਾਮਦਾਸ ਬੰਗੜ, ਦਰਸ਼ਪ੍ਰੀਤ ਸਿੰਘ ਬੱਤਰਾ, ਨਾਟਕਕਾਰ ਰਾਜਵਿੰਦਰ ਸਮਰਾਲਾ ਤੇ ਅਵਤਾਰ ਸਿੰਘ ਕੋਟਾਲਾ ਨੇ ਦੱਸਿਆ ਕਿ ਸੱਥ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਵੱਡੀਆਂ ਪ੍ਰਾਪਤੀਆਂ ਹਾਸਲ ਕਰਨ ਵਾਲੀਆਂ ਪੰਜ ਸ਼ਖਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ, ਜਿਨ੍ਹਾਂ ਵਿੱਚ ਪ੍ਰਸਿੱਧ ਲੇਖਕ ਤੇ ਪੱਤਰਕਾਰ ਮੰਗਾ ਅੰਟਾਲ ਨੂੰ ਪੀ. ਐੱਸ. ਬਤਰਾ ਯਾਦਗਾਰੀ ਪੁਰਸਕਾਰ, ਫਿਲਮ ਅਦਾਕਾਰ ਬਨਿੰਦਰਜੀਤ ਬਨੀ ਨੂੰ ਡਾ. ਕੇਸਰ ਸਿੰਘ ਬਰਵਾਲੀ ਪੁਰਸਕਾਰ, ਉਸਤਾਦ ਜਸਵਿੰਦਰ ਸਿੰਘ ਬਰਨਾਲਾ ਨੂੰ ਭਾਈ ਜਸਵੰਤ ਸਿੰਘ ਖਾਲਸਾ ਯਾਦਗਾਰੀ ਪੁਰਸਕਾਰ, ਸ਼ਾਇਰਾ ਤੇ ਕਹਾਣੀਕਾਰਾ ਬਰਾੜ ਜੈਸੀ ਨੂੰ ਬੀਬੀ ਮਨਜੀਤ ਕੌਰ ਸੰਪੂਰਨ ਯਾਦਗਾਰੀ ਪੁਰਸਕਾਰ, ਅਧਿਆਪਕ ਅਮਰਜੀਤ ਸਿੰਘ ਨੂੰ ਖੇਡ ਤੇ ਸਿੱਖਿਆ ਖੇਤਰ ਵਿੱਚ ਬਾਪੂ ਜੈਪਾਲ ਤੇ ਬੀਬੀ ਗੁਰਮੀਤ ਕੌਰ ਯਾਦਗਾਰੀ ਪੁਰਸਕਾਰ ਦੇ ਕੇ ਸਨਮਾਨਤ ਕੀਤਾ ਗਿਆ।ਇਸ ਵਾਰ ਪੱਤਰਕਾਰ ਗੁਰਮਿੰਦਰ ਸਿੰਘ ਗਰੇਵਾਲ ਦੇ ਪਰਿਵਾਰ ਵੱਲੋਂ ਆਪਣੇ ਪਿਤਾ ਸੱਜਣ ਸਿੰਘ ਗਰੇਵਾਲ ਦੀ ਯਾਦ ਵਿੱਚ ਵਿਸ਼ੇਸ਼ ਸੰਸਥਾ ਸਨਮਾਨ 'ਸਿਰਜਨਾ ਆਰਟ ਗਰੁੱਪ ਰਾਏਕੋਟ' ਦੇ ਨਿਰਦੇਸ਼ਕ ਡਾ. ਸੋਮਪਾਲ ਹੀਰਾ ਦੀ ਟੀਮ ਨੂੰ ਦਿੱਤਾ ਗਿਆ।ਸਮਾਗਮ ਦੌਰਾਨ ਬਾਲ ਕਲਾਕਾਰ ਦਿਲਮਨ ਗੋਪਨ ਵੱਲੋਂ ਭੰਗੜੇ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ।ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬੀ ਸੱਥ ਲਾਂਬੜਾ ਦੇ ਮੁੱਖ ਨਿਗਰਾਨ ਤੇ ਸੱਥਾਂ ਦੇ ਸਰਪ੍ਰਸਤ ਡਾ. ਨਿਰਮਲ ਸਿੰਘ ਲਾਂਬੜਾ ਨੇ ਕਿਹਾ ਕਿ ਮਾਂ ਬੋਲੀ ਪੰਜਾਬੀ ਦੁਨੀਆ ਦੀ ਸਭ ਤੋਂ ਅਮੀਰ ਭਾਸ਼ਾ ਹੈ, ਇਸ ਲਈ ਸਾਨੂੰ ਪੰਜਾਬੀ ਬੋਲਣ ਤੇ ਲਿਖਣ ਸਮੇਂ ਮਾਣ ਮਹਿਸੂਸ ਹੋਣਾ ਚਾਹੀਦਾ ਹੈ।ਇਸ ਮੌਕੇ ਚੇਅਰਮੈਨ ਜੈਨਕੋ ਪੰਜਾਬ, ਨਵਜੋਤ ਸਿੰਘ ਜਰਗ, ਲੇਖਕ ਤਲਵਿੰਦਰ ਸਿੰਘ ਬੁੱਟਰ, ਐਡਵੋਕੇਟ ਹਰਦੇਵ ਸਿੰਘ, ਸਤਵੰਤ ਕੌਰ ਖ਼ਾਲਸਾ, ਚਰਨਜੀਤ ਸਿੰਘ ਢੰਡਾ, ਹਰਪ੍ਰੀਤ ਸਿੰਘ ਢੰਡਾ, ਅੰਮ੍ਰਿਤਪਾਲ ਸਮਰਾਲਾ, ਗੁਰਮਿੰਦਰ ਸਿੰਘ ਗਰੇਵਾਲ, ਮਨਪ੍ਰੀਤ ਕੌਰ, ਰਾਮ ਸਰੂਪ ਰਿਖੀ, ਗੁਰਪ੍ਰੀਤ ਗੋਪੀ, ਕਰਮਜੀਤ ਕੌਰ ਬੱਤਰਾ, ਜਸਮੀਤ ਕੌਰ ਬੱਤਰਾ, ਪ੍ਰਭਗੁਣ ਸਿੰਘ ਬੱਤਰਾ, ਸਾਹਿਬਜੋਤ ਬੱਤਰਾ, ਗੁਰਮੁੱਖਦੀਪ ਆਦਿ ਹਾਜ਼ਰ ਸਨ।

# ਤਰਕਸ਼ੀਲ ਸੁਸਾਇਟੀ ਵੱਲੋਂ ਦੋ-ਮਾਸਿਕ ਮੈਗਜ਼ੀਨ ਰਿਲੀਜ਼

**ਮਾਨਸਾ (ਆਤਮਾ ਸਿੰਘ ਪਮਾਰ)**

ਤਰਕਸ਼ੀਲ ਸੁਸਾਇਟੀ ਜ਼ਿਲ੍ਹਾ ਮਾਨਸਾ ਦੀ ਇਕ ਅਹਿਮ ਮੀਟਿੰਗ ਸਥਾਨਕ ਟੀਚਰ ਹੋਮ ਵਿਖੇ ਹੋਈ। ਮੀਟਿੰਗ ਵਿੱਚ ਜ਼ਿਲ੍ਹੇ ਦੀਆਂ ਨੌਂ ਇਕਾਈਆਂ, ਬੁੱਢਲਾਡਾ, ਭੀਖੀ, ਝੁਨੀਰ, ਬੀਰ, ਮਾਨਸਾ, ਜੋਗਾ, ਖੀਵਾ, ਕੁਲਰੀਆਂ, ਮੋਹਰ ਸਿੰਘ ਵਾਲਾ ਨੇ ਸ਼ਮੂਲੀਅਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਆਗੂ ਮਾਸਟਰ ਲੱਖਾ ਸਿੰਘ ਸਹਾਰਨਾ, ਮੀਡੀਆ ਵਿਭਾਗ ਦੇ ਮੁਖੀ ਭੁਪਿੰਦਰ ਫੌਜੀ, ਨਰਿੰਦਰ ਕੌਰ ਬੁਰਜ ਹਮੀਰਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਜਿੱਥੇ ਹੋਰਨਾਂ ਫਰੰਟਾਂ 'ਤੇ ਆਪਣੀ ਢੁੱਕਵੀਂ ਕਾਰਗੁਜ਼ਾਰੀ ਦਿਖਾਉਣ ਵਿੱਚ ਨਾਕਾਮਯਾਬ ਰਹੀ ਹੈ ਤੇ ਵਿਗਿਆਨਕ ਵਿਚਾਰਾਂ ਨੂੰ ਕੁਚਲਣ ਲਈ ਆਪਣੀ ਸ਼ਕਤੀ ਦੀ ਦੁਰਵਰਤੋਂ ਕਰਦੀ ਰਹੀ ਹੈ, ਓਥੇ ਹੀ ਸਰਕਾਰ ਇਹ ਪ੍ਰਚਾਰ ਕਰ ਰਹੀ ਹੈ ਕਿ ਸਾਡੇ ਰਾਜ ਵਿੱਚ ਔਰਤਾਂ ਸੁਰੱਖਿਅਤ ਹਨ, ਪ੍ਰੰਤੂ ਔਰਤਾਂ ਦੀ ਸੁਰੱਖਿਆ ਦੇ ਮਾਮਲੇ ਵਿੱਚ ਸਰਕਾਰ ਪੂਰੀ ਤਰ੍ਹਾਂ ਅਸਮਰਥ ਰਹੀ ਹੈ।' ਉਨ੍ਹਾਂ ਕਿਹਾ ਕਿ ਘੱਟ ਗਿਣਤੀਆਂ, ਸਾਹਿਤਕਾਰਾਂ, ਬੁੱਧੀਜੀਵੀਆਂ, ਪੱਤਰਕਾਰਾਂ ਤੇ ਵਿਰੋਧੀ ਧਿਰਾਂ ਦੀ ਜ਼ੁਬਾਨ ਨੂੰ ਬੰਦ ਕਰਵਾਉਣ ਲਈ ਕੇਂਦਰ ਪਹਿਲਾਂ ਤੋਂ ਹੀ ਆਵਾਮ ਵਿਰੋਧੀ ਗਤੀਵਿਧੀਆਂ ਕਰਕੇ ਆਗੂਆਂ 'ਤੇ ਪਰਚੇ ਕਰਵਾ ਜੇਲ੍ਹਾਂ ਵਿੱਚ ਭਰਨ 'ਚ ਮੋਹਰੀ ਰੋਲ ਅਦਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਤਰਕਸ਼ੀਲ ਸੁਸਾਇਟੀ ਪੰਜਾਬ, ਲੋਕ ਵਿਰੋਧੀ ਫੱਤਵਿਆਂ ਦਾ ਡੱਟ ਕੇ ਵਿਰੋਧ ਕਰਦੀ ਹੈ ਤੇ ਸੰਘਰਸ਼ਸ਼ੀਲ ਲੋਕਾਂ ਨਾਲ ਡਟੇ ਰਹਿਣ ਲਈ, ਸਮਾਜ ਨੂੰ ਰੂੜੀਵਾਦੀ ਪ੍ਰੰਪਰਾਵਾਂ ਤੋੜ ਕੇ ਜਾਗਰੂਕ ਕਰਨ ਲਈ ਵਚਨਬੱਧ ਵੀ ਹੈ ਅਤੇ ਰਹੇਗੀ। ਇਸ ਮੌਕੇ ਤਰਕਸ਼ੀਲ ਸੁਸਾਇਟੀ ਦਾ ਬੁਲਾਰਾ ਦੋ-ਮਾਸਿਕ ਮੈਗਜ਼ੀਨ ਵੀ ਜਾਰੀ ਕੀਤਾ ਗਿਆ। ਉਨ੍ਹਾਂ ਦੇਸ਼ ਭਰ ਦੇ ਜੁਝਾਰੂ, ਤਬਦੀਲੀ ਪਸੰਦ ਸਾਰੇ ਵਸਨੀਕਾਂ ਨੂੰ ਤਰਕਸੀਲ ਸਾਹਿਤ ਦਾ ਪ੍ਰਚਾਰ ਪਸਾਰ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ ਵਿੱਤ ਵਿਭਾਗ ਮੁਖੀ ਮਾ. ਮਹਿੰਦਰਪਾਲ ਅਤਲਾ, ਗੁਰਦੀਪ ਸਿੰਘ ਸਿੱਧੂ, ਗੋਰਾ ਲਾਲ, ਹਰਬੰਸ ਸਿੰਘ ਢਿੱਲੋਂ, ਜਸਪਾਲ ਅਤਲਾ, ਬੂਟਾ ਸਿੰਘ ਬੀਰ, ਗੁਰਦੀਪ ਸਿੰਘ ਲਾਲਿਆਂਵਾਲੀ, ਰਾਜ ਕੁਮਾਰ ਰੰਗਾ, ਦਰਸ਼ਨ ਸਿੰਘ ਔਜਲਾ, ਅਜੈਬ ਸਿੰਘ ਅਲੀਸ਼ੇਰ, ਸੇਵਾ ਸਿੰਘ, ਨਿਰਭੈ ਸਿੰਘ ਆਦਿ ਤਰਕਸ਼ੀਲ ਆਗੂ ਹਾਜ਼ਰ ਸਨ।

## ਮੋਦੀ ਸਰਕਾਰ ਔਰਤਾਂ ਦੀ ਸੁਰੱਖਿਆ ਕਰਨ 'ਚ ਫੇਲ੍ਹ : ਤਰਕਸ਼ੀਲ ਆਗੂ



## ਕਾਰ ਦੀ ਟੱਕਰ ਵੱਜਣ ਕਾਰਨ ਮੋਟਰਸਾਈਕਲ ਚਾਲਕ ਦੀ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਚੁੰਨੀ-ਮੋਰਿੰਡਾ ਮਾਰਗ 'ਤੇ ਵਾਪਰੇ ਇੱਕ ਸੜਕ ਹਾਦਸੇ 'ਚ ਇੱਕ ਮੋਟਰਸਾਈਕਲ ਸਵਾਰ ਨੌਜਵਾਨ ਦੀ ਮੌਤ ਹੋ ਜਾਣ ਦਾ ਸਮਾਚਾਰ ਹੈ।ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਕਮਲਜੀਤ ਸਿੰਘ ਵਾਸੀ ਪਿੰਡ ਨੰਦਪੁਰ ਨੇ ਦੱਸਿਆ ਕਿ ਉਸ ਦਾ ਭਰਾ ਗੁਰਬਖਸ਼ੀਸ਼ ਸਿੰਘ (35) ਆਪਣੇ ਪਲਟੀਨਾ ਮੋਟਰਸਾਈਕਲ 'ਤੇ ਸਵਾਰ ਹੋ ਕੇ ਘਰ ਨੂੰ ਆ ਰਿਹਾ ਸੀ ਤਾਂ ਪਿੰਡ ਪਮੌਰ ਨਜ਼ਦੀਕ ਪੈਂਦੀ ਗੈਸ ਏਜੰਸੀ ਕੋਲ ਪੁੱਜਣ 'ਤੇ ਮੋਰਿੰਡਾ ਸਾਈਡ ਤੋਂ ਆ ਰਹੀ ਰਿਨੌਲਟ ਕਵਿੱਡ ਕਾਰ ਨੰਬਰ ਪੀ ਬੀ-11-37-7702 ਦੇ ਚਾਲਕ ਨੇ ਅਣਗਹਿਲੀ ਨਾਲ ਗੱਡੀ ਚਲਾਉਂਦੇ ਹੋਏ ਉਸ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਗੁਰਬਖਸ਼ੀਸ਼ ਸਿੰਘ ਦੇ ਸਿਰ 'ਚ ਗੰਭੀਰ ਸੱਟ ਲੱਗ ਗਈ ਤੇ ਉਸ ਦੀ ਮੌਤ ਹੋ ਗਈ।ਕਮਲਜੀਤ ਸਿੰਘ ਦੇ ਬਿਆਨਾਂ 'ਤੇ ਕਾਰ ਦੇ ਕਥਿਤ ਚਾਲਕ ਕੁਲਵਿੰਦਰ ਸਿੰਘ ਵਾਸੀ ਪਿੰਡ ਰਾਮਪੁਰ (ਪਟਿਆਲਾ) ਵਿਰੁੱਧ ਥਾਣਾ ਬਡਾਲੀ ਆਲਾ ਸਿੰਘ ਵਿਖੇ ਮੁਕੱਦਮਾ ਦਰਜ ਕਰਕੇ ਚੁੰਨੀ ਕਲਾਂ ਚੌਕੀ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਕਾਤਰਾਂ

### ਚੋਰੀ ਦੇ ਮੋਟਰਸਾਈਕਲ ਸਮੇਤ ਦੋ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਦੋ ਵਿਅਕਤੀਆਂ ਨੂੰ ਚੋਰੀ ਦੇ ਇੱਕ ਮੋਟਰਸਾਈਕਲ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸਹਾਇਕ ਥਾਣੇਦਾਰ ਜੰਗ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਮਖੂ ਗੇਟ ਸਿਟੀ ਫਿਰੋਜ਼ਪੁਰ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਆਨ ਰਾਜਨ ਪੁੱਤਰ ਸ਼ਾਮ ਲਾਲ ਤੇ ਸੰਨੀ ਪੁੱਤਰ ਰਾਕੇਸ਼ ਕੁਮਾਰ ਵਾਸੀਆਨ ਬਸਤੀ ਸ਼ੇਖਾਂ ਵਾਲੀ ਸਿਟੀ ਫਿਰੋਜ਼ਪੁਰ ਮੋਟਰਸਾਈਕਲ ਚੋਰੀ ਕਰਕੇ ਉਨ੍ਹਾਂ ਦੇ ਚੈਸੀ ਨੰਬਰ ਤੇ ਇੰਜਨ ਨੰਬਰ ਟੇਪਰ ਕਰਕੇ ਅੱਗੇ ਕਬਾੜੀਆਂ ਨੂੰ ਵੇਚ ਦਿੰਦੇ ਹਨ, ਜੋ ਅੱਜ ਵੀ ਦੋਸ਼ੀਆਨ ਚੋਰੀ ਕੀਤਾ ਮੋਟਰਸਾਈਕਲ ਵੇਚਣ ਲਈ ਜਾ ਰਹੇ ਹਨ। ਜੇਕਰ ਹੁਣੇ ਨਾਕਾਬੰਦੀ ਕੀਤੀ ਜਾਵੇ ਤਾਂ ਕਾਬੂ ਆ ਸਕਦੇ ਹਨ। ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਦੋਸ਼ੀਆਨ ਨੂੰ ਕਾਬੂ ਕੀਤਾ ਗਿਆ ਤੇ ਇਨ੍ਹਾਂ ਕੋਲੋਂ 1 ਮੋਟਰਸਾਈਕਲ ਹੀਰੋ ਹਾਂਡਾ ਬਿਨਾਂ ਨੰਬਰੀ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਦੜੇ-ਸੱਟੇ ਦਾ ਕੰਮ ਜ਼ੋਰਾਂ 'ਤੇ

**ਬਰੇਟਾ (ਰੀਤਵਾਲ)**-ਪੰਜਾਬ ਸਰਕਾਰ ਵੱਲੋਂ ਲਾਟਰੀ ਸਟਾਲਾਂ 'ਤੇ ਪੂਰੀ ਤਰਾਂ ਨਾਲ ਪਬੰਦੀ ਲਾਈ ਗਈ ਹੈ ਅਤੇ ਪੁਲਸ ਵੱਲੋਂ ਦਾਅਵੇ ਕੀਤੇ ਜਾਂਦੇ ਹਨ ਕਿ ਲਾਟਰੀ ਅਤੇ ਦੜੇ ਸੱਟੇ ਦਾ ਕੰਮ ਪੂਰੀ ਤਰਾਂ ਬੰਦ ਕਰਾ ਦਿੱਤਾ ਗਿਆ ਹੈ, ਪਰ ਪੁਲਸ ਦੇ ਦਾਅਵੇ ਉਸ ਵੇਲੇ ਖੋਖਲੇ ਹੁੰਦੇ ਨਜ਼ਰ ਆਏ, ਜਦ ਸ਼ਹਿਰ ਦੀਆਂ ਵੱਖ-ਵੱਖ ਥਾਂਵਾਂ ਤੇ ਲਾਟਰੀ ਤੇ ਦੜੇ-ਸਟੇ ਦਾ ਨਜਾਇਜ਼ ਕੰਮ ਪੂਰੇ ਜ਼ੋਰਾਂ-ਸ਼ੋਰਾਂ 'ਤੇ ਬਿਨਾਂ ਕਿਸੇ ਡਰ ਤੇ ਧੜੱਲੇ ਨਾਲ ਚੱਲ ਰਿਹਾ ਹੈ। ਜੂਏ ਤੇ ਦੜੇ ਸੱਟੇ ਦੇ ਧੰਦੇ ਨਾਲ ਜਿਥੇ ਇਸ ਕਾਰੋਬਾਰ ਨੂੰ ਚਲਾਉਣ ਵਾਲੇ ਆਪਣੀਆਂ ਜੇਬਾਂ ਭਰ ਰਹੇ ਹਨ, ਉਥੇ ਹੀ ਇਸ ਜੂਏ ਤੇ ਲਾਟਰੀ ਦੇ ਝੱਸ ਨੇ ਕਈ ਘਰਾਂ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। ਇੰਝ ਲੱਗਦਾ ਹੈ ਕਿ ਇਨ੍ਹਾਂ ਖੇਤਰ ਦੇ ਸੱਟੇਬਾਜ਼ ਨੂੰ ਹੁਣ ਪੁਲਸ ਦਾ ਡਰ ਨਹੀਂ ਰਿਹਾ।

### ਬਸਪਾ ਆਗੂ ਐਡਵੋਕੇਟ ਅਵਤਾਰ ਕ੍ਰਿਸ਼ਨ ਨਾਲ ਢੋਸੀਵਾਲ ਤੇ ਹੋਰਨਾਂ ਵੱਲੋਂ ਦੁੱਖ ਪ੍ਰਗਟ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਸਥਾਨਕ ਜ਼ਿਲ੍ਹਾ ਬਾਰ ਕੌਂਸਲ ਦੇ ਸੀਨੀਅਰ ਮੈਂਬਰ ਤੇ ਬਸਪਾ ਦੇ ਸੂਬਾ ਸਕੱਤਰ ਐਡਵੋਕੇਟ ਅਵਤਾਰ ਕ੍ਰਿਸ਼ਨ ਦੇ ਪਿਤਾ ਕਿਸ਼ੋਰੀ ਲਾਲ (77) ਦੋ ਦਿਨ ਪਹਿਲਾਂ ਅਕਾਲ ਚਲਾਣਾ ਕਰ ਗਏ। ਸਵ: ਕਿਸ਼ੋਰੀ ਲਾਲ ਨੇ ਜਿੱਥੇ ਆਪਣੇ ਜੀਵਨ ਦੌਰਾਨ ਆਪਣੇ ਬੱਚਿਆਂ ਨੂੰ ਉੱਚ ਪੱਧਰੀ ਸਿੱਖਿਆ ਦਿਵਾ ਕੇ ਉਨ੍ਹਾਂ ਨੂੰ ਵਧੀਆ ਢੰਗ ਨਾਲ ਸਥਾਪਤ ਕੀਤਾ, ਉਥੇ ਆਪਣੀ ਸੇਵਾ ਮੁਕਤੀ ਤੋਂ ਪਿਛੋਂ ਸਮਾਜਿਕ ਤੇ ਧਾਰਮਿਕ ਕਾਰਜਾਂ ਵਿੱਚ ਜੁੱਟ ਗਏ। ਲੰਮੇ ਸਮੇਂ ਤੱਕ ਉਨ੍ਹਾ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਅੰਬੇਡਕਰ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾਉਣ ਤੇ ਸਮਾਜ ਨੂੰ ਜੋੜਨ ਲਈ ਸਿਰ ਤੋੜ ਯਤਨ ਕੀਤਾ। ਸਵ: ਕਿਸ਼ੋਰੀ ਲਾਲ ਦੀ ਮੌਤ 'ਤੇ ਲਾਰਡ ਬੁੱਧਾ ਚੈਰੀਟੇਬਲ ਟਰੱਸਟ ਦੇ ਸੰਸਥਾਪਕ ਚੇਅਰਮੈਨ ਪ੍ਰਸਿੱਧ ਸਮਾਜ ਸੇਵਾਕ ਜਗਦੀਸ਼ ਰਾਏ ਢੋਸੀਵਾਲ, ਜ਼ਿਲ੍ਹਾ ਫਰੀਦਕੋਟ ਦੀ ਚੀਫ਼ ਪੈਟਰਨ ਹੀਰਾਵਤੀ ਸੇਵਾ ਮੁਕਤ ਨਾਇਬ ਤਹਿਸੀਲਦਾਰ, ਜ਼ਿਲ੍ਹਾ ਪ੍ਰਧਾਨ ਜਗਦੀਸ਼ ਰਾਜ ਭਾਰਤੀ ਤੇ ਮੁੱਖ ਸਲਾਹਕਾਰ ਪ੍ਰਿੰ. ਕ੍ਰਿਸ਼ਨ ਲਾਲ ਐਡਵੋਕੇਟ ਸਮੇਤ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਸੇ ਤਰ੍ਹਾਂ ਪੰਜਾਬ ਵਿੱਤ ਵਿਭਾਗ 'ਚੋਂ ਸੇਵਾ ਮੁਕਤ ਜੁਆਇੰਟ ਕੰਟਰੋਲਰ ਓ. ਪੀ. ਚੌਧਰੀ ਨੇ ਵੀ ਸਵ: ਕਿਸ਼ੋਰੀ ਲਾਲ ਦੀ ਮੌਤ 'ਤੇ ਅਫਸੋਸ ਜ਼ਾਹਰ ਕੀਤਾ ਹੈ। ਸਵ: ਕਿਸ਼ੋਰੀ ਲਾਲ ਨਮਿਤ ਅੰਤਿਮ ਅਰਦਾਸ 13 ਮਾਰਚ ਨੂੰ ਉਨ੍ਹਾਂ ਦੇ ਜੱਦੀ ਸ਼ਹਿਰ ਕੋਟਕਪੂਰਾ ਦੇ ਮੋਗਾ ਰੋਡ ਸਥਿਤ ਬਾਬਾ ਵਿਸ਼ਵਕਰਮਾ ਭਵਨ ਵਿਖੇ ਦੁਪਹਿਰ 12:00 ਤੋਂ 1:00 ਵਜੇ ਤੱਕ ਹੋਵੇਗੀ।

### ਕੇਂਦਰੀ ਜੇਲ੍ਹ 'ਚੋਂ ਮੋਬਾਇਲ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤਲਾਸ਼ੀ ਦੌਰਾਨ ਇਕ ਮੋਬਾਇਲ ਫੋਨ ਬਰਾਮਦ ਹੋਇਆ ਹੈ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇੱਕ ਹਵਾਲਾਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 2338 ਰਾਹੀਂ ਰਿਸ਼ਵਪਾਲ ਗੋਇਲ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 8 ਮਾਰਚ 2024 ਨੂੰ ਕਰੀਬ ਸਾਢੇ 5 ਪੀ ਐੱਮ 'ਤੇ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਪੁਰਾਣੀ ਬੈਰਕ ਨੰਬਰ 2 ਦੀ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਹਵਾਲਾਤੀ ਛਿੰਦਰਪਾਲ ਸਿੰਘ ਪੁੱਤਰ ਲਛਮਣ ਸਿੰਘ ਵਾਸੀ ਦੋਨਾ ਮੱਤੜ ਕੋਲੋਂ 1 ਮੋਬਾਇਲ ਫੋਨ ਕੀਪੈਡ ਆਈ ਟੈੱਲ ਸਮੇਤ ਬੈਟਰੀ ਤੇ ਸਿੰਮ ਕਾਰਡ ਏਅਰਟੈੱਲ ਬਰਾਮਦ ਹੋਇਆ।

# ਪਰਮਜੀਤ ਕੌਰ ਸਰਹਿੰਦ ਮੁੜ ਬਣੇ ਜ਼ਿਲ੍ਹਾ ਲਿਖਾਰੀ ਸਭਾ ਦੇ ਪ੍ਰਧਾਨ



**ਸ੍ਰੀ ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਜ਼ਿਲ੍ਹਾ ਲਿਖਾਰੀ ਸਭਾ ਸ੍ਰੀ ਫਤਹਿਗੜ੍ਹ ਸਾਹਿਬ ਦੀ ਮਾਸਿਕ ਇਕੱਤਰਤਾ ਅਸ਼ੋਕਾ ਸੀ. ਸੈ. ਸਕੂਲ ਸਰਹਿੰਦ ਵਿਖੇ ਸਭਾ ਦੀ ਪ੍ਰਧਾਨ ਪਰਮਜੀਤ ਕੌਰ ਸਰਹਿੰਦ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਪ੍ਰੋਫੈਸਰ ਸਾਧੂ ਸਿੰਘ ਪਨਾਗ ਤੇ ਗੁਰਨਾਮ ਸਿੰਘ ਬਿਜਲੀ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਏ। ਮੰਚ ਸੰਚਾਲਨ ਬਲਤੇਜ ਸਿੰਘ ਬਠਿੰਡਾ ਨੇ ਕੀਤਾ ਤੇ ਰਸਮੀਂ ਕਾਰਵਾਈ ਅਰੰਭ ਕਰਦਿਆਂ ਆਏ ਮਹਿਮਾਨਾਂ/ਲੇਖਕਾਂ ਨੂੰ ਜੀ ਆਇਆਂ ਕਿਹਾ। ਨਵੇਂ ਮੈਂਬਰ ਤੇ ਉਭਰਦੇ ਲੇਖਕ ਸੁਖਵੀਰ ਸਿੰਘ, ਗੁਰਵੀਰ ਸਿੰਘ ਤੇ ਕੁਲਵਿੰਦਰ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ। ਸਭਾ ਨੂੰ ਨਵਿਆਉਣ ਮੌਕੇ ਦੋ ਸਰਪ੍ਰਸਤ ਡਾ. ਹਰਚੰਦ ਸਿੰਘ ਸਰਹਿੰਦੀ ਤੇ ਲਾਲ ਮਿਸਤਰੀ ਬਣੇ ਰਹਿਣਗੇ ਤੇ ਕੋਈ ਤੀਜਾ ਨਹੀਂ ਹੋਵੇਗਾ। ਸਭਾ ਦੇ ਕਾਨੂੰਨੀ ਸਲਾਹਕਾਰ ਰਾਮਿੰਦਰ ਜੀਤ ਸਿੰਘ ਵਾਸੂ ਬਣਾਏ ਗਏ ਹਨ। ਪ੍ਰਬੰਧਕੀ ਸਲਾਹਕਾਰ ਗੁਰਨਾਮ ਸਿੰਘ ਬਿਜਲੀ ਰਹਿਣਗੇ। ਪਿਛਲੇ ਦੋ ਸਾਲਾਂ ਤੋਂ ਪ੍ਰਧਾਨ ਦੀ ਸੇਵਾ ਬੀਬੀ ਪਰਮਜੀਤ ਕੌਰ ਸਰਹਿੰਦ ਨਿਭਾਅ ਰਹੇ ਹਨ ਤੇ ਹੁਣ ਮੁੜ ਸਭਾ ਵੱਲੋਂ ਉਨ੍ਹਾਂ ਨੂੰ ਇਹ ਸੇਵਾ ਨਿਭਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਬੀਬੀ ਸਰਹਿੰਦ ਨੇ ਲਗਾਤਾਰ ਤੇਰਾਂ ਸਾਲ ਜਨਰਲ ਸਕੱਤਰ ਵਜੋਂ ਜੀਅ ਜਾਨ ਨਾਲ ਕੰਮ ਕੀਤਾ। ਉਨ੍ਹਾ ਇਸ ਦੌਰਾਨ ਸਭਾ ਦੇ ਦੋ ਸਾਂਝੇ ਕਾਵਿ-ਸੰਗ੍ਰਹਿ ਤੇ ਇੱਕ ਵਾਰਤਕ ਪੁਸਤਕ ਦੀ ਸੰਪਾਦਨਾ ਕੀਤੀ। ਸੀਨੀਅਰ ਮੀਤ ਪ੍ਰਧਾਨ ਪ੍ਰੋਫੈਸਰ ਸਾਧੂ ਸਿੰਘ ਪਨਾਗ, ਮੀਤ ਪ੍ਰਧਾਨ ਬਲਤੇਜ ਸਿੰਘ ਬਠਿੰਡਾ, ਪ੍ਰੈੱਸ ਸਕੱਤਰ ਅਮਰਬੀਰ ਸਿੰਘ ਚੀਮਾ, ਸਕੱਤਰ ਪ੍ਰਿੰਸੀਪਲ ਸੁਖਵਿੰਦਰ ਸਿੰਘ ਢਿੱਲੋਂ ਪਹਿਲਾਂ ਵਾਂਗ ਹੀ ਆਪਣੇ ਅਹੁਦਿਆਂ 'ਤੇ ਸੇਵਾਵਾਂ ਨਿਭਾਉਣਗੇ। ਜਨਰਲ ਸਕੱਤਰ ਦੇ ਕੰਮਕਾਜ ਦੀ ਜ਼ਿੰਮੇਵਾਰੀ ਉੱਘੇ ਗੀਤਕਾਰ ਹਰਜਿੰਦਰ ਸਿੰਘ ਗੋਪਾਲੋਂ ਨੂੰ ਸੌਂਪੀ ਗਈ ਹੈ। ਸਮਰੱਥ ਗਜ਼ਲਗੋ ਅਵਤਾਰ ਸਿੰਘ ਪੁਆਰ ਕੈਸ਼ੀਅਰ ਦਾ ਕੰਮ ਸੰਭਾਲਣਗੇ। ਕਾਰਜਕਾਰਨੀ ਦੇ ਪਹਿਲਾਂ ਵਾਲੇ ਦੋ ਮੈਂਬਰਾਂ ਲਛਮਣ ਸਿੰਘ ਤਰੌੜਾ ਤੇ ਮਨਜੀਤ ਸਿੰਘ ਘੁੰਮਣ ਦੇ ਨਾਲ ਪ੍ਰੋ. ਦੇਵ ਮਲਿਕ, ਮਲਿਕਾ ਰਾਣੀ ਤੇ ਰਣਜੀਤ ਸਿੰਘ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਪਨਾਗ, ਡਾ. ਵਾਸੂ ਤੇ ਬਿਜਲੀ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਾਰਵਾਈ ਦੀ ਪ੍ਰੋੜਤਾ ਕੀਤੀ। ਉਪਰੰਤ ਬੀਬੀ ਪਰਮਜੀਤ ਕੌਰ ਸਰਹਿੰਦ ਨੇ ਸਭਾ ਵੱਲੋਂ ਮੁੜ ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਦਾ ਭਰੋਸਾ ਦਿੱਤਾ। ਉਪਰੰਤ ਆਏ ਸਾਹਿਤਕਾਰਾਂ ਪ੍ਰੇਮ ਲਤਾ, ਜਸ਼ਨ ਮੱਟੂ, ਕੁਲਵਿੰਦਰ ਖੈਰਾਬਾਦ, ਜਸਵਿੰਦਰ ਸਿੰਘ, ਕੁਲਦੀਪ ਸਿੰਘ ਜੋਧਪੁਰੀਆ ਤੇ ਬਲਜਿੰਦਰ ਸਿੰਘ ਨੇ ਕਵੀ ਦਰਬਾਰ ਦੌਰਾਨ ਆਪਣੀਆਂ ਰਚਨਾਵਾਂ ਪੜ੍ਹੀਆਂ।

# ਰੋਟਰੀ ਕਲੱਬ ਲੁਧਿਆਣਾ ਨੇ ਲਗਾਇਆ ਖ਼ੂਨਦਾਨ ਕੈਂਪ

## ਮਨੁੱਖੀ ਜਾਨਾਂ ਬਚਾਉਣ ਲਈ 97 ਯੂਨਿਟ ਖ਼ੂਨ ਇਕੱਤਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿਛਲੇ ਲੰਮੇ ਸਮੇਂ ਤੋਂ ਆਪਣਾ ਵਿਸ਼ੇਸ਼ ਯੋਗਦਾਨ ਪਾ ਰਹੀ ਸੰਸਥਾ ਰੋਟਰੀ ਕਲੱਬ ਲੁਧਿਆਣਾ ਸਿਟੀ ਵੱਲੋਂ ਮਾਛੀਵਾੜਾ ਸਾਹਿਬ ਸੋਸ਼ਲ ਵੈੱਲਫੇਅਰ ਸੁਸਾਇਟੀ (ਐਨ.ਜੀ.ਓ) ਦੇ ਸਹਿਯੋਗ ਨਾਲ ਮੁੱਢਲੇ ਸਿਹਤ ਕੇਂਦਰ ਮਾਛੀਵਾੜਾ ਨੇੜੇ ਖੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿੱਚ ਮਨੁੱਖੀ ਜਾਨਾਂ ਨੂੰ ਬਚਾਉਣ ਲਈ ਕੀਤੇ ਗਏ ਯੋਗ ਉਪਰਾਲੇ ਵਿੱਚ 97 ਯੂਨਿਟਾਂ ਇਕੱਤਰ ਹੋਈਆਂ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਇਸ ਕੈਂਪ ਦਾ ਉਦਘਾਟਨ ਰੋਟਰੀ ਕਲੱਬ ਦੇ ਪ੍ਰਧਾਨ ਡਾ. ਬਲਵੀਰ ਸਿੰਘ ਤੇ ਐੱਸ.ਐੱਮ.ਓ. ਡਾ. ਜਸਦੇਵ ਸਿੰਘ ਨੇ ਸਾਂਝੇ ਤੌਰ 'ਤੇ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਡਾ. ਬਲਵੀਰ ਸਿੰਘ ਨੇ ਦੱਸਿਆ ਕਿ ਰੋਟਰੀ ਕਲੱਬ ਵੱਲੋਂ ਇਲਾਕੇ ਵਿੱਚ ਵੱਖ-ਵੱਖ ਤਰ੍ਹਾਂ ਦੇ ਕੈਂਪ ਲਗਾਏ ਜਾਂਦੇ ਹਨ, ਜਿਸ ਵਿੱਚ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ, ਐਕਸ-ਰੇ, ਈ.ਸੀ.ਜੀ. ਤੇ ਬਲੱਡ ਸ਼ੂਗਰ ਆਦਿ ਟੈਸਟ ਮੁਫ਼ਤ ਕੀਤੇ ਜਾਂਦੇ ਹਨ। ਐੱਨਜੀਓ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਦੱਸਿਆ ਕਿ ਕਰਨ ਹਸਪਤਾਲ ਬਲੱਡ ਬੈਂਕ ਸਮਰਾਲਾ ਦੇ ਡਾ. ਸੰਜੇ ਕੁਮਾਰ ਝਾਂਜੀ ਦੀ ਅਗਵਾਈ ਹੇਠ ਟੀਮ ਵੱਲੋਂ 97 ਯੂਨਿਟ ਖੂਨ ਇਕੱਤਰ ਕੀਤਾ ਗਿਆ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਮਾਛੀਵਾੜਾ ਜਾਂ ਸਮਰਾਲਾ ਇਲਾਕੇ ਨਾਲ ਸਬੰਧਤ ਹਸਪਤਾਲ ਵਿੱਚ ਕਿਸੇ ਲੋੜਵੰਦ ਨੂੰ ਖੂਨ ਦੀ ਲੋੜ ਪੈਂਦੀ ਹੈ ਤਾਂ ਕਰਨ ਬਲੱਡ ਬੈਂਕ ਸਮਰਾਲਾ ਵਿੱਚੋਂ ਕਿਸੇ ਵੀ ਸਮੇਂ ਖੂਨ ਲੈ ਸਕਦੇ ਹੈ। ਇਸ ਮੌਕੇ ਰੋਟੇਰੀਅਨ ਡਾ. ਸੁਰਿੰਦਰ ਸਿੰਘ ਕਟਾਰੀਆ, ਡਾ. ਬਲਵਿੰਦਰ ਸਿੰਘ ਕਲਸੀ (ਰਿਟਾ. ਸਿਵਲ ਸਰਜਨ), ਗਗਨ ਕਟਾਰੀਆ, ਅੰਮ੍ਰਿਤਪਾਲ ਸਮਰਾਲਾ, ਵਿਨੀਤ ਕੁਮਾਰ ਝੜੌਦੀ, ਹਰਬੰਸ ਲਾਲ ਚਾਨਣਾ, ਮਿੰਕੂ ਹੰਸ, ਜਗਦੀਸ਼ ਚਾਨਣਾ, ਲਵਰੀਸ਼ ਸ਼ਰਮਾ, ਪਰਮਦੀਪਪਾਲ ਸਿੰਘ, ਜਗਤਾਰ ਸਿੰਘ, ਮਨਪ੍ਰੀਤ ਸਿੰਘ, ਹਰਚਰਨਜੀਤ ਸਿੰਘ, ਜਰਨੈਲ ਸਿੰਘ, ਨਿਧੀ ਸ਼ਰਮਾ, ਪ੍ਰੋ. ਬਲਦੀਪ ਕੌਰ, ਪ੍ਰੋ. ਪਰਮਿੰਦਰ ਕੌਰ, ਨੀਰਜ ਮੱਟੂ, ਸਾਹਿਲ ਚਾਨਣਾ, ਭਾਰਗਵ ਚਾਨਣਾ ਆਦਿ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਤੋਂ ਬਾਅਦ ਕਿਸਾਨ ਮੋਟਰ ਕੁਨੈਕਸ਼ਨਾਂ ਨੂੰ ਤਰਸੇ : ਭੀਮੜਾ



**ਬੁਢਲਾਡਾ (ਅਸ਼ੋਕ ਲਾਕੜਾ)**-ਅਗਾਮੀ ਲੋਕ ਸਭਾ ਚੋਣਾਂ ਲਈ ਪਾਰਟੀ ਦੀ ਮਜਬੂਤੀ ਤੇ ਵਰਕਰਾਂ ਦੇ ਗੁੱਸੇ ਗਿਲੇ ਦੂਰ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਲੋਕ ਸਭਾ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਉੱਪਰ ਸਰਕਲ ਬੋਹਾ ਦੇ ਪ੍ਰਧਾਨ ਸੰਤੋਖ ਸਿੰਘ ਭੀਮੜਾ ਵੱਲੋਂ ਪਿੰਡਾਂ ਵਿੱਚ ਨੁੱਕੜ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ, ਜਿਸ ਤਹਿਤ ਯੂਥ ਅਕਾਲੀ ਆਗੂ ਮਨਜੀਤ ਸਿੰਘ ਦੇ ਘਰ ਪਿੰਡ ਹਾਕਮਵਾਲਾ ਵਿਖੇ ਵਰਕਰਾਂ ਨਾਲ ਮੀਟਿੰਗ ਕੀਤੀ ਗਈ। ਸੰਤੋਖ ਸਿੰਘ ਭੀਮੜਾ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਵੇਲੇ ਕਿਸਾਨਾਂ ਨੂੰ ਵੱਡੀ ਪੱਧਰ 'ਤੇ ਮੋਟਰ ਕੁਨੈਕਸ਼ਨ ਦਿੱਤੇ ਗਏ, ਜਿਨ੍ਹਾਂ ਦਾ ਬਿਜਲੀ ਬਿੱਲ ਵੀ ਮਾਫ਼ ਕੀਤਾ, ਜਿਸਦਾ ਕਿਸਾਨਾਂ ਨੂੰ ਬਹੁਤ ਜ਼ਿਆਦਾ ਫ਼ਾਇਦਾ ਹੋਇਆ ਤੇ ਅਨੇਕਾਂ ਕਿਸਾਨ ਆਰਥਿਕ ਮੰਦਹਾਲੀ ਤੋਂ ਉੱਭਰ ਕੇ ਖ਼ੁਸ਼ਹਾਲ ਹੋਏ। ਉਨ੍ਹਾਂ ਆਖਿਆ ਕਿ ਬੜੇ ਦੁੱਖ ਦੀ ਗੱਲ ਹੈ ਕਿ ਅਕਾਲੀ ਦਲ ਦੀ ਸਰਕਾਰ ਤੋਂ ਬਾਅਦ ਨਾ ਤਾਂ ਕਾਂਗਰਸ ਸਰਕਾਰ ਅਤੇ ਨਾ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕਿਸਾਨਾਂ ਲਈ ਮੋਟਰ ਕੁਨੈਕਸਨਾਂ ਦੀ ਸਹੂਲਤ ਦਿੱਤੀ। ਜਥੇਦਾਰ ਮਹਿੰਦਰ ਸਿੰਘ ਸੈਦੇਵਾਲਾ ਨੇ ਆਖਿਆ ਕਿ ਜਿੰਨੀਆਂ ਲੋਕ ਭਲਾਈ ਦੀਆਂ ਸਕੀਮਾਂ ਤੇ ਪਿੰਡਾਂ ਅਤੇ ਸਹਿਰਾਂ ਦੇ ਵਿਕਾਸ ਕਾਰਜ ਅਕਾਲੀ ਦਲ ਦੀ ਸਰਕਾਰ ਵੇਲੇ ਹੋਏ ਹੋਰ ਕੋਈ ਵੀ ਸਰਕਾਰ ਉਸਦੀ ਬਰਾਬਰੀ ਨਹੀਂ ਕਰ ਸਕੀ। ਉਨ੍ਹਾਂ ਅਕਾਲੀ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਗੁੱਸੇ ਗਿਲੇ ਭੁਲਾ ਕੇ ਲੋਕ ਸਭਾ ਚੋਣਾਂ ਪਾਰਟੀ ਦੀ ਮਜਬੂਤੀ ਲਈ ਕੰਮ ਕਰਨ।

# ਪੰਜਾਬੀ ਭਾਸ਼ਾ ਦੇ ਸ਼ੁੱਧ ਉਚਾਰਨ ਲਈ ਮੁਹਾਰਨੀ ਦਾ ਗਿਆਨ ਜ਼ਰੂਰੀ : ਦਾਦੂਵਾਲ

**ਸਿਰਸਾ (ਸੁਰਿੰਦਰਪਾਲ ਸਿੰਘ)**-ਸਰਕਾਰੀ ਪ੍ਰਾਇਮਰੀ ਸਕੂਲ ਸਿੰਘਪੁਰਾ ਤੋਂ 39 ਸਾਲ ਦੀਆਂ ਸ਼ਾਨਦਾਰ ਵਿੱਦਿਅਕ ਸੇਵਾਵਾਂ ਨਿਭਾਉਣ ਉਪਰੰਤ ਸੇਵਾਮੁਕਤ ਹੋਏ ਹੈੱਡ ਟੀਚਰ ਸੁਖਵਿੰਦਰ ਕੌਰ ਦੇ ਘਰ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਮਾਗਮ ਸਮੇਂ ਬੋਲਦਿਆਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਮੌਜੂਦਾ ਮੈਂਬਰ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਹਰਿਆਣਾ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸਾਨੂੰ ਸਭ ਨੂੰ ਮਿਲ ਕੇ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਹਰਿਆਣਾ ਸਰਕਾਰ ਨੂੰ ਅਪੀਲ ਕੀਤੀ ਕਿ ਜਿਸ ਤਰ੍ਹਾਂ ਹਿੰਦੀ ਨੂੰ ਪੰਜਾਬ ਦੇ ਸਕੂਲਾਂ ਵਿੱਚ ਤੀਜੀ ਕਲਾਸ ਤੋਂ ਸ਼ੁਰੂ ਕੀਤਾ ਗਿਆ ਹੈ, ਇਸੇ ਤਰ੍ਹਾਂ ਹਰਿਆਣਾ ਦੇ ਸਕੂਲਾਂ ਵਿੱਚ ਪੰਜਾਬੀ ਨੂੰ ਤੀਜੀ ਜਮਾਤ ਤੋਂ ਸ਼ੁਰੂ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬੀ ਮੁਹਾਰਨੀ ਨੂੰ ਚੰਗੀ ਤਰ੍ਹਾਂ ਸਿੱਖਣ ਨਾਲ ਸ਼ਬਦਾਵਲੀ ਦਾ ਸ਼ੁੱਧ ਉਚਾਰਨ ਹੁੰਦਾ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਬੱਚੇ ਕੱਲ੍ਹ ਦੇ ਨੇਤਾ ਹਨ। ਇਸ ਲਈ ਅਧਿਆਪਕ ਆਪਣੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਲਗਨ ਤੇ ਮਿਹਨਤ ਨਾਲ ਪੜ੍ਹਾਉਣ। ਉਨ੍ਹਾਂ ਹਰਿਆਣਾ ਸਰਕਾਰ ਤੋਂ ਪੰਜਾਬੀ ਅਧਿਆਪਕਾਂ ਦੀ ਜਲਦੀ ਭਰਤੀ ਦੀ ਵੀ ਪੁਰਜ਼ੋਰ ਮੰਗ ਕੀਤੀ। ਇਸ ਮੌਕੇ ਰਿਟਾਇਰਡ ਹੋਈ ਅਧਿਆਪਕਾ ਸੁਖਵਿੰਦਰ ਕੌਰ ਤੇ ਉਨ੍ਹਾਂ ਦੇ ਪਤੀ ਸਰਕਾਰੀ ਹਾਈ ਸਕੂਲ ਸਿੰਘਪੁਰਾ ਦੇ ਮੁੱਖ ਅਧਿਆਪਕ ਨਰਿੰਦਰ ਸਿੰਘ ਸਿੱਧੂ ਵੱਲੋਂ ਜਥੇਦਾਰ ਦਾਦੂਵਾਲ ਦਾ ਧੰਨਵਾਦ ਸਮੇਤ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਦੇਸ਼ ਦੀ ਏਕਤਾ ਤੇ ਅਖੰਡਤਾ ਬਹਾਲ ਕਰਨ ਲਈ ਲੋਕ ਕਾਂਗਰਸ ਦੇ ਹੱਥ ਸੌਂਪਣ ਸੱਤਾ : ਖੇਲਾ, ਗੁਰਨੂਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਰਾਹੁਲ ਗਾਂਧੀ ਦੀ ਦੇਸ਼ ਪ੍ਰਤੀ ਸਾਰਥਕ ਸੋਚ ਨੂੰ ਘਰ ਘਰ ਤੱਕ ਪਹੁੰਚਾਉਣ ਲਈ ਜਿੱਥੇ ਯੂਥ ਕਾਂਗਰਸ ਵੱਲੋਂ ਮੁਹਿੰਮ ਵਿੱਢੀ ਗਈ ਹੈ, ਉਥੇ ਹੀ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਵਿੱਚ ਵੀ ਯੂਥ ਕਾਂਗਰਸ ਦੇ ਜੁਝਾਰੂ ਆਗੂ ਤੇ ਵਰਕਰ ਆਪਣੀ ਅਹਿਮ ਭੂਮਿਕਾ ਨਿਭਾਉਣਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਸੋਨਾ ਖੇਲਾ ਜਲਾਲਾਬਾਦ, ਲੋਕ ਸਭਾ ਹਲਕਾ ਫਰੀਦਕੋਟ ਮੀਡੀਆ ਕੋਆਰਡੀਨੇਟਰ ਗੁਰਨੂਰ ਸਿੰਘ ਨੇ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਰਾਹੁਲ ਗਾਂਧੀ ਤੇ ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਦੀ ਸੋਚ 'ਤੇ ਪਹਿਰਾ ਦਿੰਦੇ ਹੋਏ ਯੂਥ ਕਾਂਗਰਸ ਦੇ ਆਗੂ ਤੇ ਵਰਕਰ ਇੱਕ ਜੁੱਟ ਹੋ ਕੇ, ਜਿਸ ਨੂੰ ਵੀ ਕਾਂਗਰਸ ਪਾਰਟੀ ਲੋਕ ਸਭਾ ਹਲਕਾ ਫਰੀਦਕੋਟ ਤੋਂ ਟਿਕਟ ਦੇ ਕੇ ਨਿਵਾਜੇਗੀ, ਉਸ ਨੂੰ ਵੱਡੀ ਲੀਡ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੌਜੂਦਾ ਹਲਾਤਾਂ ਤੋਂ ਸਮੁੱਚੇ ਪੰਜਾਬੀ ਪ੍ਰੇਸ਼ਾਨ ਹਨ, ਕਿਉਂਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਫਰੰਟ 'ਤੇ ਫੇਲ੍ਹ ਰਹੀ ਹੈ, ਤੇ ਪੰਜਾਬ ਦੇ ਲੋਕ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ, ਉਥੇ ਹੀ ਕੇਂਦਰ ਦੀ ਮੋਦੀ ਸਰਕਾਰ ਵੀ ਕਾਰਪੋਰੇਟ ਘਰਾਣਿਆਂ ਦੀ ਪੁਸ਼ਤਪਨਾਹੀ ਕਰ ਰਹੀ ਹੈ ਅਤੇ ਆਪਣੇ ਹੱਕਾਂ ਦੀ ਮੰਗ ਕਰ ਰਹੇ ਦੇਸ਼ ਦੇ ਅੰਨਦਾਤਾ ਕਿਸਾਨਾਂ ਨੂੰ ਸੜਕਾਂ 'ਤੇ ਰੋਲ ਰਹੀ ਹੈ। ਸਮੁੱਚੇ ਦੇਸ਼ ਵਿੱਚ ਮਹਿੰਗਾਈ ਅਮਰਵੇਲ ਵਾਂਗ ਵਧਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕ ਇਸ ਵਰਤਾਰੇ 'ਤੇ ਕਾਬੂ ਪਾਉਣ ਲਈ ਦੇਸ਼ ਦੀ ਸੱਤਾ ਕਾਂਗਰਸ ਦੇ ਹੱਥ ਸੌਂਪਣ ਤਾਂ ਜੋ ਦੇਸ਼ ਦੀ ਏਕਤਾ ਤੇ ਅਖੰਡਤਾ ਮੁੜ ਤੋਂ ਬਹਾਲ ਕਰਕੇ ਵਿਕਾਸ ਦੀਆਂ ਲੀਹਾਂ 'ਤੇ ਲਿਆਂਦਾ ਜਾ ਸਕੇ।

# ਮਹਾਂਸ਼ਿਵਰਾਤਰੀ ਦਾ ਤਿਉਹਾਰ ਮਨਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪ੍ਰਾਚੀਨ ਸ਼ਿਵ ਮੰਦਰ ਮਹਿਲ ਕਲਾਂ ਵਿਖੇ ਮਹਾ ਸ਼ਿਵਰਾਤਰੀ ਦਾ ਪਵਿੱਤਰ ਤਿਉਹਾਰ ਮਨਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਪ੍ਰਬੰਧਕਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਸਮੇਂ ਬਲਾਕ ਪ੍ਰਧਾਨ ਸਰਬਜੀਤ ਸਿੰਘ ਸੰਭੂ, ਬਿੰਦਰ ਸਿੰਘ ਖਾਲਸਾ, ਗੁਰਜੀਤ ਸਿੰਘ ਧਾਲੀਵਾਲ, ਗੁਰਦੀਪ ਸਿੰਘ ਸੋਢਾ, ਦਰਬਨ ਸਿੰਘ ਪੰਡੋਰੀ, ਵਿਜੈ ਕੁਮਾਰ ਬਾਂਸਲ, ਰਾਜਿੰਦਰਪਾਲ ਸਿੰਘ ਬਿੱਟੂ, ਸਤੀਸ਼ ਕੁਮਾਰ ਬਾਂਸਲ, ਕੁਲਵਿੰਦਰ ਸਿੰਘ ਬਿੱਟੂ, ਜਸਪਾਲ ਕੁਮਾਰ ਵਰਮਾ, ਮਨਦੀਪ ਕੌਸ਼ਲ, ਸੁਰਿੰਦਰ ਕੁਮਾਰ ਕਾਲਾ, ਰਾਹੁਲ ਕੌਸ਼ਲ, ਰਿੰਕੂ ਬਾਂਸਲ, ਖਜ਼ਾਨਚੀ ਗੋਲਡੀ ਵਰਮਾ, ਮੋਹਿਤ ਕੁਮਾਰ ਗਰਗ, ਮਹਿੰਦਰ ਸਿੰਘ ਅਰੋੜਾ, ਮਨਜੀਤ ਸ਼ਰਮਾ, ਨਛੱਤਰ ਸਿੰਘ ਬੁੱਟਰ, ਬਾਬੂ ਰੋਸ਼ਨ ਲਾਲ ਬਾਂਸਲ, ਰਾਜ ਸਿੰਘ ਭਾਬੜ, ਕੇਵਲ ਸਿੰਘ ਨੰਗਲ ਵਾਲੇ ਤੇ ਸਮੂਹ ਸ਼ਿਵ ਮੰਦਰ ਤੇ ਗਊਸ਼ਾਲਾ ਕਮੇਟੀ ਦੇ ਅਹੁਦੇਦਾਰ ਹਾਜ਼ਰ ਸਨ। ਪ੍ਰਧਾਨ ਨਰਿੰਦਰ ਸ਼ਰਮਾ ਦੀ ਅਗਵਾਈ 'ਚ ਵਿਧਾਇਕ ਪੰਡੋਰੀ ਸਮੇਤ ਵੱਖ-ਵੱਖ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ ਗਿਆ।

# 'ਮੋਦੀ ਹਰਾਓ, ਸੰਵਿਧਾਨ ਬਚਾਓ' ਮੁਹਿੰਮ ਚਲਾਉਣ ਦਾ ਫੈਸਲਾ : ਗੁਰਪ੍ਰੀਤ ਰੂੜੇਕੇ

## 14 ਮਾਰਚ ਤੋਂ 14 ਅਪ੍ਰੈਲ ਤੱਕ ਮੁਹਿੰਮ ਰਹੇਗੀ ਜਾਰੀ



**ਮਾਨਸਾ (ਆਤਮਾ ਸਿੰਘ ਪਮਾਰ)**-ਮਜ਼ਦੂਰ ਮੁਕਤੀ ਮੋਰਚਾ ਪੰਜਾਬ (ਆਇਰਲਾ) ਜ਼ਿਲ੍ਹਾ ਕਮੇਟੀ ਮਾਨਸਾ ਦੀ ਮੀਟਿੰਗ ਸਾਥੀ ਤਰਸੇਮ ਸਿੰਘ ਬਹਾਦਰਪੁਰ ਦੀ ਪ੍ਰਧਾਨਗੀ ਹੇਠ ਸਥਾਨਕ ਬਾਬਾ ਬੂਝਾ ਸਿੰਘ ਭਵਨ ਵਿਖੇ ਹੋਈ। ਮੀਟਿੰਗ ਦੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾ ਸਕੱਤਰ ਗੁਰਪ੍ਰੀਤ ਸਿੰਘ ਰੂੜੇਕੇ, ਜ਼ਿਲ੍ਹਾ ਪ੍ਰਧਾਨ ਕਾ. ਬਲਵਿੰਦਰ ਸਿੰਘ ਘਰਾਂਗਣਾ ਨੇ ਕਿਹਾ ਕਿ ਮੀਟਿੰਗ ਵਿੱਚ ਮੌਜੂਦਾ ਸਰਕਾਰ ਵੱਲੋਂ ਭਾਰਤੀ ਸੰਵਿਧਾਨ ਦੀਆਂ ਧੱਜੀਆਂ ਉਡਾ ਕੇ ਲੋਕਾਂ ਦੇ ਵਿਰੋਧ ਕਰਨ ਵਰਗੇ ਜਮਹੂਰੀ ਹੱਕਾਂ 'ਤੇ ਡਾਕੇ ਮਾਰਨ ਵਾਲੀ ਮੋਦੀ ਸਰਕਾਰ ਖਿਲਾਫ, 'ਮੋਦੀ ਹਰਾਓ, ਸੰਵਿਧਾਨ ਬਚਾਓ' ਮੁਹਿੰਮ ਵਿੱਢਣ ਦਾ ਫੈਸਲਾ ਕੀਤਾ ਗਿਆ ਹੈ। ਇਸ ਮੌਕੇ ਮਜ਼ਦੂਰ ਆਗੂਆਂ ਨੇ ਕਿਹਾ ਕਿ ਮਜ਼ਦੂਰ ਵਿਰੋਧੀ ਕਾਲੇ ਕਿਰਤ ਕਾਨੂੰਨ ਬਣਾਉਣ ਵਾਲੀ, ਮਨਰੇਗਾ ਦੇ ਬਜਟ 'ਤੇ ਕੱਟ ਲਾਉਣ, ਨਵੀਂ ਸਿੱਖਿਆ ਨੀਤੀ ਤਹਿਤ ਵਿੱਦਿਆ ਨੂੰ ਵਿਦਿਆਰਥੀਆਂ ਤੋਂ ਦੂਰ ਕਰਨ ਦੀ ਨੀਤੀ ਬਣਾਉਣ ਵਾਲੀ, ਕਿਸਾਨਾਂ ਮਜ਼ਦੂਰਾਂ ਦੇ ਹੱਕੀ ਸੰਘਰਸ਼ ਅੱਗੇ ਕਿੱਲ, ਬੈਰੀਗੇਡ ਲਗਾਉਣ ਵਾਲੀ, ਨਿਹੱਥੇ ਲੋਕਾਂ ਖਿਲਾਫ ਫੌਜ ਨੂੰ ਉਤਾਰ ਕੇ ਲੋਕਾਂ 'ਤੇ ਅੱਥਰੂ ਗੈਸ ਤੇ ਗੋਲੀਆਂ ਚਲਾਉਣ ਵਾਲੀ ਮੋਦੀ ਸਰਕਾਰ ਨੂੰ ਸੱਤਾ ਵਿੱਚ ਬਣੇ ਰਹਿਣ ਦਾ ਕੋਈ ਨੈਤਿਕ ਹੱਕ ਨਹੀਂ। ਉਨ੍ਹਾਂ ਕਿਹਾ ਕਿ ਨਾਰੀ ਸਸ਼ਕਤੀਕਰਨ ਦਾ ਨਾਅਰਾ ਲਾ ਕੇ ਮਜ਼ਦੂਰ ਔਰਤਾਂ ਦੀ ਮਾਇਕਰੋ ਫਾਇਨਾਂਸ ਕੰਪਨੀਆਂ ਤੋਂ ਆਰਥਿਕ ਲੁੱਟ ਕਰਨ ਦੀ ਖੁੱਲ੍ਹੀ ਛੁੱਟੀ ਦੇਣ ਵਾਲੀ ਮੋਦੀ ਸਰਕਾਰ ਖਿਲਾਫ ਮਜ਼ਦੂਰ ਮੋਰਚੇ ਵੱਲੋਂ 14 ਮਾਰਚ ਤੋਂ ਲੈ ਕੇ 14 ਅਪ੍ਰੈਲ ਤੱਕ 'ਮੋਦੀ ਹਰਾਓ, ਸੰਵਿਧਾਨ ਬਚਾਓ' ਮੁਹਿੰਮ ਪੂਰੇ ਸੂਬੇ ਵਿੱਚ ਚਲਾਈ ਜਾਵੇਗੀ।

ਇਸ ਮੁਹਿੰਮ ਤਹਿਤ ਜ਼ਿਲ੍ਹੇ ਅੰਦਰ ਪਿੰਡ-ਪਿੰਡ ਮੀਟਿੰਗਾਂ ਕਰਕੇ ਮਜ਼ਦੂਰ ਮੋਦੀ ਸਰਕਾਰ ਖਿਲਾਫ ਵੋਟ ਦੀ ਚੋਟ ਨਾਲ ਸੱਤਾ ਵਿੱਚੋਂ ਬੇਦਖਲ ਕਰਨ ਦਾ ਸੱਦਾ ਦੇਣ ਤੋਂ ਇਲਾਵਾ, ਜਥੇਬੰਦੀ ਮੈਂਬਰਸ਼ਿਪ ਮੁਹਿੰਮ ਨੂੰ ਵੀ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਬਿੰਦਰ ਕੌਰ ਉੱਡਤ, ਭਗਤ ਰਾਮ, ਗਗਨ ਸਿੰਘ ਖੜਕ ਸਿੰਘ ਵਾਲਾ, ਰਮੇਸ਼ ਭੰਮੇ, ਅੰਗਰੇਜ ਸਿੰਘ ਘਰਾਂਗਣਾ, ਦਰਸ਼ਨ ਸਿੰਘ ਦਾਨੇਵਾਲੀਆ, ਗੁਰਸੇਵਕ ਮਾਨ, ਧਰਮਪਾਲ ਭੀਖੀ, ਗੁਰਮੀਤ ਨੰਦਗੜ੍ਹ, ਕਾਮਰੇਡ ਬਿੰਦਰ ਕੌਰ ਉਡਤ, ਭਗਤ ਰਾਮ, ਦਰਸ਼ਨ ਸਿੰਘ ਦਾਨੇਵਾਲੀਆ, ਕ੍ਰਿਸ਼ਨ ਕੌਰ ਮਾਨਸਾ, ਹਾਕਮ ਸਿੰਘ ਖਿਆਲਾ, ਸੋਹਣਾ ਉੱਭਾ, ਭੋਲਾ ਸਿੰਘ ਗੜੱਦੀ, ਰਘਵੀਰ ਸਿੰਘ ਭੀਖੀ ਆਦਿ ਆਗੂ ਹਾਜ਼ਰ ਸਨ।

## ਯੂ ਐੱਸ ਏ ਦੀ ਧਰਤੀ 'ਤੇ ਜਸਵਿੰਦਰ ਸਿੰਘ ਸਿੱਧੂ ਨੂੰ ਮਿਲਿਆ ਸਨਮਾਨ



**ਕੋਟ ਈਸੇ ਖਾਂ (ਅਰੋੜਾ)**-ਈ ਟੀ ਟੀ ਅਧਿਆਪਕ ਯੂਨੀਅਨ ਪੰਜਾਬ ਦੇ ਪ੍ਰਧਾਨ ਨੂੰ ਪੰਜਾਬ ਸਰਕਾਰ ਵੱਲੋਂ ਨਿਯੁਕਤ ਕੀਤੇ ਗਮਾਡਾ ਦੇ ਡਾਇਰੈਕਟਰ ਜਸਵਿੰਦਰ ਸਿੰਘ ਸਿੱਧੂ ਦਾ ਪੰਜਾਬ ਭਰ 'ਚ ਸਨਮਾਨ ਹੋਣ ਤੋਂ ਬਾਅਦ ਵਿਦੇਸ਼ਾਂ 'ਚ ਵੀ ਵੱਡੇ ਪੱਧਰ 'ਤੇ ਸਨਮਾਨ ਹੋ ਰਿਹਾ ਹੈ। ਉਨ੍ਹਾ ਦੇ ਚਾਹੁਣ ਵਾਲੇ ਸਾਥੀਆਂ ਵੱਲੋਂ ਉਨ੍ਹਾਂ ਨੂੰ ਵਿਦੇਸ਼ਾਂ ਤੋਂ ਵੀ ਸੱਦੇ ਆਏ ਹਨ। ਯੂ ਐੱਸ ਏ ਦੀ ਸਟੇਟ ਇੰਡਿਆਨਾ ਦੇ ਸ਼ਹਿਰ ਗਰੀਨਵੁੱਡ 'ਚ ਉਨ੍ਹਾ ਦੇ ਸਾਥੀ ਬਲਜੀਤ ਸਿੰਘ ਸਿੱਧੂ ਦਾਨੂਵਾਲ ਕ੍ਰਿਸ਼ਨਪੁਰਾ ਵੱਲੋਂ ਗਰੀਨਵੁੱਡ ਸ਼ਹਿਰ 'ਚ ਇਕ ਸਮਾਗਮ ਕੀਤਾ ਗਿਆ, ਜਿਸ ਵਿੱਚ ਗਮਾਡਾ ਦੇ ਡਾਇਰੈਕਟਰ ਸ੍ਰ. ਜਸਵਿੰਦਰ ਸਿੰਘ ਸਿੱਧੂ ਵਿਸ਼ੇਸ਼ ਤੌਰ 'ਤੇ ਪੁੱਜੇ, ਜਿੱਥੇ ਬਲਜੀਤ ਸਿੰਘ ਸਿੱਧੂ ਤੇ ਉਨ੍ਹਾ ਦੇ ਸਾਥੀਆਂ ਵੱਲੋਂ ਸ੍ਰ. ਜਸਵਿੰਦਰ ਸਿੰਘ ਸਿੱਧੂ ਨੂੰ ਸ਼ਾਨ ਪੰਜਾਬ ਦੀ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਦਾਨੂਵਾਲ ਨੇ ਕਿਹਾ ਕਿ ਜਸਵਿੰਦਰ ਸਿੰਘ ਸਿੱਧੂ ਪੰਜਾਬ ਦਾ ਉਹ ਸੰਘਰਸ਼ਸ਼ੀਲ ਯੋਧਾ ਹੈ, ਜਿਸ ਨੇ ਪੰਜਾਬ ਦੇ ਹਜ਼ਾਰਾਂ ਅਧਿਆਪਕਾਂ ਨੂੰ ਰੈਗੂਲਰ ਰੁਜ਼ਗਾਰ ਦਿਵਾਇਆ ਹੈ, ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਬਚਾਇਆ ਹੈ। ਉਨ੍ਹਾ ਨੂੰ ਅਮਰੀਕਾ ਦੀ ਧਰਤੀ 'ਤੇ ਸਨਮਾਨ ਕਰਕੇ ਅਸੀਂ ਖੁਸ਼ੀ ਮਹਿਸੂਸ ਕਰ ਰਹੇ ਹਾਂ। ਜਸਵਿੰਦਰ ਸਿੰਘ ਸਿੱਧੂ ਨੇ ਸਾਰੇ ਯੂ ਐੱਸ ਏ ਨਿਵਾਸੀਆਂ ਦਾ ਖਾਸ ਕਰਕੇ ਬਲਜੀਤ ਸਿੰਘ ਸਿੱਧੂ ਦਾ ਇਸ ਮਾਣ ਸਨਮਾਨ ਲਈ ਧੰਨਵਾਦ ਕੀਤਾ।

# ਜਗਤਾਰ ਸਿੰਘ ਰਾਜਿਆਣਾ ਨੂੰ ਹਲਕੇ ਦੀ ਲੀਡਰਸ਼ਿਪ ਨੇ ਕੀਤਾ ਸਨਮਾਨਤ

## 'ਪੰਜਾਬ ਬਚਾਓ ਯਾਤਰਾ' ਦਾ ਬਾਘਾ ਪੁਰਾਣਾ ਪੁੱਜਣ 'ਤੇ ਕੀਤਾ ਜਾਵੇਗਾ ਸਵਾਗਤ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸੰਯੁਕਤ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਇੱਕ ਹੋ ਜਾਣ ਦੇ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਵਿੱਚ ਖੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦਾ ਕਹਿਣਾ ਹੈ ਕਿ ਹੁਣ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ 13 ਦੀਆਂ 13 ਸੀਟਾਂ 'ਤੇ ਸ਼ਾਨਦਾਰ ਪ੍ਰਦਰਸ਼ਨ ਕਰੇਗੀ ਅਤੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ ਤੋਂ ਹੁਣ ਕੋਈ ਵੀ ਰੋਕ ਨਹੀਂ ਸਕਦਾ ਹੈ। ਸੰਯੁਕਤ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹੋਏ ਰਲੇਵੇਂ ਦੇ ਬਾਅਦ ਅੱਜ ਹਲਕਾ ਬਾਘਾ ਪੁਰਾਣਾ ਦੀ ਸਮੁੱਚੀ ਅਕਾਲੀ ਦਲ ਦੀ ਲੀਡਰਸ਼ਿਪ ਵੱਲੋਂ ਜਗਤਾਰ ਸਿੰਘ ਰਾਜਿਆਣਾ ਨੂੰ ਉਨ੍ਹਾਂ ਦੇ ਸਥਾਨ 'ਤੇ ਪੁੱਜ ਕੇ ਉਨ੍ਹਾਂ ਦਾ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਤੀਰਥ ਸਿੰਘ ਮਾਹਲਾ ਤੇ ਜਗਤਾਰ ਸਿੰਘ ਰਾਜਿਆਣਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ 13 ਮਾਰਚ ਨੂੰ 'ਪੰਜਾਬ ਬਚਾਓ' ਯਾਤਰਾ ਦਾ ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਵਿੱਚ ਪੰਜਾਬ ਬਚਾਓ ਯਾਤਰਾ ਨੂੰ ਲੈ ਕੇ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਬਚਾਓ ਯਾਤਰਾ 13 ਮਾਰਚ ਨੂੰ ਬਾਘਾ ਪੁਰਾਣਾ ਦੇ ਹਲਕੇ ਸਮਾਧ ਭਾਈ 1.30 ਵਜੇ, ਸੰਗਤਪੁਰਾ, ਮਾੜੀ, ਚੰਨੂੰ ਵਾਲਾ, ਬੁੱਧ ਸਿੰਘ ਵਾਲਾ, ਬਾਘਾ ਪੁਰਾਣਾ, ਲੰਗੇਆਣਾ ਵਿਖੇ 'ਪੰਜਾਬ ਬਚਾਓ ਯਾਤਰਾ' ਦਾ ਪਹੁੰਚਣ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਵਰਕਰ ਜ਼ੋਰਦਾਰ ਸਵਾਗਤ ਕਰਨਗੇ।

# ਸਰਬੱਤ ਦਾ ਭਲਾ ਟਰੱਸਟ ਵੱਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਤ ਸਮਾਗਮ

## ਵੱਖ ਵੱਖ ਖੇਤਰਾਂ 'ਚ ਨਾਮਣਾ ਖੱਟਣ ਵਾਲੀਆਂ ਔਰਤਾਂ ਨੂੰ ਕੀਤਾ ਸਨਮਾਨਤ



**ਮੱਖੂ (ਰਛਪਾਲ ਸਿੰਘ ਸੰਧੂ)**-ਵਿਸ਼ਵ ਪ੍ਰਸਿੱਧ ਸਮਾਜ ਸੇਵੀ ਡਾ. ਐੱਸ ਪੀ ਸਿੰਘ ਓਬਰਾਏ ਵੱਲੋਂ ਚਲਾਈ ਜਾ ਰਹੀ ਸਮਾਜ ਸੇਵੀ ਸੰਸਥਾ ਸਰਬੱਤ ਦਾ ਭਲਾ ਟਰੱਸਟ ਵੱਲੋਂ ਅੰਤਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਤ ਮਖੂ ਦੇ ਸਿੰਘ ਸਭਾ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਵਿੱਚ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਵਿਧਾਇਕ ਨਰੇਸ਼ ਕਟਾਰੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਸਮੇਂ ਉਨ੍ਹਾਂ ਨਾਲ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਇਸਤਰੀ ਵਿੰਗ ਜ਼ਿਲ੍ਹਾ ਪ੍ਰਧਾਨ ਮੈਡਮ ਅਮਰਜੀਤ ਕੌਰ ਛਾਬੜਾ, ਮਖੂ ਪ੍ਰਧਾਨ ਦਵਿੰਦਰ ਸਿੰਘ ਛਾਬੜਾ ਤੇ ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ ਮੌਜੂਦ ਸਨ। ਇਸ ਸਮਾਗਮ ਵਿੱਚ ਵੱਖ ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਔਰਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਵੱਖ ਵੱਖ ਬੁਲਾਰਿਆਂ ਵੱਲੋਂ ਔਰਤਾਂ ਪ੍ਰਤੀ ਸਮਾਜਿਕ ਰਵੱਈਆ, ਔਰਤਾਂ ਪ੍ਰਤੀ ਪਰਿਵਾਰਕ ਜ਼ੁੰਮੇਵਾਰੀਆਂ ਤੇ ਸਮਾਜ ਵਿੱਚ ਉਨ੍ਹਾਂ ਦੀਆਂ ਉਪਲੱਬਧੀਆਂ ਕਈ ਹੋਰ ਵਿਸ਼ਿਆਂ ਉੱਪਰ ਆਪਣੇ ਆਪਣੇ ਵਿਚਾਰਾਂ ਦਾ ਅਦਾਨ ਪ੍ਰਦਾਨ ਕੀਤਾ। ਮੁੱਖ ਮਹਿਮਾਨ ਨਰੇਸ਼ ਕਟਾਰੀਆ ਮਹਿਲਾ ਦਿਵਸ ਮੌਕੇ ਨਾਮਣਾ ਖੱਟਣ ਵਾਲੀਆਂ ਔਰਤਾਂ ਦੀ ਪ੍ਰਸ਼ੰਸਾ ਕੀਤੀ ਗਈ ਤੇ ਟੀਮ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ ਵੱਲੋਂ ਸਰਬੱਤ ਦਾ ਭਲਾ ਟਰੱਸਟ ਦੇ ਲੋੜਵੰਦਾਂ ਪ੍ਰਤੀ ਕੀਤੇ ਜਾ ਰਹੇ ਕਾਰਜਾਂ ਦੀ ਜਾਣਕਾਰੀ ਦਿੱਤੀ ਗਈ। ਸਟੇਜ ਸਕੱਤਰ ਦੀ ਸੇਵਾ ਮੈਡਮ ਅਮਰਜੀਤ ਕੌਰ ਛਾਬੜਾ ਵੱਲੋਂ ਬਾਖੂਬੀ ਨਿਭਾਈ ਗਈ। ਅੰਤ ਵਿੱਚ ਸਮਾਜਿਕ ਰੂੜੀਵਾਦੀ ਵਿਚਾਰਾਂ ਨੂੰ ਛੱਡ ਕੇ ਅੱਗੇ ਆਉਣ ਵਾਲੀਆਂ ਔਰਤਾਂ ਤੇ ਲੜਕੀਆਂ ਨੂੰ ਸਨਮਾਨ ਚਿੰਨ੍ਹ ਦੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਦਵਿੰਦਰ ਸਿੰਘ ਛਾਬੜਾ ਮਖੂ, ਬਲਵਿੰਦਰ ਕੌਰ ਲਹੁਕੇ, ਤਲਵਿੰਦਰ ਕੌਰ, ਸੁਰਿੰਦਰ ਸਾਗਰ ਖੁਰਾਣਾ ਯੂਐੱਸਏ, ਨਰਿੰਦਰ ਕਟਾਰੀਆ ਆਗੂ ਆਮ ਆਦਮੀ ਪਾਰਟੀ, ਡਾ. ਰਜੀਵ ਅਹੂਜਾ ਰਵੀ, ਦਰਬਾਰਾ ਸਿੰਘ, ਪ੍ਰੇਮ ਮਨਚੰਦਾ, ਕਿਰਨ ਪੇਂਟਰ, ਮਨਪ੍ਰੀਤ ਸਿੰਘ, ਕੇਵਲ ਅਹੂਜਾ ਤੇ ਜ਼ੀਰਾ ਹਲਕੇ ਦੀਆਂ ਸਨਮਾਨਤ ਹੋਣ ਵਾਲੀਆਂ ਔਰਤਾਂ ਵਿਚ ਬਲਵਿੰਦਰ ਕੌਰ ਲਹੁਕੇ, ਤਲਵਿੰਦਰ ਕੌਰ, ਮਖੂ ਦੀ ਲੜਕੀ ਯੂ ਐੱਸ ਏ ਵਿੱਚ ਪਾਇਲਟ ਮੀਨਾਲ ਪੌਲ, ਪੱਤਰਕਾਰ ਨਵਜੋਤ ਨੀਲੇਵਾਲਾ, ਪੱਤਰਕਾਰ ਸਿਮਰਨਜੀਤ ਕੌਰ ਮਰਹਾਣਾ, ਅੰਤਰਰਾਸ਼ਟਰੀ ਕੋਚ ਮੈਡਮ ਲਕਸ਼ਮੀ ਵਰਮਾ, ਨਸੀਬ ਕੌਰ, ਦਰਸ਼ਨ ਕੌਰ ਜੀਰਵੀ, ਕਮਲਦੀਪ ਕੌਰ ਪੰਜਾਬ ਇਸਤਰੀ ਸਭਾ ਜ਼ੀਰਾ, ਹਰਪ੍ਰੀਤ ਕੌਰ ਜ਼ੀਰਾ, ਪਰਮਜੀਤ ਕੌਰ ਮੁੱਦਕੀ, ਅਮਨਦੀਪ ਕੌਰ ਸਾਂਝ ਕੇਂਦਰ ਥਾਣਾ ਮਖੂ, ਪਰਮਜੀਤ ਕੌਰ ਸਾਂਝ ਕੇਂਦਰ ਥਾਣਾ, ਮਨੀਸ਼ਾ ਸ਼ਰਮਾ ਸਾਂਝ ਕੇਂਦਰ ਥਾਣਾ ਮਖੂ, ਹਰਮਨ ਕੌਰ ਗੋਲਡ ਮੈਡਲਿਸਟ, ਕੋਮਲਪ੍ਰੀਤ ਕੌਰ ਗੋਲਡ ਮੈਡਲਿਸਟ, ਸੁਖਪ੍ਰੀਤ ਕੌਰ ਗੋਲਡ ਮੈਡਲਿਸਟ, ਤਾਨੀਆ, ਕਿਰਨਦੀਪ ਕੌਰ, ਬੇਅੰਤ ਕੌਰ, ਸੁਖਵਿੰਦਰ ਕੌਰ, ਡਾ. ਕਿਰਨਦੀਪ ਕੌਰ, ਸਰਨਜੀਤ ਕੌਰ, ਪਰਮਜੀਤ ਕੌਰ ਗਾਬਾ, ਜਸਬੀਰ ਕੌਰ ਕਾਲੜਾ, ਪਰਮਜੀਤ ਕੌਰ ਪੱਟੀ ਵਾਲੇ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੇ ਮੈਂਬਰ ਤੇ ਹੋਰ ਪਤਵੰਤੇ ਮੌਜੂਦ ਸਨ। ਇਸ ਮੌਕੇ ਸੁਖਮਨੀ ਸੇਵਾ ਸੁਸਾਇਟੀ ਵੱਲੋਂ ਲੰਗਰ ਦਾ ਪ੍ਰਬੰਧ ਕੀਤਾ ਗਿਆ।

# ਵਿਧਾਇਕ ਭੁੱਲਰ ਨੇ ਪਿੰਡਾਂ 'ਚ ਰੱਖੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਰਾਜ ਦੇ ਪਿੰਡਾਂ ਤੇ ਸ਼ਹਿਰਾਂ ਦੇ ਸਰਬਪੱਖੀ ਵਿਕਾਸ ਲਈ ਲਗਾਤਾਰ ਕਾਰਜਸ਼ੀਲ ਹੈ। ਇਹ ਪ੍ਰਗਟਾਵਾ ਹਲਕਾ ਫਿਰੋਜ਼ਪੁਰ ਸ਼ਹਿਰੀ ਵਿਖੇ ਵਿਕਾਸ ਕਾਰਜਾਂ ਨੂੰ ਅੱਗੇ ਤੋਰਦੇ ਹੋਏ ਹਲਕਾ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਟੱਲੀ ਸੈਦਾਂ ਸਾਹੂ, ਹਸਤੀ ਵਾਲਾ, ਬੱਗੇ ਕੇ ਖੁਰਦ, ਆਰਿਫ ਕੇ, ਪੀਰਾਂ ਵਾਲਾ ਆਦਿ ਪਿੰਡਾਂ ਵਿਖੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖਣ ਮੌਕੇ ਕੀਤਾ।ਇਸ ਮੌਕੇ ਵਿਧਾਇਕ ਭੁੱਲਰ ਨੇ ਕਿਹਾ ਕਿ ਫਿਰੋਜ਼ਪੁਰ ਜ਼ਿਲ੍ਹੇ ਦੇ ਵੱਖ-ਵੱਖ ਵਿਕਾਸ ਦੇ ਕਾਰਜ ਜੰਗੀ ਪੱਧਰ 'ਤੇ ਚੱਲ ਰਹੇ ਹਨ, ਜਿਸ ਤਹਿਤ ਫਿਰੋਜ਼ਪੁਰ ਹਲਕੇ ਦੇ ਵੱਖ-ਵੱਖ ਪਿੰਡਾਂ ਦੀਆਂ ਗਲੀਆਂ ਵਿੱਚ ਇੰਟਰਲਾਕ ਟਾਈਲਾਂ ਲਗਾਉਣ ਦਾ ਨੀਂਹ ਪੱਥਰ ਰੱਖਿਆ ਗਿਆ ਹੈ।ਇਹ ਗਲੀਆਂ ਛੇਤੀ ਹੀ ਪੱਕੀਆਂ ਹੋ ਜਾਣਗੀਆਂ, ਜਿਸ ਨਾਲ ਪਿੰਡਾਂ ਦੇ ਲੋਕਾਂ ਨੂੰ ਕਾਫੀ ਫਾਇਦਾ ਹੋਵੇਗਾ।ਉਨ੍ਹਾ ਕਿਹਾ ਕਿ ਉਨ੍ਹਾਂ ਵੱਲੋਂ ਹਲਕਾ ਵਾਸੀਆਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕੀਤਾ ਜਾਵੇਗਾ।ਇਸ ਮੌਕੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਹਲਕੇ ਵਿੱਚ ਸਰਵਪੱਖੀ ਵਿਕਾਸ ਕਰਵਾਉਣ ਲਈ ਵਚਨਬੱਧ ਹੈ ਅਤੇ ਰਾਜ ਦੀ ਤਰੱਕੀ ਤੇ ਖੁਸ਼ਹਾਲੀ ਲਈ ਵਿਕਾਸ ਕਾਰਜਾਂ ਲਈ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਅਮਰਿੰਦਰ ਬਰਾੜ, ਬਲਦੇਵ ਸਿੰਘ, ਅੰਗਰੇਜ਼ ਸਿੰਘ, ਦਲੇਰ ਸਿੰਘ, ਬਲਵਿੰਦਰ ਸਿੰਘ, ਸੰਦੀਪ ਧਵਨ, ਪ੍ਰਦੀਪ ਕੁਮਾਰ, ਸੁਰਜੀਤ ਸਿੰਘ ਤੋਂ ਇਲਾਵਾ ਪਿੰਡਾਂ ਦੇ ਹੋਰ ਪਤਵੰਤੇ ਵੀ ਹਾਜ਼ਰ ਸਨ।

12-March-PAGE-11.qxd 3/11/2024 8:50 PM Page 1



# ਮਾਨ ਸਰਕਾਰ ਦੇ ਦੋ ਸਾਲਾ ਕਾਰਜਕਾਲ 'ਚ ਗੁਰਦਾਸਪੁਰ 'ਚ ਆਈ ਵਿਕਾਸ ਕ੍ਰਾਂਤੀ : ਰਮਨ ਬਹਿਲ

**ਗੁਰਦਾਸਪੁਰ, (ਦਿਨੇਸ਼ ਕੁਮਾਰ)**—ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਦੋ ਸਾਲ ਪੂਰੇ ਹੋਣ 'ਤੇ ਸੂਬਾ ਵਾਸੀਆਂ ਨੂੰ ਵਧਾਈ ਦਿੱਤੀ ਹੈ।ਅੱਜ ਆਪਣੇ ਗ੍ਰਹਿ ਵਿਖੇ ਇੱਕ ਪ੍ਰੈੱਸ ਕਾਨਫ਼ਰੰਸ ਦੌਰਾਨ ਚੇਅਰਮੈਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਜਿੱਥੇ ਸੂਬੇ ਭਰ ਵਿੱਚ ਹਰ ਖੇਤਰ ਦਾ ਮਿਸਾਲੀ ਵਿਕਾਸ ਕੀਤਾ ਗਿਆ ਹੈ ਓਥੇ ਇਹ ਦੋ ਸਾਲ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੀ ਤਰੱਕੀ ਤੇ ਖ਼ੁਸ਼ਹਾਲੀ ਲਈ ਵੀ ਅਹਿਮ ਸਾਬਤ ਹੋਏ ਹਨ। ਉਨ੍ਹਾਂ ਕਿਹਾ ਕਿ ਬੀਤੇ ਦੋ ਸਾਲਾਂ ਵਿੱਚ ਮਾਨ ਸਰਕਾਰ ਵੱਲੋਂ ਵਿਧਾਨ ਸਭਾ ਗੁਰਦਾਸਪੁਰ ਵਿੱਚ ਵੱਖ-ਵੱਖ ਵਿਕਾਸ ਕਾਰਜਾਂ ਉੱਪਰ 100 ਕਰੋੜ ਰੁਪਏ ਤੋਂ ਵੱਧ ਰਾਸ਼ੀ ਖ਼ਰਚ ਕਰਕੇ ਵਿਕਾਸ ਕ੍ਰਾਂਤੀ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਦੀ ਅਜੇ ਤਾਂ ਸ਼ੁਰੂਆਤ ਹੋਈ ਹੈ, ਅਗਲੇ ਤਿੰਨ ਸਾਲਾਂ ਵਿੱਚ ਮਾਨ ਸਰਕਾਰ ਵੱਲੋਂ ਰਿਕਾਰਡ ਵਿਕਾਸ ਕੀਤਾ ਜਾਵੇਗਾ।ਬੀਤੇ ਦੋ ਸਾਲਾਂ ਦੌਰਾਨ ਵਿਧਾਨ ਸਭਾ ਹਲਕਾ ਗੁਰਦਾਸਪੁਰ ਵਿੱਚ ਹੋਏ ਵਿਕਾਸ ਕਾਰਜਾਂ ਦਾ ਬਿਉਰਾ ਦਿੰਦਿਆਂ ਚੇਅਰਮੈਨ ਬਹਿਲ ਨੇ ਦੱਸਿਆ ਕਿ ਉਨ੍ਹਾਂ ਨੇ ਜਦੋਂ ਮਾਨ ਸਰਕਾਰ ਵਿੱਚ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਵਜੋਂ ਸੇਵਾ ਸੰਭਾਲੀ ਸੀ ਤਾਂ ਉਨ੍ਹਾਂ ਨੇ ਤਰਜੀਹੀ ਤੌਰ 'ਤੇ ਗੁਰਦਾਸਪੁਰ ਵਿਖੇ ਸਿਹਤ ਸੇਵਾਵਾਂ ਦੇ ਸੁਧਾਰ ਲਈ ਵਿਸ਼ੇਸ਼ ਯਤਨ ਕੀਤੇ ਸਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿਹਤ ਮੰਤਰੀ ਵੱਲੋਂ ਵੀ ਉਨ੍ਹਾਂ ਨੂੰ ਇਸ ਵਿੱਚ ਪੂਰਾ ਸਹਿਯੋਗ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਗੁਰਦਾਸਪੁਰ ਦੇ ਬੰਦ ਪਏ ਪੁਰਾਣੇ ਸਿਵਲ ਹਸਪਤਾਲ ਨੂੰ ਮੁੜ ਚਾਲੂ ਕਰਵਾ ਕੇ ਇਸ ਨੂੰ ਅਰਬਨ ਕਮਿਊਨਿਟੀ ਸੈਂਟਰ ਦਾ ਦਰਜਾ ਦਿਵਾਇਆ ਗਿਆ ਹੈ ਅਤੇ ਪੰਜਾਬ ਸਰਕਾਰ ਵੱਲੋਂ ਇਸ ਹਸਪਤਾਲ ਵਿੱਚ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਦੇ ਨਾਲ ਡਾਕਟਰਾਂ ਅਤੇ ਹੋਰ ਸਟਾਫ਼ ਦੀਆਂ 20 ਅਸਾਮੀਆਂ ਵੀ ਮਨਜ਼ੂਰ ਕੀਤੀਆਂ ਗਈਆਂ ਹਨ। ਜ਼ਿਲ੍ਹਾ ਹਸਪਤਾਲ ਬੱਬਰੀ ਗੁਰਦਾਸਪੁਰ ਦੀ ਇਮਾਰਤ ਉਪਰ 2.32 ਕਰੋੜ ਰੁਪਏ ਖ਼ਰਚ ਕੀਤੇ ਜਾ ਰਹੇ ਹਨ ਅਤੇ ਇਸ ਹਸਪਤਾਲ 1.15 ਕਰੋੜ ਰੁਪਏ ਦਾ ਸਾਮਾਨ, ਮਦਰ ਕੇਅਰ ਯੂਨਿਟ ਉਪਰ 10 ਕਰੋੜ ਰੁਪਏ, ਕ੍ਰਿਟੀਕਲ ਕੇਅਰ ਯੂਨਿਟ ਉਪਰ 13.15 ਕਰੋੜ ਰੁਪਏ ਖ਼ਰਚ ਕੀਤੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਹਸਪਤਾਲ ਵਿੱਚ 5 ਕਰੋੜ ਰੁਪਏ ਦੀ ਲਾਗਤ ਨਾਲ ਸਕੈਨਿੰਗ ਮਸ਼ੀਨ ਅਤੇ 24 ਲੱਖ




ਰੁਪਏ ਦੀ ਲਾਗਤ ਨਾਲ ਅਲਟਰਾਸਾਊਂਡ ਮੁਹੱਈਆ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ 5 ਲੱਖ ਰੁਪਏ ਦੀ ਲਾਗਤ ਨਾਲ ਓਟੀ ਵਿੱਚ ਲਾਈਟਾਂ ਲਗਾਈਆਂ ਗਈਆਂ ਹਨ।ਵਿਧਾਨ ਸਭਾ ਹਲਕਾ ਗੁਰਦਾਸਪੁਰ ਵਿੱਚ 2.15 ਕਰੋੜ ਰੁਪਏ ਖ਼ਰਚ ਕਰਕੇ 8 ਆਮ ਆਦਮੀ ਕਲੀਨਿਕ ਬਣਾਏ ਗਏ ਹਨ।ਉਨ੍ਹਾਂ ਦੱਸਿਆ ਕਿ ਹਸਪਤਾਲ ਨੂੰ 20 ਲੱਖ ਰੁਪਏ ਦੀ ਵੈਨ ਮੁਹੱਈਆ ਕਰਵਾਈ ਗਈ ਹੈ।ਸਿਹਤ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਸਿੱਖਿਆ ਅਤੇ ਹੋਰ ਖੇਤਰਾਂ ਵਿੱਚ ਵਿਧਾਨ ਸਭਾ ਹਲਕਾ ਵਿੱਚ ਵੱਖ-ਵੱਖ ਵਿਕਾਸ ਕਾਰਜ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ 2.50 ਕਰੋੜ ਰੁਪਏ ਗੁਰਦਾਸਪੁਰ ਦੇ ਸਕੂਲ ਆਫ਼ ਐਮੀਨੈਂਸ ਉਪਰ ਖ਼ਰਚ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ 36 ਲੱਖ ਰੁਪਏ ਜ਼ਿਲ੍ਹਾ ਲਾਇਬ੍ਰੇਰੀ ਦੀ ਮੁਰੰਮਤ ਉੱਪਰ ਖ਼ਰਚ ਕੀਤੇ ਗਏ ਹਨ। ਇਸ ਤੋਂ ਇਲਾਵਾ ਦਹਾਕਿਆਂ ਤੋਂ ਬੰਦ ਪਏ ਕਲਾ ਕੇਂਦਰ ਨੂੰ ਮੁੜ ਸੁਰਜੀਤ ਕਰਨ ਲਈ 15 ਲੱਖ ਰੁਪਏ ਖ਼ਰਚ ਕੀਤੇ ਗਏ ਹਨ।ਰਮਨ ਬਹਿਲ ਨੇ ਦੱਸਿਆ ਉਪਰੋਕਤ ਦੱਸੇ ਵਿਕਾਸ ਕਾਰਜਾਂ ਤੋਂ ਇਲਾਵਾ ਹੋਰ ਵੱਖ-ਵੱਖ ਖੇਤਰਾਂ 'ਚ ਵੀ ਢੇਰ ਸਾਰਾ ਕਿਸ ਹੋਇਆ ਹੈ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਹਲਕਾ ਉਨ੍ਹਾਂ ਦੀ ਕਰਮ ਭੂਮੀ ਹੈ ਅਤੇ ਉਹ ਆਪਣੇ ਹਲਕਾ ਵਾਸੀਆਂ ਦੀ ਸੇਵਾ ਵਿੱਚ ਹਰ ਸਮੇਂ ਹਾਜ਼ਰ ਹਨ।ਇਸ ਮੌਕੇ ਉਨ੍ਹਾਂ ਨਾਲ ਮਾਰਕੀਟ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਭਾਰਤ ਭੂਸ਼ਨ ਸ਼ਰਮਾ, ਕੇਸ਼ਵ ਬਹਿਲ, ਧਰੁਵ ਬਹਿਲ ਅਤੇ ਹੋਰ ਮੋਹਤਬਰ ਵੀ ਹਾਜ਼ਰ ਸਨ।

# ਕੈਬਨਿਟ ਮੰਤਰੀ ਈਟੀਓ ਵੱਲੋਂ 78 ਕਰੋੜ ਤੋਂ ਵੱਧ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਹਲਕਾ ਜੰਡਿਆਲਾ ਗੁਰੂ, ਸ੍ਰੀ ਖਡੂਰ ਸਾਹਿਬ ਅਤੇ ਸ੍ਰੀ ਬਾਬਾ ਬਕਾਲਾ ਸਾਹਿਬ ਵਿੱਚ 78 ਕਰੋੜ ਰੁਪਏ ਤੋਂ ਵੱਧ ਦੇ ਕੰਮਾਂ ਦੀ ਸ਼ੁਰੂਆਤ ਕੀਤੀ। ਆਪਣੇ ਇਸ ਤੂਫਾਨੀ ਦੌਰੇ ਦੌਰਾਨ ਉਨ੍ਹਾਂ ਨੇ ਸਵੇਰ ਤੋਂ ਹੀ ਵੱਖ-ਵੱਖ ਵਿਕਾਸ ਕੰਮਾਂ ਦੇ ਨਹੀਂ ਪੱਥਰ ਰੱਖਣੇ ਸ਼ੁਰੂ ਕੀਤੇ ਜੋ ਕਿ ਸ਼ਾਮ ਤੱਕ ਜਾਰੀ ਰਹੇ। ਸੁਲਤਾਨਵਿੰਡ ਬਾਈਪਾਸ ਵਿਖੇ ਪੁਲ ਦੀ ਸ਼ੁਰੂਆਤ ਤੋਂ ਉਪਰੰਤ ਉਨ੍ਹਾਂ ਨੇ ਅੰਮ੍ਰਿਤਸਰ-ਮਹਿਤਾ ਸੜਕ ਦੇ ਬਾਈਪਾਸ



ਬਣਨ ਕਾਰਨ ਮਹਿਤਾ-ਸ੍ਰੀ ਹਰਗੋਬਿੰਦਪੁਰ ਰੋਡ ਦੇ ਪੁਰਾਣੇ ਹਿੱਸੇ ਨੂੰ ਚੌੜਾ ਤੇ ਨਵਾਂ ਬਣਾਉਣ ਲਈ ਸੜਕ ਦਾ ਕੰਮ ਸ਼ੁਰੂ ਕਰਵਾਇਆ, ਜਿਸ ਉੱਤੇ 15 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਖਰਚ ਹੋਵੇਗੀ। ਇਸੇ ਤਰ੍ਹਾਂ ਬਾਬਾ ਬਕਾਲਾ ਸਾਹਿਬ ਮਹਿਤਾ ਰੋਡ ਸੜਕ ਨੂੰ ਚਾਰ ਮਾਰਗੀ ਕਰਨ ਲਈ ਕੰਮ ਦੀ ਸ਼ੁਰੂਆਤ ਕਰਵਾਈ, ਜਿਸ ਉੱਤੇ 18 ਕਰੋੜ ਰੁਪਏ ਤੋਂ ਵੱਧ ਖਰਚ ਆਵੇਗਾ। ਇਸ ਤੋਂ ਇਲਾਵਾ ਜੀਟੀ ਰੋਡ ਬਾਈਪਾਸ ਤੋਂ ਡੇਰਾ ਬਾਬਾ ਜੈਮਲ ਸਿੰਘ, ਸਠਿਆਲਾ, ਬੁਤਾਲਾ, ਕਰਤਾਰਪੁਰ ਸਾਹਿਬ ਰੋਡ ਦੀ ਸ਼ੁਰੂਆਤ ਵੀ ਕਰਵਾਈ ਜਿਸ ਉੱਤੇ 20 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਖਰਚ ਹੋਵੇਗੀ। ਕੈਬਨਿਟ ਮੰਤਰੀ ਨੇ ਨਾਗੋਕੇ ਖਡੂਰ ਸਾਹਿਬ ਗੋਇੰਦਵਾਲ ਸਾਹਿਬ ਰੋਡ, ਜੰਡਿਆਲਾ ਗੁਰੂ ਤੋਂ ਤਰਨ ਤਾਰਨ ਸੜਕ ਜੋ ਕਿ ਕੱਦ ਗਿੱਲ ਤੋਂ ਜੰਡਿਆਲਾ ਗੁਰੂ ਵਾਇਆ ਪੱਖੋ ਕੇ ਜਾਣੀਆ, ਅੰਮ੍ਰਿਤਸਰ-ਜਲੰਧਰ ਸੜਕ ਮਾਨਾਂਵਾਲਾ ਤੋਂ ਦੇਵੀਦਾਸਪੁਰਾ ਤੋਂ ਗਹਿਰੀ ਮੰਡੀ ਸੜਕ ਦੀ ਅਪਗਰੇਡੇਸ਼ਨ ਅਤੇ ਹੋਰ ਵੱਡੇ ਕੰਮਾਂ ਦੀ ਸ਼ੁਰੂਆਤ ਕਰਵਾਈ। ਕੈਪਟਨ ਮਨਜਿੰਦਰ ਸਿੰਘ ਭਿੰਡਰ ਯਾਦਗਾਰੀ ਸਟੇਟ ਖੇਡ ਸਟੇਡੀਅਮ ਮਹਿਤਾ ਨੰਗਲ ਵਿਖੇ ਹਾਈ ਸਟਰੀਟ ਲਾਈਟਾਂ ਦਾ ਉਦਘਾਟਨ ਵੀ ਕੀਤਾ। ਮਹਿਤੇ ਤੋਂ ਉਦੋਨੰਗਲ ਮਹਿਤਾ ਨੰਗਲੀ ਸੜਕ, ਅੰਮ੍ਰਿਤਸਰ ਮਹਿਤਾ ਰੋਡ ਤੋਂ ਅੱਧੋਵਾਲੀ, ਅੰਮ੍ਰਿਤਸਰ ਮਹਿਤਾ ਰੋਡ ਤੋਂ ਮਹਿਤਾ ਬੁਤਾਲਾ ਰੋਡ, ਮਹਿਤਾ ਰੋਡ ਤੋਂ ਗਾਂਧੀ ਪ੍ਰਧਾਨ ਦਾ ਬਾਜ਼ਾਰ ਵਿੱਚ ਇੰਟਰਲੋਕ ਟਾਈਲਾਂ, ਮਹਿਤਾ ਖੱਬੇ ਰੋਡ ਤੋਂ ਦੀਪੂ ਦੇ ਡੇਰੇ ਤੱਕ ਦੀ ਸੜਕ, ਧਰਦਿਉ ਤੋਂ ਪਲਾਹ ਰੋਡ, ਰਜਧਾਨ ਪਿੰਡ ਦੀ ਸੜਕ ਦੇ ਕੰਮ ਨੂੰ ਵੀ ਸ਼ੁਰੂ ਕਰਵਾਇਆ। ਇਸ ਤੋਂ ਇਲਾਵਾ ਜੰਡਿਆਲਾ ਗੁਰੂ ਵਿਖੇ ਸ੍ਰੀ ਗੁਰੂ ਅਰਜਨ ਦੇਵ ਮਾਰਗ ਉੱਪਰ ਬਣੇ ਗੇਟ ਦਾ ਉਦਘਾਟਨ ਵੀ ਕੀਤਾ।

## ਤੇਜ਼ ਰਫਤਾਰ ਗੱਡੀ ਨੇ ਮੋਟਰਸਾਈਕਲ ਸਵਾਰ ਨੂੰ ਕੀਤਾ ਜ਼ਖਮੀ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਦੀਨਾਨਗਰ ਦੇ ਥਾਣਾ ਚੌਕ ਤੇ ਭਿਆਨਕ ਸੜਕ



ਹਾਦਸਾ ਵਾਪਰਿਆ ਜਿੱਥੇ ਮੋਟਰਸਾਈਕਲ ਸਵਾਰ ਵਿਅਕਤੀ ਨੂੰ ਤੇਜ਼ ਰਫਤਾਰ ਗੱਡੀ ਨੇ ਜ਼ਬਰਦਸਤ ਟੱਕਰ ਮਾਰ ਦਿੱਤੀ। ਇਸ ਹਾਦਸੇ 'ਚ ਮੋਟਰਸਾਈਕਲ ਸਵਾਰ ਗੰਭੀਰ ਰੂਪ ਨਾਲ ਜ਼ਖਮੀ ਹੋ ਗਿਆ। ਸਥਾਨਕ ਲੋਕਾਂ ਦੀ ਮਦਦ ਨਾਲ ਪ੍ਰਾਈਵੇਟ ਹਸਪਤਾਲ ਵਿੱਚ ਦਾਖਲ ਕਰਵਾਇਆ।ਜ਼ਖਮੀ ਦੀ ਪਹਿਚਾਣ ਯਸ਼ਪਾਲ ਸਿੰਘ ਪਿੰਡ ਢੋਲਵਾਲ ਵਜੋਂ ਹੋਈ ਹੈ।ਜਾਣਕਾਰੀ ਦਿੰਦੇ ਹੋਏ ਮੋਟਰਸਾਈਕਲ ਸਵਾਰ ਨੇ ਦੱਸਿਆ ਕਿ ਉਹ ਆਪਣੇ ਨਿੱਜੀ ਕੰਮ ਲਈ ਮੋਟਰਸਾਈਕਲ ਤੇ ਗੁਰਦਾਸਪੁਰ ਗਿਆ ਹੋਇਆ ਸੀ ਅਤੇ ਵਾਪਿਸ ਆਪਣੇ ਪਿੰਡ ਢੋਲੋਵਾਲ ਆ ਰਿਹਾ ਸੀ।ਜਦੋਂ ਦੀਨਾਨਗਰ ਥਾਣੇ ਚੌਂਕ ਤੇ ਪਹੁੰਚਿਆ ਤਾਂ ਤੇਜ਼ ਰਫ਼ਤਾਰ ਗੱਡੀ ਨੇ ਸਾਈਡ ਮਾਰ ਦਿੱਤੀ ਅਤੇ ਮੋਟਰਸਾਈਕਲ ਦਾ ਸੰਤੁਲਨ ਵਿਗੜਨ ਨਾਲ ਹੇਠਾਂ ਡਿੱਗ ਪਿਆ।ਸਿਰ ਸੜਕ 'ਤੇ ਵੱਜ ਗਿਆ ਜਿਸ ਨਾਲ ਸਿਰ 'ਚੋਂ ਖ਼ੂਨ ਨਿਕਲਣਾ ਸ਼ੁਰੂ ਹੋ ਗਿਆ।ਉਨ੍ਹਾਂ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਤੇਜ਼ ਰਫ਼ਤਾਰ ਗੱਡੀ ਚਲਾਉਣ ਵਾਲਿਆਂ 'ਤੇ ਸ਼ਿਕੰਜਾ ਕੱਸਿਆ ਜਾਵੇ ਤਾਂ ਜੋ ਆਮ ਲੋਕਾਂ ਨੂੰ ਅਜਿਹੀਆਂ ਘਟਨਾਵਾਂ ਦਾ ਸ਼ਿਕਾਰ ਹੋਣ ਤੋਂ ਬਚਾਇਆ ਜਾ ਸਕੇ।

## 14 ਦੀ ਦਿੱਲੀ ਮਹਾਂ-ਪੰਚਾਇਤ ਦੀਆਂ ਤਿਆਰੀਆਂ ਦੇ ਜਾਇਜ਼ੇ ਲਈ ਮੀਟਿੰਗ




**ਗੁਰਦਾਸਪੁਰ, (ਜਨਕ ਮਹਾਜਨ)**

ਸ਼ਹੀਦ ਬਲਜੀਤ ਸਿੰਘ ਭਵਨ ਵਿਖੇ ਜਮਹੂਰੀ ਕਿਸਾਨ ਸਭਾ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੀ ਇੱਕ ਮੀਟਿੰਗ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਕਾਹਲੋਂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਮੱਖਣ ਸਿੰਘ ਕੁਹਾੜ, ਅਜੀਤ ਸਿੰਘ ਠੱਕਰ ਸੰਧੂ, ਜਗੀਰ ਸਿੰਘ ਸਲਾਚ, ਅਜੀਤ ਸਿੰਘ ਹੁੰਦਲ, ਗੁਰਦਿਆਲ ਸਿੰਘ ਸੋਹਲ, ਹੈੱਡਮਾਸਟਰ ਅਵਿਨਾਸ਼ ਸਿੰਘ, ਮੱਖਣ ਸਿੰਘ ਤਿੱਬੜ, ਰਘਬੀਰ ਸਿੰਘ ਚਾਹਲ, ਗੁਰਮੀਤ ਸਿੰਘ ਥਾਣੇਵਾਲ, ਕਪੂਰ ਸਿੰਘ ਘੁੰਮਣ, ਕੁਲਜੀਤ ਸਿੰਘ ਸਿੱਧਵਾਂ ਜਮੀਤਾਂ, ਬਰਿੰਦਰਜੀਤ ਸਿੰਘ ਲਾਡੀ ਘਰਾਲਾ, ਖਜਾਨ ਸਿੰਘ ਪੰਧੇਰ, ਕੁਲਜੀਤ ਸਿੰਘ ਰੰਧਾਵਾ, ਪਲਵਿੰਦਰ ਸਿੰਘ ਸੁਆਮੀ ਆਦਿ ਨੇ ਹਿੱਸਾ ਲਿਆ। ਮੀਟਿੰਗ ਵਿੱਚ 14 ਮਾਰਚ ਦੀ ਐੱਸਕੇਐੱਮ ਵੱਲੋਂ ਕੀਤੀ ਜਾ ਰਹੀ ਮਹਾਂ-ਪੰਚਾਇਤ ਵਿੱਚ ਸ਼ਾਮਿਲ ਹੋਣ ਲਈ ਤਿਆਰੀ ਦਾ ਜਾਇਜ਼ਾ ਲਿਆ ਅਤੇ ਰਹਿੰਦੀ ਕਮੀ ਪੇਸ਼ੀ ਦੂਰ ਕਰਨ ਲਈ ਪਿੰਡਾਂ ਵਿੱਚ ਮੀਟਿੰਗਾਂ ਹੋਰ ਤੇਜ਼ ਕਰਨ 'ਤੇ ਵਿਚਾਰ ਕੀਤਾ। ਇਸ ਮੌਕੇ ਜਮਹੂਰੀ ਕਿਸਾਨ ਸਭਾ ਦੇ ਘੱਟੋ-ਘੱਟ 500 ਕਿਸਾਨ ਮਜ਼ਦੂਰ ਵੱਖ-ਵੱਖ ਥਾਵਾਂ ਤੋਂ ਵੱਖ-ਵੱਖ ਸਾਧਨਾਂ ਰਾਹੀਂ 13 ਮਾਰਚ ਨੂੰ ਦਿੱਲੀ ਲਈ ਰਵਾਨਾ ਦਾ ਫ਼ੈਸਲਾ ਲਿਆ। ਇਸ ਮੌਕੇ ਭਾਜਪਾ ਦੀ ਖੱਟੜ ਅਤੇ ਮੋਦੀ ਸਰਕਾਰ ਵੱਲੋਂ ਕਿਸਾਨਾਂ 'ਤੇ ਢਾਏ ਜ਼ੁਲਮ ਦੀ ਪੁਰਜ਼ੋਰ ਨਖੇਧੀ ਕੀਤੀ ਅਤੇ ਸ਼ਹੀਦ ਹੋਏ ਸ਼ੁਭਕਰਨ ਸਿੰਘ ਅਤੇ ਹੋਰ ਕਿਸਾਨਾਂ ਨੂੰ ਸ਼ਰਧਾਂਜਲੀ ਅਰਪਤ ਕੀਤੀ ਗਈ। ਸੰਯੁਕਤ ਕਿਸਾਨ ਮੋਰਚੇ ਤੋਂ ਵੱਖ ਹੋਈਆਂ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਸਮੇਂ ਦੀ ਲੋੜ ਹੈ ਕਿ ਹਾਕਮ ਤੇ ਜ਼ਾਲਮ ਮੋਦੀ ਹਕੂਮਤ ਤੋਂ ਮੰਗਾਂ ਮਨਵਾਉਣ ਲਈ ਐੱਸਕੇਐੱਮ ਨੂੰ ਹੀ ਮਜ਼ਬੂਤ ਕੀਤਾ ਜਾਵੇ।

## ਹਸਨਪੁਰ ਦੇ ਕਈ ਪਰਿਵਾਰ ਰਵਾਇਤੀ ਪਾਰਟੀਆਂ ਨੂੰ ਛੱਡ ਕੇ 'ਆਪ' 'ਚ ਹੋਏ ਸ਼ਾਮਲ

**ਬਟਾਲਾ, (ਡਾ. ਮਲਵਿੰਦਰ ਸਿੰਘ)**

ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਅਤੇ ਲੋਕਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਰਵਾਇਤੀ



ਪਾਰਟੀਆਂ ਦੇ ਕਈ ਪਰਿਵਾਰਾਂ ਨੇ ਆਪ ਪਾਰਟੀ ਦਾ ਪੱਲਾ ਫੜ ਰਹੇ ਹਨ। ਪਿੰਡ ਹਸਨਪੁਰ ਦੇ ਵੱਡੀ ਗਿਣਤੀ ਵਿੱਚ ਰਵਾਇਤੀ ਪਾਰਟੀਆਂ ਦੇ ਪਰਿਵਾਰ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਆਪ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਗੁਰਦਿਆਲ ਸਿੰਘ, ਪ੍ਰਿੰਸੀਪਲ ਜਗੀਰ ਸਿੰਘ ਕਾਹਲੋਂ, ਬਲਵਿੰਦਰ ਸਿੰਘ, ਮਨਜੀਤ ਸਿੰਘ, ਠੇਕੇਦਾਰ ਸੁਖਦੇਵ ਸਿੰਘ, ਸਤਨਾਮ ਸਿੰਘ, ਅਮਰੀਜਤ ਸਿੰਘ, ਸਵਿੰਦਰ ਸਿੰਘ, ਮੁਖਤਿਆਰ ਸਿੰਘ, ਹਰਪ੍ਰੀਤ ਸਿੰਘ, ਰਵਿੰਦਰ ਸਿੰਘ ਅਤੇ ਚਰਨ ਸਿੰਘ ਸਮੇਤ ਵੱਖ-ਵੱਖ ਪਰਿਵਾਰਾਂ ਨੇ ਆਪ ਪਾਰਟੀ ਵਿੱਚ ਸ਼ਾਮਲ ਹੋਣ ਉਪਰੰਤ ਕਿਹਾ ਕਿ ਆਮ ਆਦਮੀ ਪਾਰਟੀ, ਆਮ ਲੋਕਾਂ ਦੀ ਪਾਰਟੀ ਹੈ ਅਤੇ ਜਦ ਦੇ ਵਿਧਾਇਕ ਸ਼ੈਰੀ ਕਲਸੀ ਬਟਾਲਾ ਦੇ ਵਿਧਾਇਕ ਬਣੇ ਹਨ, ਉਨ੍ਹਾਂ ਵਲੋਂ ਪਾਰਦਰਸ਼ੀ ਢੰਗ ਨਾਲ ਕਰਵਾਏ ਜਾ ਰਹੇ ਵਿਕਾਸ ਕੰਮਾਂ ਅਤੇ ਲੋਕਹਿੱਤ ਵਿੱਚ ਲੈ ਜਾ ਰਹੇ ਫੈਸਲਿਆਂ ਕਰਕੇ ਉਹ ਆਪ ਪਾਰਟੀ ਵਿੱਚ ਸ਼ਾਮਲ ਹੋਏ। ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਆਪ ਵਿੱਚ ਸ਼ਾਮਲ ਹੋਏ ਸਾਰੇ ਸਾਥੀਆਂ ਦਾ ਪੂਰਾ ਮਾਣ-ਸਨਮਾਨ ਕੀਤਾ ਜਾਵੇਗਾ ਅਤੇ ਲੋਕਾਂ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ ਤੇ ਹੱਲ ਕੀਤੀਆਂ ਜਾਣਗੀਆਂ।

## ਪੁਜਾਰੀ 'ਤੇ ਹਮਲਾ ਕਰਨ ਵਾਲੇ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕਰਨ 'ਤੇ ਦਲਿਤ ਭਾਈਚਾਰੇ 'ਚ ਰੋਸ



**ਗੁਰਦਾਸਪੁਰ, (ਜਨਕ ਮਹਾਜਨ)**-ਬੇਗਮਪੁਰ ਭਵਨ ਗੁਰਦਾਸਪੁਰ 'ਚ ਸਮੂਹ ਦਲਿਤ ਜਥੇਬੰਦੀਆਂ ਦੀ ਮੀਟਿੰਗ ਹੋਈ ਜਿਸ ਵਿਚ ਪਿਛਲੇ ਦਿਨੀਂ ਪਿੰਡ ਭਗਵਾਂ ਵਿਚ ਗੁਰੂ ਰਵਿਦਾਸ ਮੰਦਰ ਦੇ ਪੁਜਾਰੀ ਦੀ ਕੀਤੀ ਗਈ ਕੁੱਟਮਾਰ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਦਲਿਤ ਭਾਈਚਾਰੇ ਵੱਲੋਂ ਕੀਤੇ ਗਏ ਸੰਘਰਸ਼ ਦੇ ਕਾਰਨ ਪੁਲਸ ਪ੍ਰਸ਼ਾਸਨ ਵੱਲੋਂ ਦੋਸ਼ੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਸੀ। ਉਨ੍ਹਾਂ ਕਿਹਾ ਅੱਜ 11 ਦਿਨ ਬੀਤਣ ਦੇ ਬਾਵਜੂਦ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਦੋਸ਼ੀਆਂ ਵੱਲੋਂ ਪੁਜਾਰੀ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਸਮਝੌਤੇ ਲਈ ਦਬਾਅ ਪਾਇਆ ਜਾ ਰਿਹਾ ਹੈ। ਜਥੇਬੰਦੀ ਦੇ ਆਗੂਆਂ ਨੇ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਇਕ ਹਫ਼ਤੇ ਦੇ ਅੰਦਰ-ਅੰਦਰ ਜੇਕਰ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕੀਤਾ ਗਿਆ ਤਾਂ ਗੁਰਦਾਸਪੁਰ-ਅੰਮ੍ਰਿਤਸਰ ਨੈਸ਼ਨਲ ਹਾਈਵੇ ਜਾਮ ਕਰਨ ਤੋਂ ਇਲਾਵਾ ਜ਼ਿਲ੍ਹਾ ਪੁਲਸ ਮੁਖੀ ਦੇ ਦਫ਼ਤਰ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਲੇਖ ਰਾਜ ਸਭਾ ਪ੍ਰਧਾਨ, ਗਗਨ ਕਰਰੂਪੀਆ ਪ੍ਰਧਾਨ, ਅਮਰਜੀਤ ਸਿੰਘ ਬੇਗਮਪੁਰ ਪ੍ਰਧਾਨ, ਜਸਪਾਲ ਸਿੰਘ ਭੁੰਬਲੀ ਪ੍ਰਧਾਨ, ਰਮਨ ਕੁਮਾਰ, ਰਜੇਸ਼ ਭਗਵਾ, ਸ਼ੇਖਰ ਆਜ਼ਾਦ, ਰਵੀ, ਸੋਨੂੰ ਭੀਮ, ਜਤਿੰਦਰਪਾਲ ਆਦਿ ਹਾਜ਼ਰ ਸਨ।

## ਚੇਅਰਮੈਨ ਰਮਨ ਬਹਿਲ ਨੇ ਇਤਿਹਾਸਕ ਸ਼ਿਵ ਮੰਦਰ 'ਚ ਟੇਕਿਆ ਮੱਥਾ



**ਕਲਾਨੌਰ, (ਮਨਦੀਪ ਕੋਹਲੀ)**-ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਅੱਜ ਆਪਣੇ ਪਰਿਵਾਰ ਅਤੇ ਸਾਥੀਆਂ ਸਮੇਤ ਕਲਾਨੌਰ ਵਿਖੇ ਭਗਵਾਨ ਸ਼ਿਵ ਜੀ ਦੇ ਇਤਿਹਾਸਿਕ ਮੰਦਿਰ ਵਿਖੇ ਨਤਮਸਤਕ ਹੋ ਕੇ ਭਗਵਾਨ ਸ਼ੰਕਰ ਦਾ ਆਸ਼ੀਰਵਾਦ ਲਿਆ। ਇਸ ਦੌਰਾਨ ਰਮਨ ਬਹਿਲ ਨੇ ਮੰਦਿਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ਼ਿਵਰਾਤਰੀ ਦੇ ਸਬੰਧ ਵਿਚ ਪਿਛਲੇ ਕਈ ਦਿਨਾਂ ਤੋਂ ਮੰਦਿਰ ਵਿਚ ਕਰਵਾਏ ਜਾ ਰਹੇ ਸਮਾਗਮਾਂ ਅਤੇ ਸ਼ਰਧਾਲੂਆਂ ਦੀ ਸਹੂਲਤ ਲਈ ਕੀਤੇ ਸੁਚੱਜੇ ਪ੍ਰਬੰਧਾਂ ਦੀ ਸ਼ਲਾਘਾ ਕੀਤੀ ਅਤੇ ਨਾਲ ਹੀ ਭਗਵਾਨ ਭੋਲੇਨਾਥ ਦੇ ਚਰਨਾਂ ਵਿਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।

ਇਸ ਦੌਰਾਨ ਮੰਦਿਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮਰਜੀਤ ਖੁੱਲਰ, ਕਮੇਟੀ ਮੈਂਬਰ ਵਿਜੇ ਸੇਠੀ, ਸੁਰਿੰਦਰ ਵਰਮਾ, ਮਾਸਟਰ ਹੰਸਰਾਜ, ਜੀਆ ਲਾਲ ਵਰਮਾ, ਸ਼ੈਰੀ ਸਿੰਘ, ਕੁਲਵਿੰਦਰ ਲਾਡਾ, ਗੋਪੀ ਬਲਹੋਤਰਾ, ਸੰਜੀਵ ਤੁੱਲੀ ਆਦਿ ਨੇ ਰਮਨ ਬਹਿਲ ਅਤੇ ਉਨ੍ਹਾਂ ਦੇ ਨਾਲ ਪਹੁੰਚੇ ਪਰਿਵਾਰਕ ਮੈਂਬਰਾਂ ਤੇ ਹੋਰ ਸ਼ਖ਼ਸ਼ੀਅਤਾਂ ਨੂੰ ਸਨਮਾਨਿਤ ਕੀਤਾ ਅਤੇ ਭਗਵਾਨ ਦਾ ਪ੍ਰਸ਼ਾਦ ਦਿੱਤਾ।

## ਸਰਕਾਰੀ ਮੈਡੀਕਲ ਕਾਲਜ ਵੱਲੋਂ 15 ਨੂੰ ਕਰਵਾਈ ਜਾਵੇਗੀ ਵਰਕਸ਼ਾਪ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**—ਸਰਕਾਰੀ ਮੈਡੀਕਡ ਕਾਲਜ ਦੇ ਨੱਕ, ਕੰਨ, ਗਲਾ ਵਿਭਾਗ ਵੱਲੋਂ 15 ਮਾਰਚ ਨੂੰ ਵਰਕਸ਼ਾਪ ਕਰਵਾਈ ਜਾ ਰਹੀ ਹੈ ਅਤੇ 16 ਮਾਰਚ ਨੂੰ ਸਾਰੇ ਭਾਰਤ ਤੋਂ ਆਏ ਮਾਹਿਰ ਡਾਕਟਰਾਂ ਵੱਲੋਂ ਸਰਜਰੀ ਦੀਆਂ ਨਵੀਨਤਮ ਤਕਨੀਕਾਂ ਤੋਂ ਜਾਣੂ ਕਰਵਾਇਆ ਜਾਵੇਗਾ।ਇਸ ਤੋਂ ਇਲਾਵਾ 17 ਮਾਰਚ ਨੂੰ ਇਸ ਵਿਸ਼ੇ ਦੇ ਸੀਨੀਅਰ ਡਾਕਟਰਾਂ ਵੱਲੋਂ ਪੱਤਰ ਪੜ੍ਹੇ ਜਾਣਗੇ ਅਤੇ ਵਿਦਿਆਰਥੀ ਡਾਕਟਰਾਂ ਦੇ ਕੁਇਜ਼ ਮੁਕਾਬਲੇ ਵੀ ਹੋਣਗੇ।ਬੁਲਾਰੇ ਨੇ ਦੱਸਿਆ ਕਿ ਇਸ ਕਾਨਫਰੰਸ ਵਿੱਚ ਪੰਜਾਬ ਤੋਂ ਇਲਾਵਾ ਸਾਰੇ ਭਾਰਤ ਅਤੇ ਵਿਦੇਸ਼ਾਂ ਤੋਂ ਮਾਹਿਰ ਅਤੇ ਡੈਲੀਗੇਟ ਪਹੁੰਚ ਰਹੇ ਹਨ ਜੋ ਡਾਕਟਰੀ ਵਿੱਦਿਆ ਦੇ ਪ੍ਰਸਾਰ ਅਤੇ ਪ੍ਰਚਾਰ ਹਿੱਤ ਤਜਰਬੇ ਸਾਂਝੇ ਕਰਨਗੇ।ਸਰਕਾਰੀ ਮੈਡੀਕਲ ਕਾਲਜ ਦੀ ਪ੍ਰਬੰਧਕੀ ਟੀਮ ਸਮੂਹ ਪਹੁੰਚ ਰਹੇ ਵਿਦਿਆਰਥੀਆਂ ਅਤੇ ਮਾਹਿਰ ਡਾਕਟਰਾਂ ਨੂੰ ਗੁਰੂ ਨਗਰੀ ਅੰਮ੍ਰਿਤਸਰ ਸਾਹਿਬ ਵਿੱਚ ਜੀ ਆਇਆਂ ਆਖਦੀ ਹੈ।

## ਲਖਵਿੰਦਰ ਸਿੰਘ ਨੇ ਡੇਰਾ ਬਾਬਾ ਨਾਨਕ ਦੇ ਤਹਿਸੀਲਦਾਰ ਵਜੋਂ ਚਾਰਜ ਸੰਭਾਲਿਆ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਸਬ-ਡਵੀਜ਼ਨ ਡੇਰਾ ਬਾਬਾ ਨਾਨਕ ਦੇ ਤਹਿਸੀਲਦਾਰ ਰਾਮ ਚੰਦ ਬੰਗੜ ਦੀ ਬਦਲੀ ਪਠਾਨਕੋਟ ਹੋਣ ਉਪਰੰਤ ਲਖਵਿੰਦਰ ਸਿੰਘ ਨੇ ਬਤੌਰ ਤਹਿਸੀਲਦਾਰ ਡੇਰਾ ਬਾਬਾ ਨਾਨਕ ਦਾ ਚਾਰਜ ਸੰਭਾਲ ਲਿਆ ਹੈ।ਇਸ ਤੋਂ ਪਹਿਲਾਂ ਲਖਵਿੰਦਰ ਸਿੰਘ ਗੁਰੂ ਹਰਸਹਾਏ ਤਹਿਸੀਲਦਾਰ ਵਜੋਂ ਸੇਵਾ ਨਿਭਾ ਰਹੇ ਸਨ। ਲਖਵਿੰਦਰ ਸਿੰਘ ਦਾ ਤਹਿਸੀਲ ਦਫਤਰ ਡੇਰਾ ਬਾਬਾ ਨਾਨਕ ਵਿਖੇ ਪਹੁੰਚਣ 'ਤੇ ਤਹਿਸੀਲ ਦੇ ਸਮੂਹ ਕਰਮਚਾਰੀਆਂ ਵੱਲੋ ਫੁੱਲਾਂ ਦੇ ਬੁੱਕੇ ਦੇ ਕੇ ਸਵਾਗਤ ਕੀਤਾ ਗਿਆ ਤੇ ਜੀ ਆਇਆਂ ਆਖਿਆ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਤਹਿਸੀਲਦਾਰ ਲਖਵਿੰਦਰ ਸਿੰਘ ਨੇ ਕਿਹਾ ਕਿ ਮੈਂ ਆਪਣੇ ਆਪ ਨੂੰ ਬੜਾ ਵੱਡਭਾਗਾ ਸਮਝਦਾ ਹਾਂ, ਜੋ ਮੈਨੂੰ ਦੂਸਰੀ ਵਾਰ ਤਹਿਸੀਲਦਾਰ ਵਜੋ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਡੇਰਾ ਬਾਬਾ ਨਾਨਕ ਦੇ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਪ੍ਰਾਪਤ ਹੋਇਆ ਹੈ।ਉਨ੍ਹਾਂ ਕਿਹਾ ਕਿ ਅਗਰ ਕਿਸੇ ਨੂੰ ਤਹਿਸੀਲ ਨਾਲ ਸਬੰਧਤ ਆਪਣੇ ਕੰਮ ਕਰਾਉਣ ਵਿੱਚ ਕੋਈ ਪ੍ਰੇਸ਼ਾਨੀ ਪੇਸ਼ ਆਉਦੀ ਹੈ ਤਾਂ ਉਹ ਮੇਰੇ ਦਫਤਰ ਆ ਕੇ ਮੇਰੇ ਨਾਲ ਸਿੱਧਾ ਸੰਪਰਕ ਕਰ ਸਕਦੇ ਹਨ। ਉਨ੍ਹਾਂ ਸਮੂਹ ਪਟਵਾਰੀਆਂ, ਕਾਨੂੰਗੋ, ਵਸੀਕਾ ਨਵੀਸਾਂ ਅਤੇ ਦਫਤਰੀ ਸਟਾਫ ਨਾਲ ਮੁਲਾਕਾਤ ਕੀਤੀ ਅਤੇ ਲੋਕਾਂ ਦੇ ਕੰਮਾਂ ਨੂੰ ਪਹਿਲ ਦੇ ਅਧਾਰ 'ਤੇ ਕਰਨ ਲਈ ਸਹਿਯੋਗ ਮੰਗਿਆ।ਇਸ ਮੌਕੇ ਕਾਨੂੰਗੋ ਰੋਸ਼ਨ ਸਿੰਘ, ਦਫਤਰੀ ਕਾਨੂੰਗੋ ਸੁਖਦੇਵ ਸਿੰਘ, ਰੀਡਰ ਐੱਸਡੀਐੱਮ ਸਰਬਜੀਤ ਸਿੰਘ, ਆਰਸੀ ਮੈਡਮ ਰਾਜਮੀਤ ਕੌਰ, ਸੀਨੀਅਰ ਸਹਾਇਕ ਰੁਪਿੰਦਰ ਕੌਰ, ਗੁਰਪ੍ਰਕਾਸ਼ ਸਿੰਘ, ਪਟਵਾਰੀ ਇੰਦਰਜੀਤ ਸਿੰਘ, ਦਲਜੀਤ ਰਾਏ ਕਾਨੂੰਗੋ, ਕਾਨੂੰਗੋ ਜਸਵੰਤ ਸਿੰਘ ਦਾਲਮ, ਪਟਵਾਰੀ ਮੁਖਤਾਰ ਸਿੰਘ, ਪਟਵਾਰੀ ਹਰਪ੍ਰੀਤ ਸਿੰਘ ਲਾਲੀ, ਪਟਵਾਰੀ ਹਰਪ੍ਰੀਤ ਸਿੰਘ ਫੌਜੀ, ਪਟਵਾਰੀ ਹਰਜੀਤ ਰਾਏ, ਪਟਵਾਰੀ ਨਵਜੋਤ ਸਿੰਘ, ਪਟਵਾਰੀ ਐੱਸ. ਪੀ. ਸਿੰਘ ,ਪਟਵਾਰੀ ਦੀਪਇੰਦਰਜੀਤ ਸਿੰਘ, ਪਟਵਾਰੀ ਸੁਖਦੇਵ ਸਿੰਘ, ਪਟਵਾਰੀ ਸੁਰਿੰਦਰ ਪਾਲ, ਪਟਵਾਰੀ ਗੁਰਪਿੰਦਰ ਸਿੰਘ, ਪਟਵਾਰੀ ਤਰਨਜੋਤ ਸਿੰਘ, ਪਟਵਾਰੀ ਸੰਜੀਵ ਕੁਮਾਰ, ਪਟਵਾਰੀ ਪਰਮਿੰਦਰ ਸਿੰਘ, ਸਿਕੰਦਰ ਸਿੰਘ, ਬਲਜੀਤ ਸਿੰਘ, ਹਰਜਿੰਦਰ ਸਿੰਘ, ਸਟੈਨੋ ਸੰਜੀਵ ਸ਼ਰਮਾ, ਸੁਪਰਡੈਂਟ ਮੈਡਮ ਸੁਖਵਿੰਦਰ ਕੌਰ, ਮੈਡਮ ਕੁਲਵਿੰਦਰ ਕੌਰ, ਨਿਰਮਲ ਸ਼ਰਮਾ ਵਸੀਕਾ, ਜਗਜੀਤ ਸਿੰਘ ਸੋਹਲ ਵਸੀਕਾ, ਗੋਲਡੀ, ਬਲਰਾਜ ਸਿੰਘ, ਕਪਿਲ, ਸਤਬੀਰ ਸਿੰਘ, ਹਰਦੀਪ ਸਿੰਘ, ਅਮਨ ਕੁਮਾਰ ਆਦਿ ਕਰਮਚਾਰੀ ਹਾਜ਼ਰ ਸਨ।

## ਤਰਕਸ਼ੀਲ ਮੇਲੇ 'ਚ 'ਗਿੱਲੀ ਮਿੱਟੀ' ਨਾਟਕ ਦਾ ਸਫਲ ਮੰਚਨ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)**

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਗੁਰਦਾਸਪੁਰ ਵੱਲੋਂ ਤਰਕਸ਼ੀਲ ਮੇਲਾ ਸਥਾਨਕ ਹਨੂੰਮਾਨ ਚੌਕ ਵਿੱਚ ਪਾਣੀ ਵਾਲੀ ਟੈਂਕੀ ਕੋਲ ਖੁੱਲ੍ਹੀ ਗਰਾਊਂਡ ਵਿਚ ਕਰਵਾਇਆ ਗਿਆ। ਮੇਲੇ ਦੀ ਸ਼ੁਰੂਆਤ ਸਟੇਟ ਐਵਾਰਡੀ ਅਧਿਆਪਕ ਮੰਗਲਦੀਪ ਨੇ ਦੁਨੀਆਂ ਭਰ ਦੀਆਂ ਮਾਵਾਂ ਨੂੰ ਸਮਰਪਿਤ ਗੀਤ ਨਾਲ ਸ਼ੁਰੂਆਤ ਕੀਤੀ। ਇਸ ਮੌਕੇ ਗੀਤਕਾਰ ਬੂਟਾ ਸਫਰੀ ਨੇ ਵੀ ਹਾਜ਼ਰੀ ਲਗਵਾਈ। ਇਸ ਮੇਲੇ ਵਿੱਚ ਗੁਰਮੇਲ ਸ਼ਾਮ ਨਗਰ ਦੀ ਨਿਰਦੇਸ਼ਨਾ ਹੇਠ ਲੋਕ ਕਲਾ ਮੰਚ ਮਜੀਠਾ ਦੀ ਟੀਮ ਵਲੋਂ ਸਭਿਆਚਾਰਕ ਪ੍ਰੋਗਰਾਮ ਵਿੱਚ ਨਾਟਕ "ਗਿੱਲੀ ਮਿੱਟੀ" ਨੇ ਦਰਸ਼ਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਗੁਰਸ਼ਰਨ ਸਿੰਘ ਥੀਏਟਰ ਗਰੁੱਪ ਗੁਰਦਾਸਪੁਰ ਵੱਲੋਂ ਰੌਕੀ ਸ਼ਹਿਰੀਆ ਦੀ ਨਿਰਦੇਸ਼ਨਾ ਹੇਠ ਤਰਕਸ਼ੀਲ ਨਾਟਕ "ਅਜੀਬ ਦਾਸਤਾਂ" ਪੇਸ਼ ਕੀਤਾ ਗਿਆ। ਜਾਦੂਗਰ ਸੇਵਾ ਸਿੰਘ ਨੇ ਜਾਦੂ ਦੇ ਟਰਿੱਕ ਪੇਸ਼ ਕੀਤੇ। ਇਸ ਮੌਕੇ ਤੇ ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਤਰਲੋਚਨ ਸਿੰਘ ਲੱਖੋਵਾਲ ਨੇ ਜੋਤਸ਼ੀਆਂ ਤੇ ਅਖੌਤੀ ਬਾਬਿਆਂ ਨੂੰ ਖੁੱਲ੍ਹਾ ਚੈਲੰਜ ਕਰਦਿਆਂ ਪੰਜ ਲੱਖ ਦੇ ਉਸ ਚੈੱਕ ਨੂੰ ਦਿਖਾਇਆ ਜੋ ਧੋਖਾ ਨਾ ਹੋਣ ਦੀ ਸੂਰਤ ਵਿੱਚ ਸੋਸਾਇਟੀ ਦੇ ਕਿਸੇ ਵੀ ਮੈਂਬਰ ਨੂੰ ਆਪਣੇ ਮੰਤਰਾਂ ਨਾਲ ਬੇਹੋਸ਼ ਕਰਨ ਜਾਂ ਕੋਈ ਸਰੀਰਕ ਨੁਕਸਾਨ ਪਹੁੰਚਾਣ, ਮੁਠੀ ਵਿੱਚ ਬੰਦ ਨੋਟ ਦਾ ਨੰਬਰ ਦੱਸਣ, ਜੰਦਰਾ ਲੱਗੇ ਕਮਰੇ ਵਿਚੋਂ ਆਪਣੀ ਸ਼ਕਤੀ ਨਾਲ ਬਾਹਰ ਆਉਣ, ਦਸ ਕੁੜੀਆਂ ਤੇ ਮੁੰਡਿਆਂ ਦੇ ਹੱਥਾਂ ਦੀ ਪਹਿਚਾਣ ਕਰਨ, ਪਾਣੀ ਨੂੰ ਪਟਰੋਲ ਜਾਂ ਖੂਨ ਵਿੱਚ ਬਦਲਣ, ਜਾਂ ਸੋਸਾਇਟੀ ਵਲੋਂ ਰੱਖੀਆਂ 23 ਸ਼ਰਤਾਂ ਵਿਚੋਂ ਕਿਸੇ ਇੱਕ ਨੂੰ ਪੂਰਾ ਕਰਨ ਤੇ ਜਿੱਤਣ ਵਜੋਂ ਦਿੱਤਾ ਜਾਣਾ ਸੀ। ਇਪਟਾ ਗੁਰਦਾਸਪੁਰ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਬਾਜਵਾ ਨੇ ਵਿਗਿਆਨਕ ਵਿਚਾਰਾਂ ਨੂੰ ਅਪਨਾ ਕੇ ਹਰ ਘਟਨਾ ਨੂੰ ਤਰਕ ਦੀ ਕਸੌਟੀ 'ਤੇ ਖਰਖ ਕੇ ਵਿਚਾਰ ਕਰਨ 'ਤੇ ਜ਼ੋਰ ਦਿੱਤਾ। ਮੱਖਣ ਕੁਹਾੜ ਸੰਯੋਜਕ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਨੇ ਲੋਕ ਮਾਰੂ ਨਵੀਂ ਵਿਦਿਅਕ ਨੀਤੀ ਦਾ ਵਿਖਿਆਨ ਕੀਤਾ, ਉਨ੍ਹਾਂ ਕਿਸਾਨਾਂ ਦੀਆ ਹੱਕੀ ਮੰਗਾਂ ਲਈ ਸੰਘਰਸ ਦੀ ਹਮਾਇਤ ਕਰਨ ਦੀ ਅਪੀਲ ਕੀਤੀ। ਮੇਜਰ ਸੋਮ ਨਾਥ, ਕੇਵਲ ਲਾਡੀ ਤੇ ਅਧਿਆਪਕਾ ਜੋਤੀ ਨੇ ਵੀ ਸੰਬੋਧਨ ਕੀਤਾ। ਉਨ੍ਹਾਂ 'ਪੜ੍ਹੋ, ਜੁੜੋ ਤੇ ਸੰਘਰਸ਼ ਕਰੋ' ਦੇ ਲੋਗੋ ਤੇ ਪਹਿਰਾ ਦੇਣ ਦੀ ਗੱਲ ਕੀਤੀ ਤੇ ਈਵੀਐੱਮ ਰਾਹੀਂ ਵੋਟਿੰਗ ਬੰਦ ਕਰਨ ਦੀ ਮੰਗ ਉਠਾਈ। ਸਟੇਜ ਸਕੱਤਰ ਦੇ ਫਰਜ਼ ਨੰਦ ਲਾਲ ਕਲਿਆਣਪੁਰ ਨੇ ਨਿਭਾਏ। ਇਸ ਮੇਲੇ ਨੂੰ ਪੰਜਾਬ ਨਾਓ ਟੀਵੀ ਵੈੱਬ ਚੈਨਲ ਤੋਂ ਲਾਈਵ ਕੀਤਾ ਗਿਆ ਜਿਸ ਨੂੰ ਤਰਕਸ਼ੀਲ ਮੈਂਬਰ ਗੁਰਮੀਤ ਸਿੰਘ ਪਾਹੜਾ ਪ੍ਰਧਾਨ ਇਪਟਾ (ਇੰਡੀਅਨ ਪੀਪਲ ਥੀਏਟਰ ਐਸੋਸੀਏਸਨ) ਗੁਰਦਾਸਪੁਰ ਨੇ ਪੂਰੇ ਮੇਲੇ ਨੂੰ ਵਿਦੇਸ਼ ਵਿਚੋਂ ਲਾਈਵ ਦੇਖ ਰਹੇ ਸਨ, ਅਮਰੀਕ ਸਿੰਘ ਮਾਨ ਨਟਾਲੀ ਰੰਗਮੰਚ, ਰਾਜੂ ਝਾਖੋਲਾੜੀ, ਰਾਜ ਕੁਮਾਰ ਛੋਟੇ ਪੁਰ, ਬਲਜੀਤ ਸਿੰਘ ਘੁਰਾਲਾ, ਸੁੱਚਾ ਸਿੰਘ, ਰਤਨ ਲਾਲ, ਸੋਨੂੰ ਜੋਈਆਂ, ਡਾਕਟਰ ਅਜੇ ਪਾਲ, ਰਾਮ ਲਾਲ ਸਦਾਨਾ, ਸੁੱਚਾ ਸਿੰਘ, ਜੈਸਿੰਘ ਸੈਣੀ, ਬਲਜੀਤ ਸਿੰਘ ਘੁਰਾਲਾ ਆਦਿ ਤੋਂ ਇਲਾਵਾ ਇਸ ਮੌਕੇ ਤਰਕਸ਼ੀਲ ਮੈਂਬਰਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਬੁਧੀਜੀਵੀ ਵਿਦਵਾਨ ਤੇ ਇਨਸਾਫ ਪਸੰਦ ਲੋਕ ਹਾਜ਼ਰ ਸਨ।




## ਤਰਕਸ਼ੀਲ ਸੁਸਾਇਟੀ ਇਕਾਈ ਚੋਹਲਾ ਸਾਹਿਬ ਵੱਲੋਂ ਪ੍ਰਸ਼ਾਸਨ ਤੋਂ ਇਨਸਾਫ ਦੀ ਮੰਗ



**ਚੋਹਲਾ ਸਾਹਿਬ (ਰਮਨ ਚੱਢਾ)**

ਤਰਕਸ਼ੀਲ ਸੁਸਾਇਟੀ ਇਕਾਈ ਚੋਹਲਾ ਸਾਹਿਬ ਦੀ ਮੀਟਿੰਗ ਸੁਖਵਿੰਦਰ ਸਿੰਘ ਖਾਰਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਪਿਛਲੇ ਦਿਨੀਂ ਗੁਰਪ੍ਰੀਤ ਸਿੰਘ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜਦ ਕਿਸੇ ਨੌਜਵਾਨ ਦੀ ਮੌਤ ਹੁੰਦੀ ਹੈ ਤਾਂ ਉਸ ਪਰਿਵਾਰ ਨੂੰ ਪੂਰਾ ਹੋਣ ਵਾਲਾ ਘਾਟਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਗੁਰਪ੍ਰੀਤ ਸਿੰਘ ਦੇ ਪਰਿਵਾਰ ਨਾਲ ਉਹ ਦੁੱਖ ਦੀ ਇਸ ਘੜੀ ਵਿੱਚ ਉਨ੍ਹਾਂ ਦੇ ਨਾਲ ਹੈ ਅਤੇ ਪ੍ਰਸ਼ਾਸਨ ਪਾਸੋਂ ਮੰਗ ਕਰਦੇ ਹਨ ਕਿ ਗੁਰਪ੍ਰੀਤ ਸਿੰਘ ਗੋਪੀ ਦੇ ਪਰਿਵਾਰ ਨੂੰ ਇਨਸਾਫ ਮਿਲਣਾ ਚਾਹੀਦਾ ਹੈ। ਉਨ੍ਹਾਂ ਅਪੀਲ ਕੀਤੀ ਕਿ ਸਤਨਾਮ ਸਿੰਘ ਸੱਤਾ ਬਲਾਕ ਸੰਮਤੀ ਮੈਂਬਰ ਤੇ ਜੋ ਪਰਚਾ ਦਰਜ ਹੋਇਆ ਹੈ ਉਹ ਸਿਆਸਤ ਤੋਂ ਪ੍ਰੇਰਿਤ ਹੈ। ਇਸਦੀ ਨਿਰਪੱਖ ਜਾਂਚ ਕੀਤੀ ਜਾਵੇ ਅਤੇ ਇਨਸਾਫ ਕਰਦੇ ਹੋਏ ਸਤਨਾਮ ਸਿੰਘ ਸੱਤਾ ਤੇ ਹੋਇਆ ਪਰਚਾ ਕੈਂਸਲ ਕੀਤਾ ਜਾਵੇ ਕਿਉਂਕਿ ਸਤਨਾਮ ਸਿੰਘ ਸੱਤਾ ਇਲਾਕੇ ਦਾ ਇਮਾਨਦਾਰ ਲੀਡਰ ਅਤੇ ਗਰੀਬਾਂ ਦਾ ਮਸੀਹਾਂ ਹੈ। ਉਨ੍ਹਾਂ ਪ੍ਰਸ਼ਾਸਨ ਕੋਲ ਦੁਬਾਰਾ ਅਪੀਲ ਕੀਤੀ ਕਿ ਨਿਰਪੱਖ ਜਾਂਚ ਕਰਦੇ ਹੋਏ ਇਨਸਾਫ ਕੀਤਾ ਜਾਵੇ। ਇਸ ਸਮੇਂ ਗਿਆਨ ਸਿੰਘ, ਸਰਪੰਚ ਰਣਜੀਤ ਸਿੰਘ ਡਿਆਲ, ਜ਼ਿਲ੍ਹਾ ਪ੍ਰਧਾਨ ਬਖਸ਼ੀਸ਼ ਸਿੰਘ ਡਿਆਲ, ਕੁਲਵਿੰਦਰ ਸਿੰਘ ਗੋਰਖਾ, ਦਿਲਬਾਗ ਸਿੰਘ ਸਲਤਾਨਪੁਰ, ਸਵਿੰਦਰ ਸਿੰਘ ਕਰਮੂੰਵਾਲਾ, ਸੁਖਚੈਨ ਸਿੰਘ ਕਰਮੂੰਵਾਲਾ, ਸਾਬਕਾ ਸਰਪੰਚ ਦਿਲਬਾਗ ਸਿੰਘ ਗੁਲਾਲੀਪੁਰ, ਸਾਬਕਾ ਸਰਪੰਚ ਰਣਜੀਤ ਸਿੰਘ ਮੰਮਣਕੇ ਖੁਰਦ, ਸਾਬਕਾ ਸਰਪੰਚ ਸੁਖਵਿੰਦਰ ਸਿੰਘ ਗੁਲਾਲੀਪੁਰ, ਸੁਖਚੈਨ ਸਿੰਘ ਕਰਮੂੰਵਾਲਾ, ਮਨਜੀਤ ਸਿੰਘ ਪੱਖੋਪੁਰ, ਸਾਬਕਾ ਸਰਪੰਚ ਬਲਬੀਰ ਸਿੰਘ ਗਿੱਲ ਵੜੈਚ, ਤਰਸੇਮ ਸਿੰਘ ਕੰਗ, ਰੇਸ਼ਮ ਸਿੰਘ ਸੰਘਾ, ਬਾਬਾ ਲਖਵਿੰਦਰ ਸਿੰਘ ਨੌਰੰਗਾਬਾਦ, ਭੁਪਿੰਦਰ ਸਿੰਘ ਟੀਟੂ, ਤਰਸੇਮ ਸਿੰਘ ਛਾਪੜੀ ਅਦਿ ਹਾਜ਼ਰ ਸਨ।

## ਕਟਾਰੂਚੱਕ ਵੱਲੋਂ ਮਲਿਕਪੁਰ ਤੋਂ ਧਾਰਮਿਕ ਯਾਤਰਾ ਲਈ ਸ਼ਰਧਾਲੂਆਂ ਦੀ ਬੱਸ ਰਵਾਨਾ




**ਪਠਾਨਕੋਟ, (ਦਵਿੰਦਰ ਸਿੰਘ)**- ਵਿਧਾਨ ਸਭਾ ਹਲਕਾ ਭੋਆ ਦੇ ਮਲਿਕਪੁਰ ਤੋਂ 42 ਸ਼ਰਧਾਲੂਆਂ ਨੂੰ ਲੈ ਕੇ ਇੱਕ ਬੱਸ ਸ੍ਰੀ ਅਨੰਦਪੁਰ ਸਾਹਿਬ, ਮਾਤਾ ਨੈਣਾਂ ਦੇਵੀ, ਮਾਤਾ ਚਿੰਤਪੁਰਨੀ ਅਤੇ ਮਾਤਾ ਜਵਾਲਾ ਜੀ ਦੇ ਦਰਸ਼ਨਾਂ ਲਈ ਲਈ ਰਵਾਨਾ ਹੋਈ। ਉਹ ਸਾਰੇ ਯਾਤਰੀਆਂ ਦੇ ਲਈ ਮੰਗਲ ਕਾਮਨਾ ਕਰਦੇ ਹਨ ਕਿ ਉਨ੍ਹਾਂ ਦੀ ਯਾਤਰਾ ਸਫਲ ਹੋਵੇ।ਬੱਸ ਨੂੰ ਕੈਬਨਿਟ ਮੰਤਰੀ ਕਟਾਰੂਚੱਕ ਨੇ ਰਵਾਨੀ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਪ੍ਰਧਾਨ ਪਵਨ ਕੁਮਾਰ ਫੌਜੀ, ਖੁਸਬੀਰ ਕਾਟਲ, ਐਡਵੋਕੇਟ ਰਮੇਸ਼ ਕੁਮਾਰ, ਸੋਹਣ ਲਾਲ ਬਲਾਕ ਪ੍ਰਧਾਨ, ਕੌਂਸਲਰ ਗੀਤਿਕਾ, ਬਲਜਿੰਦਰ ਕੌਰ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ ਅਤੇ ਹੋਰ ਪਾਰਟੀ ਕਾਰਜਕਰਤਾ ਹਾਜ਼ਰ ਸਨ।

## ਯੂ ਪੀ ਐੱਸ ਸੀ ਵਿਦਿਆਰਥੀਆਂ ਨੇ ਮਨਾਇਆ 'ਅੰਤਰਰਾਸ਼ਟਰੀ ਮਹਿਲਾ ਦਿਹਾੜਾ'

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**

ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਹੇਠ ਚੱਲ ਰਹੇ ਨਿਸ਼ਾਨ-ਏ-ਸਿੱਖੀ ਸੈਂਟਰ ਫਾਰ ਸਿਵਲ ਸਰਵਿਸਿਜ਼ ਵਿੱਚ ਯੂਪੀਐੱਸਸੀ ਪ੍ਰੀਖਿਆ ਦੀ ਤਿਆਰੀ ਕਰ ਰਹੇ ਬੀ. ਏ. ਸੋਸ਼ਲ ਸਟੱਡੀਜ਼ ਦੇ ਵਿਦਿਆਰਥੀਆਂ ਵੱਲੋਂ 'ਅੰਤਰਰਾਸ਼ਟਰੀ ਮਹਿਲਾ ਦਿਹਾੜਾ' ਮਨਾਇਆ ਗਿਆ। ਸੈਂਟਰ ਦੇ ਡਾਇਰੈਕਟਰ ਕਰਨੈਲ ਸਿੰਘ ਆਈ. ਆਰ. ਐੱਸ (ਰਿਟਾ.) ਦੁਆਰਾ ਦੱਸਿਆ ਗਿਆ ਕਿ ਇਸ ਮੌਕੇ ਵਿਦਿਆਰਥੀਆਂ ਦਰਮਿਆਨ ਭਾਸ਼ਨ ਮੁਕਾਬਲਾ ਕਰਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਸਮਾਜ ਵਿੱਚ ਔਰਤਾਂ ਦੇ ਯੋਗਦਾਨ ਨੂੰ ਰੇਖਾਂਕਿਤ ਕੀਤਾ ਅਤੇ ਦੇਸ਼ ਤੇ ਸਮਾਜ ਦੇ ਬੇਹਤਰ ਭਵਿੱਖ ਲਈ ਔਰਤਾਂ ਦੇ ਸਸ਼ਕਤੀਕਰਨ ਦੇ ਮਹੱਤਵ ਨੂੰ ਉਜਾਗਰ ਕੀਤਾ। ਭਾਸ਼ਨ ਮੁਕਾਬਲੇ ਵਿੱਚ ਜੱਜਾਂ ਦੀ ਭੂਮਿਕਾ ਪ੍ਰੋ. ਨਰਿੰਦਰ ਕੌਰ ਰੰਧਾਵਾ ਅਤੇ ਪ੍ਰੋ. ਕਿਰਨਬੀਰ ਕੌਰ ਨੇ ਨਿਭਾਈ। ਇਸ ਮੁਕਾਬਲੇ ਵਿੱਚ ਪਹਿਲਾ ਸਥਾਨ ਗੁਰਵੀਨ ਕੌਰ ਸਮੈਸਟਰ ਦੂਸਰਾ ਨੇ ਹਾਸਿਲ ਕੀਤਾ। ਦੂਸਰਾ ਸਥਾਨ ਜਸ਼ਨਪ੍ਰੀਤ ਕੌਰ ਸਮੈਸਟਰ ਚੌਥਾ ਨੇ ਅਤੇ ਤੀਸਰਾ ਸਥਾਨ ਜੈਸਮੀਨ ਕੌਰ ਸਮੈਸਟਰ ਤੀਸਰਾ ਨੇ ਹਾਸਿਲ ਕੀਤਾ। ਮੰਚ ਸੰਚਾਲਕ ਦੀ ਭੂਮਿਕਾ ਵਿਦਿਆਰਥੀ ਦਲਜੀਤ ਸਿੰਘ ਨੇ ਨਿਭਾਈ। ਡਾਇਰੈਕਟਰ ਸਾਹਿਬ ਨੇ ਦੱਸਿਆ ਕਿ ਯੂਪੀਐੱਸਸੀ ਸੈਂਟਰ ਵਿੱਚ ਇਸ ਪ੍ਰਕਾਰ ਦੇ ਮੁਕਾਬਲੇ ਲਗਾਤਾਰ ਕਰਾਏ ਜਾਂਦੇ ਹਨ ਜਿਨ੍ਹਾਂ ਦੁਆਰਾ ਵਿਦਿਆਰਥੀਆਂ ਦੇ ਹੁਨਰ ਅਤੇ ਸਮੁੱਚੀ ਸਖਸ਼ੀਅਤ ਦੇ ਵਿਕਾਸ ਵਿੱਚ ਲਾਭਦਾਇਕ ਪ੍ਰਭਾਵ ਪੈਂਦੇ ਹਨ। ਇਸ ਮੌਕੇ ਯੂਪੀਐੱਸਸੀ ਸੈਂਟਰ ਦੇ ਕੁਆਰਡੀਨੇਟਰ ਡਾ. ਗੁਰਪ੍ਰੀਤ ਸਿੰਘ ਉੱਪਲ, ਪ੍ਰੋ. ਗਗਨਪ੍ਰੀਤ ਸਿੰਘ, ਪ੍ਰੋ. ਮਨਪ੍ਰੀਤ ਸਿੰਘ, ਪ੍ਰੋ. ਪ੍ਰਭਜੀਤ ਕੌਰ, ਪ੍ਰੋ. ਗੁਰਸਿਮਰਨ ਸਿੰਘ, ਪ੍ਰੋ. ਸੰਦੀਪ ਸਿੰਘ ਅਤੇ ਪ੍ਰੋ. ਨਵਜੋਤ ਕੌਰ ਹਾਜ਼ਿਰ ਸਨ।



## ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਜ਼ਿਲ੍ਹਾ ਜਲੰਧਰ ਦੀ ਜਥੇਬੰਦਕ ਕਨਵੈਨਸ਼ਨ

### ਕਮਲਜੀਤ ਕੌਰ ਪ੍ਰਧਾਨ ਤੇ ਸੁਰਿੰਦਰ ਕੌਰ ਸਹੋਤਾ ਜਨਰਲ ਸਕੱਤਰ ਚੁਣੀਆਂ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਪੰਜਾਬ ਦੇ ਵੱਖ-ਵੱਖ ਵਿਭਾਗਾਂ ਅੰਦਰ ਕੰਮ ਕਰਦੀਆਂ ਇਸਤਰੀ ਮੁਲਾਜ਼ਮਾ ਤੇ ਆਧਾਰਿਤ ਜਥੇਬੰਦੀ ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਜ਼ਿਲ੍ਹਾ ਜਲੰਧਰ ਦੀ ਜਥੇਬੰਦਕ ਕਨਵੈਨਸ਼ਨ ਕਮਲਜੀਤ ਕੌਰ ਦੀ ਪ੍ਰਧਾਨਗੀ ਹੇਠ ਨੂਰਮਹਿਲ ਵਿਖੇ ਕੀਤੀ।ਕਨਵੈਨਸ਼ਨ ਦਾ ਉਦਘਾਟਨ ਕਰਦਿਆਂ ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸ੍ਰੀਮਤੀ ਅਵਤਾਰ ਕੌਰ ਬਾਸੀ ਨੇ ਕਿਹਾ ਕਿ ਅੱਜ ਦੇ ਯੁੱਗ 'ਚ ਇਸਤਰੀਆਂ ਨੇ ਸਮਾਜ ਦੇ ਹਰ ਖੇਤਰ ਵਿੱਚ ਤਰੱਕੀ ਕੀਤੀ ਹੈ ਪਰ ਆਪਣੀ ਜਥੇਬੰਦਕ ਸ਼ਕਤੀ ਦੀ ਘਾਟ ਕਾਰਨ ਉਹਨਾਂ ਨੂੰ ਕਈ ਪ੍ਰਕਾਰ ਦੀਆਂ ਮੁਸ਼ਕਲਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ।ਇਸ ਲਈ ਔਰਤਾਂ ਨੂੰ ਜਥੇਬੰਦ ਹੋ ਕੇ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।ਸਟੇਜ ਦੀ ਕਾਰਵਾਈ ਚਲਾਉਂਦਿਆਂ ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਜ਼ਿਲ੍ਹਾ ਜਲੰਧਰ ਦੀ ਜਨਰਲ ਸਕੱਤਰ ਸੁਰਿੰਦਰ ਕੌਰ ਸਹੋਤਾ ਨੇ ਪਿਛਲੀ ਟਰਮ ਦੌਰਾਨ ਕੀਤੀਆਂ ਗਤੀਵਿਧੀਆਂ ਦੀ ਰਿਪੋਰਟ ਪੇਸ਼ ਕੀਤੀ, ਜਿਸ 'ਤੇ 9 ਇਸਤਰੀ ਮੁਲਾਜ਼ਮਾ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਕਨਵੈਨਸ਼ਨ ਨੂੰ ਜਸਵਿੰਦਰ ਕੌਰ ਟਾਹਲੀ, ਸਿਮਰਨਜੀਤ ਕੌਰ ਪਾਸਲਾ, ਬਲਵੀਰ ਕੌਰ ਆਂਗਣਵਾੜੀ, ਅਜਮੇਰ ਕੌਰ ਢੇਸੀ ਜਸਵੀਰ ਕੌਰ ਬੰਡਾਲਾ, ਰਜਨੀ ਸੂਦ ਤੋਂ ਇਲਾਵਾ ਭਰਾਤਰੀ ਤੌਰ 'ਤੇ ਗੌਰਮਿੰਟ ਟੀਚਰਜ਼ ਯੂਨੀਅਨ ਦੇ ਸੁਖਵਿੰਦਰ ਰਾਮ, ਕੁਲਦੀਪ ਵਾਲੀਆ, ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਬਲਵਿੰਦਰ ਕੁਮਾਰ, ਕੁਲਦੀਪ ਸਿੰਘ ਕੌੜਾ ਗੁਰਸੇਵ ਸਿੰਘ ਬਾਸੀ, ਪ ਸ ਸ ਫ ਦੇ ਜ਼ਿਲ੍ਹਾ ਸਕੱਤਰ ਨਿਰਮੋਲਕ ਸਿੰਘ ਹੀਰਾ, ਕੈਸ਼ੀਅਰ ਅਕਲਚੰਦ ਸਿੰਘ ਅਤੇ ਬਲਵੀਰ ਸਿੰਘ ਗੁਰਾਇਆ ਨੇ ਵੀ ਸੰਬੋਧਨ ਕੀਤਾ।ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਜ਼ਿਲ੍ਹਾ ਜਲੰਧਰ ਦਾ ਪੈਨਲ ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਪੇਸ਼ ਕੀਤਾ।ਜਿਸ ਅਨੁਸਾਰ ਪ੍ਰਧਾਨ ਕਮਲਜੀਤ ਕੌਰ, ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਕੌਰ ਟਾਹਲੀ, ਸਿਮਰਨਜੀਤ ਕੌਰ ਪਾਸਲਾ, ਬਲਵੀਰ ਕੌਰ ਆਂਗਣਵਾੜੀ, ਮੀਤ ਪ੍ਰਧਾਨ ਸਵੀਟੀ ਤੱਖਰ, ਇਸ਼ਪਿੰਦਰ ਕੌਰ ਭੋਗਪੁਰ, ਸਰੋਜ਼ ਰਾਣੀ ਆਦਮਪੁਰ, ਚਰਨਜੀਤ ਕੌਰ ਮਾਹਲ, ਕਮਲਜੀਤ ਕੌਰ ਫਿਲੌਰ, ਜਸਵੀਰ ਕੌਰ ਬੰਡਾਲਾ ਜਨਰਲ ਸਕੱਤਰ ਸੁਰਿੰਦਰ ਕੌਰ ਸਹੋਤਾ, ਜੁਆਇੰਟ ਸਕੱਤਰ ਰਜਨੀ ਸੂਦ, ਕੈਸ਼ੀਅਰ ਅਮਰਜੀਤ ਕੌਰ ਨਗਰ, ਸਹਾਇਕ ਕੈਸ਼ੀਅਰ ਮੈਡਮ ਪ੍ਰੀਤੀ ਆਦਮਪੁਰ, ਪ੍ਰੈਸ ਸਕੱਤਰ ਮਨਜਿੰਦਰ ਕੌਰ ਹਾਜਰਾ, ਸਹਾਇਕ ਪ੍ਰੈਸ ਸਕੱਤਰ ਗੁਰਿੰਦਰ ਬੀਬਾ, ਕੁਸ਼ੱਲਿਆ ਰਾਣੀ ਭੋਗਪੁਰ, ਸਹਾਇਕ ਸਕੱਤਰ ਪ੍ਰਦੀਪ ਕੌਰ ਬੋਪਾਰਾਏ, ਬਲਵੀਰ ਕੌਰ ਨੂਰਮਹਿਲ, ਸੁਖਵਿੰਦਰ ਕੌਰ ਸਰਹਾਲ ਮੁੰਡੀ, ਲਖਵਿੰਦਰ ਕੌਰ ਸੁੰਨੜ ਕਲਾਂ, ਕਸ਼ਮੀਰ ਕੌਰ ਢੇਸੀ, ਪ੍ਰਚਾਰ ਸਕੱਤਰ ਦਲਬੀਰ ਕੌਰ ਸਿਹਤ, ਪਰਮਜੀਤ ਕੌਰ ਸੁੰਨੜ ਕਲਾਂ, ਸੁਖਵਿੰਦਰ ਕੌਰ ਆਸ਼ਾ ਵਰਕਰ ਸ਼ਾਮਲ ਸਨ।

## ਕੈਮਿਕਾਰਾ ਵੱਲੋਂ ਦੋ ਗੋਲਡ ਤੇ ਇੱਕ ਸਿਲਵਰ ਤਮਗਿਆਂ 'ਤੇ ਕਬਜ਼ਾ

**ਅੰਮ੍ਰਿਤਸਰ** : ਭਾਰਤ ਦੀ ਪਹਿਲੀ ਸ਼ੁੱਧ ਗੰਨੇ ਦੇ ਰਸ ਤੋਂ ਰਮ ਤਿਆਰ ਕਰਨ ਵਾਲੀ ਕੰਪਨੀ ਪਿਕਾਡਲੀ ਡਿਸਟਿਲਰੀਜ਼ ਨੇ ਇੱਕ ਵਾਰ ਫਿਰ ਭਾਰਤੀ ਰਮਾਂ ਲਈ ਇੱਕ ਮਾਪਦੰਡ ਸਥਾਪਤ ਕੀਤਾ ਹੈ ਅਤੇ ਵਿਸ਼ਵ ਪੱਧਰ 'ਤੇ ਭਾਰਤ ਲਈ ਇਤਿਹਾਸ ਰਚਿਆ ਹੈ।ਹਾਲ ਹੀ ਵਿੱਚ ਆਯੋਜਿਤ ਰਮ ਅੰਡ ਕੈਚਾਕਾ ਮਾਸਟਰਜ਼ -2024 ਮੁਕਾਬਲੇ ਵਿੱਚ, ਕੈਮਿਕਾਰਾ ਨੇ ਐਗਰੀਕੋਲ ਏਜਡ ਰਮ ਸ਼੍ਰੇਣੀ ਵਿੱਚ ਦੋ ਸੋਨੇ ਦੇ ਅਤੇ ਇੱਕ ਚਾਂਦੀ ਦਾ ਤਮਗਾ ਜਿੱਤਿਆ।12 ਸਾਲ ਪੁਰਾਣੀ ਕੈਮਿਕਾਰਾ ਅਤੇ 8 ਸਾਲ ਪੁਰਾਣੀ ਨੂੰ ਸੋਨੇ ਦੇ ਤਮਗੇ ਹਾਸਲ ਹੋਏ ਅਤੇ 3 ਸਾਲ ਪੁਰਾਣੀ ਕੈਮਿਕਾਰਾ ਨੇ ਚਾਂਦੀ ਦਾ ਤਮਗਾ ਹਾਸਲ ਕੀਤਾ।ਇਸ ਪ੍ਰਾਪਤੀ 'ਤੇ ਬੋਲਦੇ ਹੋਏ ਪਿਕਾਡਲੀ ਡਿਸਟਿਲਰੀਜ਼ ਦੇ ਸੰਸਥਾਪਕ ਸਿਧਾਰਥ ਸ਼ਰਮਾ ਨੇ ਕਿਹਾ ਕਿ ਅਸੀਂ ਇਸ ਮਾਨਸਿਕਤਾ ਨੂੰ ਤੋੜਨਾ ਚਾਹੁੰਦੇ ਹਾਂ ਕਿ ਰਮ ਇੱਕ ਸਸਤਾ ਡਰਿੰਕ ਹੈ। ਇਸ ਲਈ ਅਸੀਂ ਭਾਰਤ ਦੀ ਪਹਿਲੀ ਸ਼ੁੱਧ ਗੰਨੇ ਦੇ ਰਸ ਤੋਂ ਤਿਆਰ ਰਮ ਦਾ ਉਤਪਾਦਨ ਕੀਤਾ ਹੈ ਜੋ ਕਿ ਤਾਜ਼ੇ ਗੰਨੇ ਦੇ ਰਸ ਤੋਂ ਬਣੀ ਐਗਰੀਕੋਲ ਸ਼ੈਲੀ ਹੈ ਅਤੇ ਜਿਸ ਦਾ ਸੁਆਦ ਸਾਡੇ ਮੌਸਮ, ਮਿੱਟੀ ਅਤੇ ਗੰਨੇ ਦੀ ਯਾਦ ਦਿਵਾਉਂਦਾ ਹੈ।


**AXIS BANK**

**Retail Assets Center:** AXIS Bank Ltd., "2nd and 3rd Floor, Property No. 7-E, Malhar Road, Saraabha Nagar, Ludhiana -141001.
**Retail Assets Center:** AXIS Bank Ltd., 3rd Floor, SCO 367-368, Above Akash Institute, Sector 34A, Chandigarh -160022.
**Corporate Office:** 3rd Floor, Block-B, Bombay Dyeing Mills Compound, Pandurang Budhakar Marg, Worli, Mumbai-400 025.
**Registered Office:** 'Trishul', 3rd floor, Opposite Samartheswar Temple, Law Garden, Ellisbridge, Ahmedabad-380006.

**ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ**

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਹਾਸਲ ਕਰਨ ਦੇ ਬਾਵਜੂਦ, ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀਆਂ 'ਤੇ ਮੂਲ ਅਤੇ ਵਿਆਜ ਰਕਮਾਂ ਦੀ ਮੁੜ ਅਦਾਇਗੀ 'ਚ ਅਨੇਕਾਂ ਭੁੱਲਾਂ ਕੀਤੀਆਂ ਹਨ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਨਿਰਦੇਸ਼ਾਂ/ਗਾਈਡ ਲਾਈਨਾਂ ਅਨੁਸਾਰ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ 'ਤੇ ਖਾਤੇ ਨੂੰ ਨਾਨ-ਪ੍ਰਫਾਰਮਿੰਗ ਐੱਸਟ ਵਰਗੀਕ੍ਰਿਤ ਕਰ ਦਿੱਤਾ ਗਿਆ ਹੈ, ਨਤੀਜੇ ਵਜੋਂ ਐਕਸਿਸ ਬੈਂਕ ਦੇ ਅਧਿਕਾਰਤ ਅਫਸਰ ਨੇ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ, 2002 ਅਤੇ ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ, ਸਰਫੇਸੀ ਐਕਟ, 2002 ਦੇ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ ਨੂੰ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਸਮੇਤ ਇਸ ਉੱਪਰ ਇਕਰਾਰਨਾਮੇ ਅਨੁਸਾਰ ਭਵਿੱਖੀ ਵਿਆਜ ਅਤੇ ਅਚਨਚੇਤੀ ਖਰਚੇ, ਲਾਗਤ ਚਾਰਜਿਜ਼ ਆਦਿ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ। ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਉਨ੍ਹਾਂ ਨੂੰ ਜਾਰੀ ਕੀਤੇ ਗਏ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ, ਇਸ ਲਈ ਉਨ੍ਹਾਂ ਨੂੰ ਉਹੀ ਜਾਣਕਾਰੀ ਹਿਤ ਇਸ ਜਨਤਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ ਦਾ ਨਾਂਅ/ਪਤਾ | ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ ਕਾਨੂੰਨੀ ਵਾਰਸ, ਪਤਾ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ | ਕਰਜ਼ਾ ਰਕਮ | ਸਕਿਓਰਡ ਐੱਸਟਸ ਦਾ ਜਾਇਦਾਦੀ ਪਤਾ |
|---|---|---|---|---|---|---|---|
| 1. | 1. ਮੈਸ. ਏ ਕੇ ਐੱਚ ਪੀ ਪੈਟਰੋ ਸਟੇਸ਼ਨ ਰਾਹੀਂ ਇਸ ਦੇ ਮਾਲਕ ਸਵ. ਸ੍ਰੀ ਅੰਮ੍ਰਿਤਪਾਲ ਸਿੰਘ, ਪਤਾ : ਐੱਸ ਨੰ. 16, ਕੋਟਕਪੂਰਾ ਰੋਡ, ਸਮਾਲਸਰ ਰੋਡ, ਮੋਗਾ-142049 | ਸਵ: ਸ੍ਰੀ ਅੰਮ੍ਰਿਤਪਾਲ ਸਿੰਘ ਪੁੱਤਰ ਬਿੱਕਰ ਸਿੰਘ, ਪਤਾ : ਮਕਾਨ ਨੰ: 560, ਸੇਖਾ ਰੋਡ, ਨੇੜੇ ਗੁਰਦੁਆਰਾ ਸਾਹਿਬ, ਸਮਾਲਸਰ, ਮੋਗਾ-142049, ਸ੍ਰੀਮਤੀ ਕਰਮਜੀਤ ਕੌਰ | 29 ਅਗਸਤ 2022 | 26 ਫਰਵਰੀ 2024 | ਰੁਪਏ 73,50,000/- (ਤਿਹੱਤਰ ਲੱਖ ਪੰਜਾਹ ਹਜ਼ਾਰ ਰੁਪਏ ਕੇਵਲ) | ਰੂ. 93,28,217/- (ਤਰਿਆਨਵੇਂ ਲੱਖ ਅਠਾਈ ਹਜ਼ਾਰ ਦੋ ਸੌ ਸਤਾਰਾਂ ਰੁਪਏ ਕੇਵਲ) | ਬੈਨਾਮਾ ਨੰ: 4355 ਮਿਤੀ 7.01.2005 ਅਨੁਸਾਰ ਵਪਾਰਕ ਜਾਇਦਾਦ ਰਕਬਾ 6 ਮਰਲੇ ਜੋ ਕਿ 175 ਵਰਗ ਗਜ਼ ਜ਼ਮੀਨ ਰਕਬਾ 08 ਕਨਾਲ 4 ਮਰਲੇ ਦਾ 6/164 ਹਿੱਸਾ ਹੈ। ਖਸਰਾ ਨੰ: 1385 (8-4), ਖੇਵਟ ਨੰ: 1499, ਖਤੌਨੀ ਨੰ: 2138, ਕੋਟਕਪੂਰਾ ਰੋਡ, ਤਹਿਸੀਲ ਬਾਘਾਪੁਰਾਣਾ, ਜ਼ਿਲ੍ਹਾ ਮੋਗਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਸੜਕ, ਪੱਛਮ : ਮੋਗਾ-ਕੋਟਕਪੂਰਾ ਰੋਡ, ਉੱਤਰ : ਰਜਿੰਦਰ ਕੁਮਾਰ ਦੀ ਜਾਇਦਾਦ, ਦੱਖਣ : ਚੰਨਣ ਸਿੰਘ। |
| | ਬਰਾੜ ਪਤਨੀ ਅਪ੍ਰਿਤਪਾਲ ਸਿੰਘ ਬਰਾੜ, ਪਤਾ : ਮਕਾਨ ਨੰ: 560, ਸੇਖਾ ਰੋਡ, ਨੇੜੇ ਗੁਰਦੁਆਰਾ ਸਾਹਿਬ, ਸਮਾਲਸਰ, ਮੋਗਾ-142049, ਅਪ੍ਰਿਤਪਾਲ ਸਿੰਘ ਦੇ ਕਾਨੂੰਨੀ ਵਾਰਸਾਂ, ਸ੍ਰੀ ਅਦੇਸ਼ ਬਰਾੜ ਪੁੱਤਰ ਅਪ੍ਰਿਤਪਾਲ ਸਿੰਘ ਬਰਾੜ, ਪਤਾ : ਮਕਾਨ ਨੰ: 560, ਸੇਖਾ ਰੋਡ, ਨੇੜੇ ਗੁਰਦੁਆਰਾ ਸਾਹਿਬ, ਸਮਾਲਸਰ, ਮੋਗਾ-142049. | | | | | | |
| 2. | 2. ਮੈਸ: ਸਤਯੁਗ ਟ੍ਰੇਡਿੰਗ ਕੰਪਨੀ ਰਾਹੀਂ ਇਸ ਦੇ ਭਾਈਵਾਲ ਸ੍ਰੀ ਨੰਦ ਸਿੰਘ, ਇੰਦਰਜੀਤ ਕੌਰ, ਕੁਲਦੀਪ ਕੌਰ ਅਤੇ ਖੁਸ਼ਵਿੰਦਰ ਸਿੰਘ, ਪਤਾ : ਨਹਿਰੂ ਮੰਡੀ, ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ, ਪੰਜਾਬ-142038 | ਸ੍ਰੀ ਨੰਦ ਸਿੰਘ ਪੁੱਤਰ ਪੂਰਨ ਸਿੰਘ ਪਤਾ : ਵਾਰਡ ਨੰ: 6, ਮੁਗਲੂ ਪੱਤੀ, ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ-142038, ਸ੍ਰੀਮਤੀ ਇੰਦਰਜੀਤ ਕੌਰ ਪਤਨੀ ਚੰਦ ਸਿੰਘ, ਪਤਾ : ਵਾਰਡ ਨੰ: 6, ਮੁਗਲੂ ਪੱਤੀ, ਬਾਘਾ | 29 ਅਕਤੂਬਰ 2023 | 26 ਫਰਵਰੀ 2024 | ਰੂ. 7950047/- (ਉਨਾਸੀ ਲੱਖ ਪੰਜਾਹ ਹਜ਼ਾਰ ਸੰਤਾਲੀ ਰੁਪਏ ਕੇਵਲ) | ਰੂ. 80,00,000/- (ਅੱਸੀ ਲੱਖ ਰੁਪਏ ਕੇਵਲ) | ਜਾਇਦਾਦ ਨੰ: 1. ਬੈਨਾਮਾ ਨੰ: 4302, ਮਿਤੀ 10.03.2014 ਅਨੁਸਾਰ ਵਪਾਰਕ ਜਾਇਦਾਦ ਰਕਬਾ 16'.6"×50', ਪਲਾਟ ਨੰ: 324, ਮੰਡੀ ਬਾਘਾ ਪੁਰਾਣਾ, ਤਹਿਸੀਲ ਬਾਘਾ ਪੁਰਾਣਾ ਜ਼ਿਲ੍ਹਾ ਮੋਗਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : 16'-05" ਸੜਕ, ਪੱਛਮ : 16'-05" ਖਾਲੀ ਜ਼ਮੀਨ, ਉੱਤਰ : ਮੈਸ: ਸਿਮਰਨ ਟ੍ਰੇਡਿੰਗ ਦੀ ਦੁਕਾਨ 323, ਦੱਖਣ : 50'-00" ਦੁਕਾਨ 325. ਜਾਇਦਾਦ ਨੰ. 2 :- ਬੈਨਾਮਾ ਨੰ: 2378 ਮਿਤੀ 28.10.2011 ਅਨੁਸਾਰ |
| | ਪੁਰਾਣਾ, ਜ਼ਿਲ੍ਹਾ ਮੋਗਾ-142038, ਸ੍ਰੀਮਤੀ ਕੁਲਦੀਪ ਕੌਰ ਪਤਨੀ ਇਕਬਾਲ ਸਿੰਘ, ਪਤਾ : ਵਾਰਡ ਨੰ: 6, ਮੁਗਲੂ ਪੱਤੀ, ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ-142038 ਸ੍ਰੀ ਖੁਸ਼ਵਿੰਦਰ ਸਿੰਘ ਪੁੱਤਰ ਨੰਦ ਸਿੰਘ, ਪਤਾ : ਵਾਰਡ ਨੰ: 6, ਮੁਗਲੂ ਪੱਤੀ, ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ-142038. | | | | | | |
| | ਵਪਾਰਕ ਜਾਇਦਾਦ ਰਕਬਾ 17 ਮਰਲੇ, ਜ਼ਮੀਨ 06 ਕੇ-05 ਐੱਮ ਦਾ 17/125 ਹਿੱਸਾ, ਖਸਰਾ ਨੰ: 806 (6-5), ਖੇਵਟ ਨੰ: 1404, ਜਮ੍ਹਾਂਬੰਦੀ ਸਾਲ 1983-84, ਖੇਵਟ ਨੰ: 669, ਜਮ੍ਹਾਂਬੰਦੀ ਸਾਲ 2008-09 ਅਤੇ ਖੇਵਟ ਨੰ: 712, ਜਮ੍ਹਾਂਬੰਦੀ ਸਾਲ 2013-14, ਬਲਾਕ ਨੰ: 5, ਕਾਲੇਕੇ ਰੋਡ, ਬਾਘਾ ਪੁਰਾਣਾ, ਤਹਿਸੀਲ ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਗਲੀ ਅਤੇ ਸ੍ਰੀਮਤੀ ਇੰਦਰਜੀਤ ਕੌਰ, ਪੱਛਮ : ਜਗਤਾਰ ਸਿੰਘ, ਉੱਤਰ : ਇੰਦਰਜੀਤ ਕੌਰ, ਦੱਖਣ : ਇੰਦਰਜੀਤ ਕੌਰ ਜਾਇਦਾਦ ਨੰ: 3 : ਜਾਇਦਾਦ ਰਕਬਾ 2 ਕਨਾਲ 1-1/2 ਮਰਲਾ ਹੇਠਾਂ ਦਰਸਾਏ ਵੇਰਵੇ ਅਨੁਸਾਰ :- ਬੈਨਾਮਾ ਨੰ: 3336 ਮਿਤੀ 12.11.2003 ਅਨੁਸਾਰ ਵਪਾਰਕ ਜਾਇਦਾਦ ਰਕਬਾ 2 ਮਰਲੇ, ਜ਼ਮੀਨ ਰਕਬਾ 3 ਕਨਾਲ 15 ਮਰਲੇ ਦਾ 2/75 ਹਿੱਸਾ, ਖਸਰਾ ਨੰ: 802 (3-15), ਖੇਵਟ ਨੰ: 365, ਖਤੌਨੀ ਨੰ: 629, ਜਮ੍ਹਾਂਬੰਦੀ ਸਾਲ 1998-99, ਖੇਵਟ ਨੰ: 499, 500, ਖਤੌਨੀ ਨੰ: 714, ਜਮ੍ਹਾਂਬੰਦੀ ਸਾਲ 2008-09 ਬਲਾਕ ਨੰ: 05, ਕਾਲੇਕੇ ਰੋਡ, ਬਾਘਾ ਪੁਰਾਣਾ, ਤਹਿਸੀਲ ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ ਨਾਲ ਸੰਬੰਧਤ ਸਭ ਕੁਝ। 2. ਬੈਨਾਮਾ ਨੰ: 3336 ਮਿਤੀ 12.11.2003 ਅਨੁਸਾਰ, ਜ਼ਮੀਨ ਰਕਬਾ 1 ਕਨਾਲ 19-1/2 ਮਰਲੇ, ਜ਼ਮੀਨ ਰਕਬਾ 18 ਕਨਾਲ 13 ਮਰਲੇ ਦਾ 79/746 ਹਿੱਸਾ, ਖਸਰਾ ਨੰ: 800 (2-18), 1010 (3-12), 1011 (12-3), ਖੇਵਟ ਨੰ: 362, ਖਤੌਨੀ ਨੰ: 622, ਜਮ੍ਹਾਂਬੰਦੀ ਸਾਲ 1998-99, ਖੇਵਟ ਨੰ: 494, 495, 499, ਖਤੌਨੀ ਨੰ: 708, 709, 714, ਜਮ੍ਹਾਂਬੰਦੀ ਸਾਲ 2008-09 ਬਲਾਕ ਨੰ: 05, ਕਾਲੇਕੇ ਰੋਡ, ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਮੱਸਾ ਸਿੰਘ ਦੀ ਜ਼ਮੀਨ, ਪੱਛਮ : ਗੁਰਦੀਪ ਸਿੰਘ, ਉੱਤਰ : ਆਮ ਰਸਤਾ, ਦੱਖਣ : ਆਮ ਰਸਤਾ। | | | | | | |

ਉਪਰੋਕਤ ਦਰਸਾਏ ਹਾਲਤਾਂ 'ਚ ਉਕਤ ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ /ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂ ਹੋਣ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਉਪਰੋਕਤ ਦਰਸਾਏ ਬਕਾਇਆਂ ਸਮੇਤ ਭਵਿੱਖੀ ਵਿਆਜ ਅਤੇ ਲਾਗੂ ਚਾਰਜਿਜ਼ ਅਦਾ ਕਰਨ ਲਈ ਨੋਟਿਸ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ ਇਸ ਨੋਟਿਸ ਦੇ 60 ਦਿਨ ਗੁਜ਼ਰਨ ਤੋਂ ਬਾਅਦ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (4) ਅਤੇ ਇਸ ਤਹਿਤ ਲਾਗੂ ਨਿਯਮਾਂ ਤਹਿਤ ਕਰਜ਼ਦਾਰਾਂ ਅਤੇ ਗਰੰਟਰਾਂ ਦੇ ਸਕਿਓਰਡ ਐੱਸਟਸ ਵਿਰੁੱਧ ਸਮੇਤ ਕਬਜ਼ਾ ਹਾਸਲ ਕਰਨ ਜਿਹੇ ਅਗਲੇ ਕਦਮ ਉਠਾਏ ਜਾਣਗੇ। ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਉਕਤ ਐਕਟ ਦੇ ਸੈਕਸ਼ਨ 13 (13) ਤਹਿਤ ਕਰਜ਼ਦਾਰ ਸਕਿਓਰਡ ਕ੍ਰੈਡਿਟਸ ਤੋਂ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਇਸ ਨੋਟਿਸ 'ਚ ਹਵਾਲੇ ਵਾਲੇ ਕਿਸੇ ਸਕਿਓਰਡ ਐੱਸਟਸ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦਾ।

ਮਿਤੀ 12.03.2004, ਸਥਾਨ : ਪੰਜਾਬ — ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

12-March-PAGE-12.qxd 3/11/2024 8:50 PM Page 1





ਡਾ. ਸੁਮੀਤ ਸਿੰਘ ਤੇ ਡਾ. ਅਮਨਪ੍ਰੀਤ ਕੌਰ

# ਵਿਆਹ ਮੌਕੇ ਮਿੱਤਰ ਮਿਲਣੀ



ਬੰਤ ਬਰਾੜ, ਐਡਵੋਕੇਟ ਰਘਬੀਰ ਬਟਾਲਾ, ਹਰਬਲਾਸ, ਨਵਜੀਤ ਜੌਹਲ, ਨਰਿੰਦਰ ਸੋਨੀਆ, ਹਰਿੰਦਰ ਲਾਲੀ, ਡਾ. ਸਵਰਨ ਸਿੰਘ, ਰੇਸ਼ਮ, ਬਲਵਿੰਦਰ, ਐਡਵੋਕੇਟ ਰਜਿੰਦਰ ਰਾਣਾ, ਗੁਰਮੀਤ, ਭੁਪਿੰਦਰ ਸਾਂਭਰ, ਚੰਦ ਫਤਿਹਪੁਰੀ, ਦਰਸ਼ਨ ਢਿੱਲੋਂ, ਦਿਲਬਾਗ ਬਾਘਾ, ਪੁਸ਼ਪਿੰਦਰ, ਸਤਨਾਮ ਚਾਨਾ, ਡਾ. ਗੁਰਿੰਦਰ ਕੌਰ ਚਾਨਾ, ਮਿਸ਼ਿਜ ਨਰਿੰਦਰ ਸੋਨੀਆ ਤੇ ਐਡਵੋਕੇਟ ਹਰਚੰਦ ਬਾਠ।

ਸੱਤਰਵਿਆਂ ਦੇ ਸ਼ੁਰੂ ਵਿੱਚ ਪੰਜਾਬ ਅੰਦਰ ਕਮਿਊਨਿਸਟ ਲਹਿਰ ਪੂਰੇ ਚੜ੍ਹਾਅ ਉਤੇ ਸੀ। ਸੀ ਪੀ ਆਈ ਦਾ ਵਿਦਿਆਰਥੀ ਵਿੰਗ ਕੁੱਲ ਹਿੰਦ ਵਿਦਿਆਰਥੀ ਫੈਡਰੇਸ਼ਨ ਪੰਜਾਬ ਦੇ ਲੱਗਭੱਗ ਹਰ ਕਾਲਜ 'ਚ ਛਾਇਆ ਹੋਇਆ ਸੀ। ਖਾਲਸਾ ਕਾਲਜ ਜਲੰਧਰ, ਗੁਰੂ ਗੋਬਿੰਦ ਸਿੰਘ ਕਾਲਜ ਜੰਡਿਆਲਾ ਤੇ ਗੁਰੂ ਨਾਨਕ ਕਾਲਜ ਸੁਲਤਾਨਪੁਰ ਲੋਧੀ ਦੁਆਬੇ ਵਿੱਚ ਵਿਦਿਆਰਥੀ ਸਰਗਰਮੀਆਂ ਦੇ ਮੁੱਖ ਕੇਂਦਰ ਸਨ। ਖਾਲਸਾ ਕਾਲਜ ਵਿੱਚ ਗੁਰਮੀਤ, ਰਘਬੀਰ ਸਿੰਘ ਬਟਾਲਾ, ਦਲਬੀਰ, ਪ੍ਰਭਾਤ ਕੁਮਾਰ, ਪੁਸ਼ਪਿੰਦਰ ਸਿੰਘ ਤੇ ਜਗੀਰ ਜੌਹਲ ਦੀ ਮਜ਼ਬੂਤ ਟੀਮ ਸੀ। ਪਿੱਛੋਂ ਮੋਗੇ ਤੋਂ ਆ ਕੇ ਬੰਤ ਬਰਾੜ ਵੀ ਇਨ੍ਹਾਂ ਵਿੱਚ ਸ਼ਾਮਲ ਹੋ ਗਿਆ। ਜੰਡਿਆਲਾ ਕਾਲਜ ਵਿੱਚ ਸਤਨਾਮ ਚਾਨਾ, ਦਿਲਬਾਗ ਬਾਘਾ, ਨਵਜੀਤ ਜੌਹਲ ਤੇ ਜੋਗਿੰਦਰ ਭੰਗਾਲੀਆ ਸਮੇਤ ਇਲਾਕੇ ਦੇ ਹੋਰ ਵੀ ਬਹੁਤ ਸਾਰੇ ਸਰਗਰਮ ਵਿਦਿਆਰਥੀ ਸਨ, ਜਿਹੜੇ ਬਾਅਦ ਵਿੱਚ ਵਿਦੇਸ਼ੀਂ ਚਲੇ ਗਏ। ਸੁਲਤਾਨਪੁਰ ਕਾਲਜ ਵਿੱਚ ਰਜਿੰਦਰ ਰਾਣਾ, ਬਲਵੀਰ ਜੰਡੂ, ਪ੍ਰੀਤਮ ਮੱਟੂ, ਜਗਜੀਤ ਸ਼ਾਲਾਪੁਰੀ, ਹਰਬੰਸ ਸਿੰਘ ਤੇ ਮੇਰੇ ਸਮੇਤ ਇੱਕ ਵਧੀਆ ਗਰੁੱਪ ਸੀ।

ਪਿੱਛੋਂ ਜਾ ਕੇ ਇਨ੍ਹਾਂ ਵਿੱਚੋਂ ਬਹੁਤ ਸਾਰੇ ਸੀ ਪੀ ਆਈ ਵਿੱਚ ਸਰਗਰਮ ਹੋਏ ਤੇ ਕੁਝ ਨੇ ਆਪਣੇ ਵੱਲੋਂ ਚੁਣੇ ਖੇਤਰਾਂ ਵਿੱਚ ਨਾਮਣਾ ਖੱਟਿਆ। ਕਾਮਰੇਡ ਬੰਤ ਬਰਾੜ ਕੁਲ ਹਿੰਦ ਵਿਦਿਆਰਥੀ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਦੇ ਅਹੁਦੇ ਤੋਂ ਬਾਅਦ ਟਰੇਡ ਯੂਨੀਅਨ ਦੇ ਆਗੂ ਤੋਂ ਹੁੰਦੇ ਹੋਏ ਅੱਜ ਸੀ ਪੀ ਆਈ ਪੰਜਾਬ ਦੇ ਸਕੱਤਰ ਹਨ। ਸਤਨਾਮ ਚਾਨਾ ਲੰਮੀ ਛਾਲ ਮਾਰ ਕੇ ਇੰਟਰਨੈਸ਼ਨਲ ਸਟੂਡੈਂਟਸ ਯੂਨੀਅਨ ਦੇ ਪਰਾਗ ਵਿਚਲੇ ਕੌਮਾਂਤਰੀ ਦਫ਼ਤਰ ਵਿੱਚ ਅਹੁਦੇਦਾਰ ਰਹੇ ਤੇ ਅੱਜਕੱਲ੍ਹ ਐਨੀਮੇਸ਼ਨ ਫਿਲਮਾਂ ਦੇ ਡਾਇਰੈਕਟਰ ਤੇ ਨਿਰਮਾਤਾ ਹਨ। ਦਿਲਬਾਗ ਬਾਘਾ ਤੇ ਨਰਿੰਦਰ ਸੋਨੀਆ ਪਾਰਟੀ ਦੇ ਸਪਤਾਹਕ ਪਰਚੇ 'ਸਾਡਾ ਜੁੱਗ' ਨਾਲ ਜਾ ਜੁੜੇ ਸਨ। ਗੁਰਮੀਤ ਨਵਾਂ ਜ਼ਮਾਨਾ ਤੋਂ ਬਾਅਦ ਦੇਸ਼ ਭਗਤ ਯਾਦਗਾਰ ਦੇ ਸਕੱਤਰ ਦੇ ਅਹੁਦੇ ਉੱਤੇ ਰਹੇ। ਦਲਬੀਰ ਤੇ ਬਲਜੀਤ ਜੰਡੂ ਨਵਾਂ ਜ਼ਮਾਨਾ ਤੋਂ ਪੱਤਰਕਾਰੀ ਸਿੱਖ ਪੰਜਾਬੀ ਟ੍ਰਿਬਿਊਨ ਨਾਲ ਜੁੜ ਗਏ। ਰਜਿੰਦਰ ਰਾਣਾ ਤੇ ਰਘਬੀਰ ਬਟਾਲਾ ਨੇ ਐਡਵੋਕੇਟ ਦਾ ਪੇਸ਼ਾ ਅਪਨਾ ਲਿਆ। ਪ੍ਰੀਤਮ ਮੱਟੂ ਇੰਗਲੈਂਡ ਜਾ ਕੇ ਫਰੈਂਡਜ਼ ਆਫ਼ ਸੀ ਪੀ ਆਈ ਨਾਲ ਜੁੜੇ ਹੋਏ ਹਨ। ਨਵਜੀਤ ਜੌਹਲ ਪੰਜਾਬੀ ਯੂਨੀਵਰਸਿਟੀ ਵਿੱਚ ਪ੍ਰੋਫ਼ੈਸਰ ਦੇ ਅਹੁਦੇ ਤੋਂ ਰਿਟਾਇਰ ਹੋ ਕੇ ਚੰਡੀਗੜ੍ਹ ਰਹਿੰਦੇ ਹਨ। ਜੋਗਿੰਦਰ ਭੰਗਾਲੀਆ ਡੁਬਈ ਵਿੱਚ ਇੱਕ ਸਫ਼ਲ ਕਾਰੋਬਾਰੀ ਹਨ। ਜਗਜੀਤ ਵੀ ਨਵਾਂ ਜ਼ਮਾਨਾ ਤੋਂ ਅਜੀਤ ਵਿੱਚ ਨਿਊਜ਼ ਐਡੀਟਰ ਦੇ ਅਹੁਦੇ ਤੱਕ ਪਹੁੰਚਿਆ। ਇਨ੍ਹਾਂ ਵਿੱਚੋਂ ਦਲਬੀਰ, ਪ੍ਰੋ. ਹਰਬੰਸ, ਜਗਜੀਤ ਤੇ ਜਗੀਰ ਜੌਹਲ ਹੁਣ ਰਹੇ ਨਹੀਂ ਹਨ।

ਇਨ੍ਹਾਂ ਸਾਰੇ ਵਿਚਾਰਧਾਰਕ ਮਿੱਤਰਾਂ ਦੇ ਮਿਲਣ ਦਾ ਟਿਕਾਣਾ ਤੇ ਜਲੰਧਰੋਂ ਬਾਹਰਲਿਆਂ ਦਾ ਰੈਣ-ਬਸੇਰਾ ਨਵਾਂ ਜ਼ਮਾਨਾ ਹੁੰਦਾ ਸੀ। ਇੱਥੇ ਹੀ ਇਹ ਸਾਰੇ ਸੁਰਜਨ ਜ਼ੀਰਵੀ ਤੇ ਭੁਪਿੰਦਰ ਸਾਂਭਰ ਦੀ ਸੰਗਤ ਮਾਣਦੇ ਸਨ।

ਉਪਰੋਕਤ ਮਿੱਤਰਾਂ ਵਿੱਚੋਂ ਪੁਸ਼ਪਿੰਦਰ ਸਿੰਘ ਆਈ ਏ ਐੱਸ ਦੀ ਤਿਆਰੀ ਲਈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਚਲੇ ਗਏ ਸਨ। ਲਿਖਤੀ ਪ੍ਰੀਖਿਆ ਪਾਸ ਕਰ ਲਈ, ਪਰ ਨਿਯੁਕਤੀ ਵਿੱਚ ਕਮਿਊਨਿਸਟ ਹੋਣਾ ਅੜਿੱਕਾ ਬਣ ਗਿਆ। ਸੁਲਤਾਨਪੁਰ ਵਿੱਚ ਉਸ ਦਾ ਪਿਤਾ ਸੁਰਜੀਤ ਸਿੰਘ ਤਸੀਲਦਾਰ ਸੀ। ਉਸ ਦਾ ਘਰ ਹੀ ਰਾਤ-ਬਰਾਤੇ ਸਾਡਾ ਟਿਕਾਣਾ ਹੁੰਦਾ ਸੀ। ਅੱਜਕੱਲ੍ਹ ਪੁਸ਼ਪਿੰਦਰ ਆਪਣੇ ਪਿੰਡ ਮੂਲਿਆਂਵਾਲੀ ਜ਼ਿਲ੍ਹਾ ਫਾਜ਼ਿਲਕਾ ਵਿੱਚ ਇੱਕ ਸਕੂਲ ਤੇ ਮੱਛੀ ਪਾਲਣ ਦਾ ਸਫ਼ਲ ਕਾਰੋਬਾਰੀ ਹੈ। ਪਿਛਲੀ 6 ਮਾਰਚ ਨੂੰ ਪੁਸ਼ਪਿੰਦਰ ਸਿੰਘ ਦੇ ਬੇਟੇ ਡਾ. ਸੁਮੀਤ ਸਿੰਘ ਦੀ ਡਾ. ਅਮਨਪ੍ਰੀਤ ਕੌਰ ਮੁੱਲਾਂਪੁਰ ਦਾਖਾ ਨਾਲ ਸ਼ਾਦੀ ਦਾ ਮੌਕਾ ਸੀ। ਪੁਸ਼ਪਿੰਦਰ ਨੇ ਇਸ ਮੌਕੇ ਨੂੰ ਇੱਕ ਮਿੱਤਰ ਮਿਲਣੀ ਦਾ ਜ਼ਰੀਆ ਬਣਾ ਦਿੱਤਾ। ਵਿਦੇਸ਼ ਬੈਠੇ ਜੰਡੂ, ਭੰਗਾਲੀਆ ਤੇ ਮੱਟੂ ਨੂੰ ਛੱਡ ਕੇ ਉਕਤ ਸਾਰੇ ਮਿੱਤਰ ਇਸ ਵਿਆਹ ਵਿੱਚ ਸ਼ਾਮਲ ਸਨ। ਉਪਰਲਿਆਂ ਤੋਂ ਇਲਾਵਾ ਐਡਵੋਕੇਟ ਹਰਚੰਦ ਬਾਠ, ਚਰਚਾ ਦੇ ਸੰਪਾਦਕ ਦਰਸ਼ਨ ਢਿੱਲੋਂ (ਇੰਗਲੈਂਡ), ਨਵਾਂ ਜ਼ਮਾਨਾ ਤੋਂ ਰੇਸ਼ਮ ਸਿੰਘ, ਜਗਜੀਤ ਦੇ ਭਰਾ ਬਲਵਿੰਦਰ ਸਿੰਘ, ਹਰਬਲਾਸ, ਮਾਸਟਰ ਬਲਦੇਵ ਜੰਡਿਆਲਾ, ਚੂਹੜਵਾਲੀ ਵਾਲਾ ਲਾਲੀ, ਡਾ. ਸਵਰਣ ਸਿੰਘ, ਕਿਸਾਨ ਆਗੂ ਸਰਵਣ ਸਿੰਘ ਤੇ ਮੁੰਬਈ ਤੋਂ ਮੱਟੂ ਦਾ ਭਰਾ ਸਾਹਿਬ ਵੀ ਆਏ ਹੋਏ ਸਨ।

ਇਸ ਮੌਕੇ ਪੁਸ਼ਪਿੰਦਰ ਸਿੰਘ ਤੇ ਉਨ੍ਹਾਂ ਦੀ ਜੀਵਨ ਸਾਥਣ ਸਰਦਾਰਨੀ ਕੁਲਬੀਰ ਕੌਰ ਨੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਸੀ ਪੀ ਆਈ ਨੂੰ 15 ਹਜ਼ਾਰ ਤੇ ਨਵਾਂ ਜ਼ਮਾਨਾ ਨੂੰ 10 ਹਜ਼ਾਰ ਰੁਪਏ ਸਹਾਇਤਾ ਵਜੋਂ ਭੇਟ ਕੀਤੇ। ਅਸੀਂ ਸਾਰੇ ਮਿੱਤਰਾਂ ਵੱਲੋਂ ਉਨ੍ਹਾਂ ਦੀ ਖੁਸ਼ੀ ਵਿੱਚ ਸ਼ਾਮਲ ਹੁੰਦੇ ਹੋਏ ਨਵੀਂ ਵਿਆਹੀ ਜੋੜੀ ਦੇ ਸੁਖੀ ਪਰਵਾਰਕ ਜੀਵਨ ਤੇ ਲੰਮੀ ਉਮਰ ਦੀ ਕਾਮਨਾ ਕਰਦੇ ਹਾਂ।

**- ਚੰਦ ਫਤਿਹਪੁਰੀ**

## ਮਾਨ ਸਰਕਾਰ ਸੂਬੇ 'ਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ : ਅਨਮੋਲ ਗਗਨ ਮਾਨ



**ਮੋਹਾਲੀ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਦੇ ਸੈਰ ਸਪਾਟਾ, ਸਭਿਆਚਾਰਕ ਮਾਮਲੇ, ਨਿਵੇਸ਼ ਪ੍ਰੋਤਸਾਹਨ, ਮਹਿਮਾਨਨਿਵਾਜੀ ਅਤੇ ਕਿਰਤ ਮੰਤਰੀ ਅਨਮੋਲ ਗਗਨ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਪੰਜਾਬ 'ਚ ਖੇਡਾਂ ਦਾ ਪੱਧਰ ਉੱਚਾ ਚੁੱਕਣ ਲਈ ਨਿਰੰਤਰ ਯਤਨਸ਼ੀਲ ਹੈ। ਇਸੇ ਲਈ ਪੰਜਾਬ 'ਚ ਖੇਡਾਂ ਵਤਨ ਪੰਜਾਬ ਦਾ ਆਯੋਜਨ ਕਰਕੇ ਖਿਡਾਰੀਆਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਪਿੰਡ ਜੰਡਪੁਰ ਦੇ ਕਬੱਡੀ ਮੇਲੇ ਮੌਕੇ ਪ੍ਰਬੰਧਕਾਂ ਤੇ ਖਿਡਾਰੀਆਂ ਦੀ ਹੌਸਲਾ ਅਫਜਾਈ ਕਰਨ ਪੁੱਜੇ ਕੈਬਨਿਟ ਮੰਤਰੀ ਮਾਨ ਨੇ ਅੱਗੇ ਕਿਹਾ ਕਿ ਇਸ ਵਿੱਤੀ ਵਰ੍ਹੇ ਦੌਰਾਨ 14,728 ਖਿਡਾਰੀਆਂ ਨੂੰ 54 ਕਰੋੜ ਰੁਪਏ ਦੀ ਨਗਦ ਇਨਾਮ ਰਾਸ਼ੀ ਅਤੇ 11 ਉੱਘੇ ਖਿਡਾਰੀਆਂ ਨੂੰ ਪੀਸੀਐਸ/ਡੀਐਸਪੀ ਦੀਆਂ ਨੌਕਰੀਆਂ ਦੇ ਕੇ ਭਗਵੰਤ ਮਾਨ ਸਰਕਾਰ ਨੇ ਖੇਡਾਂ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਵਿਧਾਨ ਸਭਾ 'ਚ ਹਾਲ ਹੀ ਵਿੱਚ ਪੇਸ਼ ਬਜਟ ਦੌਰਾਨ ਖੇਡਾਂ ਲਈ 272 ਕਰੋੜ ਰੁਪਏ ਰੱਖੇ ਗਏ ਹਨ। ਸੂਬੇ ਵਿੱਚ ਕੁੱਲ 1000 ਖੇਡ ਨਰਸਰੀਆਂ ਬਣਾਈਆਂ ਜਾਣੀਆਂ ਹਨ ਅਤੇ ਪ੍ਰਤੀ ਨਰਸਰੀ 60 ਖਿਡਾਰੀਆਂ ਦੇ ਹਿਸਾਬ ਨਾਲ ਕੁੱਲ 60000 ਖਿਡਾਰੀਆਂ ਦੀ ਕੋਚਿੰਗ, ਡਾਈਟ ਅਤੇ ਖੇਡ ਸਮਾਨ ਦਾ ਪ੍ਰਬੰਧ ਸਰਕਾਰ ਕਰੇਗੀ। ਪਹਿਲੇ ਪੜਾਅ ਵਿੱਚ ਸਥਾਪਤ ਕੀਤੀਆਂ ਜਾਣ ਵਾਲੀਆਂ 250 ਨਰਸਰੀਆਂ ਲਈ ਬਜਟ ਵਿੱਚ 50 ਕਰੋੜ ਰੁਪਏ ਰੱਖੇ ਗਏ ਹਨ। ਪਿੰਡ 'ਚ 20 ਲੱਖ ਰੁਪਏ ਦਾ ਓਪਨ ਜਿੰਮ ਬਣੇਗਾ ਤਾਂ ਜੋ ਨੌਜੁਆਨਾਂ ਚ ਖੇਡਾਂ ਦਾ ਜੋਸ਼ ਮੱਠਾ ਨਾ ਪਵੇ। ਉਨ੍ਹਾਂ ਕਿਹਾ ਜੰਡਪੁਰ ਨੇੜਲੇ ਪਿੰਡ ਚੰਦੋ ਗੋਬਿੰਦਗੜ੍ਹ ਚ ਸਟੇਡੀਅਮ ਬਣ ਕੇ ਤਿਆਰ ਹੈ, ਜਿਸ ਦਾ ਜੰਡਪੁਰ ਦੇ ਖਿਡਾਰੀਆਂ ਨੂੰ ਵੀ ਲਾਭ ਮਿਲੇਗਾ। ਉਨ੍ਹਾਂ ਵਾਅਦਾ ਕੀਤਾ ਕਿ ਜੰਡਪੁਰ ਪਿੰਡ ਨੂੰ ਪਹਿਲ ਦੇ ਆਧਾਰ 'ਤੇ ਆਮ ਆਦਮੀ ਕਲੀਨਿਕ ਮਿਲੇਗਾ। ਉਨ੍ਹਾਂ ਕਬੱਡੀ ਮੇਲਾ ਕਰਵਾਉਣ ਵਾਲੀ ਕਮੇਟੀ ਨੂੰ 2 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਵੀ ਕੀਤਾ। ਇਸ ਮੌਕੇ ਇਲਾਕੇ ਦੇ ਪਤਵੰਤੇ ਸੱਜਣ ਵੀ ਮੌਜੂਦ ਸਨ।

## ਕਿਰਤੀ ਕਿਸਾਨ ਯੂਨੀਅਨ ਦੇ ਦਫ਼ਤਰ ਨੂੰ ਤਾਲਾ ਲਾਉਣ ਤੇ ਗ੍ਰਿਫ਼ਤਾਰੀਆਂ ਖ਼ਿਲਾਫ਼ ਆਵਾਜ਼ ਉਠਾਓ : ਪਲਸ ਮੰਚ

**ਜਲੰਧਰ :** ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਦੇ ਪ੍ਰਧਾਨ ਅਮੋਲਕ ਸਿੰਘ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਲਿਖਤੀ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਜਲੰਧਰ ਪੁਲਸ ਨੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਦਫਤਰ ਉੱਪਰ ਛਾਪਾ ਮਾਰਿਆ। ਉੱਥੋ ਨਾ ਸਿਰਫ਼ ਇਸਤ੍ਰੀ ਜਾਗਰਿਤੀ ਮੰਚ ਦੀ ਸੂਬਾ ਪ੍ਰੈਸ ਸਕੱਤਰ ਜਸਵੀਰ ਜੱਸੀ ਅਤੇ ਦਫ਼ਤਰ ਦੇ ਸਟਾਫ ਨੂੰ ਗ੍ਰਿਫ਼ਤਾਰ ਕੀਤਾ ਸਗੋਂ ਦਫ਼ਤਰ ਨੂੰ ਤਾਲਾ ਲਾ ਕੇ ਚਾਬੀਆਂ ਵੀ ਲੈ ਗਈ। ਇਸੇ ਤਰ੍ਹਾਂ ਪੰਜਾਬ ਵਿਚ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਅੰਗਰੇਜ਼ ਸਿੰਘ ਗੋਰਾ ਮੱਤਾ ਅਤੇ ਗੋਰਾ ਰੋੜੀਕਪੂਰਾ, ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਕਨਵੀਨਰ ਭੁਪਿੰਦਰ ਸਿੰਘ ਲੌਂਗੋਵਾਲ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਸੁਖਦੀਪ ਸਿੰਘ ਹਥਨ ਨੂੰ ਵੀ ਲੰਘੀ ਰਾਤ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਅਤੇ ਹੋਰ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਲਈ ਵੀ ਕਈ ਥਾਵਾਂ ਉੱਪਰ ਛਾਪੇ ਮਾਰੇ ਗਏ।ਇਸ੍ਤ੍ਰੀ ਆਗੂਆਂ ਨੇ ਕਿਹਾ ਕਿ ਬਦਲਾਅ ਦੇ ਦਾਅਵੇ ਕਰਨ ਵਾਲੀ ਭਗਵੰਤ ਮਾਨ ਸਰਕਾਰ ਦੀ ਇਹ ਕਾਰਵਾਈ ਲੋਕਾਂ ਦੇ ਹਿਤਾਂ ਤੇ ਮੰਗਾਂ ਮਸਲਿਆਂ ਲਈ ਸੰਘਰਸ਼ ਕਰਨ ਦੇ ਹੱਕ ਉੱਪਰ ਤਾਨਾਸ਼ਾਹ ਹਮਲਾ ਹੈ। ਉਨ੍ਹਾਂ ਮੰਗ ਕੀਤੀ ਕਿ ਛਾਪੇਮਾਰੀਆਂ ਅਤੇ ਗ੍ਰਿਫ਼ਤਾਰੀਆਂ ਬੰਦ ਕੀਤੀਆਂ ਜਾਣ, ਗ੍ਰਿਫ਼ਤਾਰ ਕੀਤੇ ਆਗੂਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਕੇਕੇਯੂ ਦੇ ਜਲੰਧਰ ਦਫ਼ਤਰ ਨੂੰ ਗ਼ੈਰਕਾਨੂੰਨੀ ਤਰੀਕੇ ਨਾਲ ਜੰਦਰਾ ਲਾਉਣ ਵਾਲੇ ਪੁਲਸ ਅਧਿਕਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ। ਪਲਸ ਮੰਚ ਨੇ ਲੇਖਕਾਂ ਸਾਹਿਤਕਾਰਾਂ, ਬੁੱਧੀਜੀਵੀਆਂ,ਰੰਗ ਕਰਮੀਆਂ, ਤਰਕਸ਼ੀਲ, ਜਮਹੂਰੀ ਸੰਸਥਾਵਾਂ ਅਤੇ ਸਮੂਹ ਲੋਕ ਪੱਖੀ ਸੰਸਥਾਵਾਂ ਨੂੰ ਇੱਕ ਜੁੱਟ ਹੋ ਕੇ ਆਵਾਜ਼ ਬੁਲੰਦ ਕਰਨ ਦੀ ਲੋੜ ਹੈ।



## ਡਾ. ਆਨੰਦ ਜੈਪੁਰ 'ਚ ਡਾਕਟਰੇਟ ਦੀ ਉਪਾਧੀ ਨਾਲ ਸਨਮਾਨਤ




**ਚੰਡੀਗੜ੍ਹ**—ਜੈਪੁਰ ਸਥਿਤ ਯੂਨੀਵਰਸਿਟੀ ਆਫ ਇੰਜੀਨੀਰਿੰਗ ਅਤੇ ਮੈਨੇਜਮੈਂਟ ਦੀ ਤਰਫੋਂ ਕਾਨਵੋਕੈਸ਼ਨ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਕਪਿਲ ਗਰਗ, ਸਾਬਕਾ ਡੀ ਜੀ ਪੀ ਰਾਜਸਥਾਨ ਬਤੌਰ ਮੁਖ ਮਹਿਮਾਨ ਸ਼ਾਮਿਲ ਹੋਏ। ਵਿਸ਼ਵ ਕਵੀ ਡਾ. ਜਰਨੈਲ ਸਿੰਘ ਆਨੰਦ ਨੂੰ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਆਮੰਤ੍ਰਿਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਯੂਨੀਵਰਸਿਟੀ ਦੀ ਤਰਫੋਂ ਵਿਸ਼ਵ ਸਾਹਿਤ ਅਤੇ ਕਾਵ ਦੇ ਖੇਤਰ ਵਿਚ ਵਿਸ਼ੇਸ ਯੋਗਦਾਨ ਨੂੰ ਮੁਖ ਰੱਖਦਿਆਂ ਡਾਕਟਰੇਟ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਡਾ. ਅਜੈ ਦੱਤਾ, ਮੈਨੇਜਿੰਗ ਡਾਇਰੈਕਟਰ, ਡਾਟਾ ਗਰੁੱਪ ਆਫ ਇੰਡਸਟਰੀਜ਼ ਵੀ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਿਲ ਹੋਏ ਅਤੇ ਡਾਕਟਰੇਟ ਦੀ ਡਿਗਰੀ ਨਾਲ ਸਨਮਾਨਿਤ ਕੀਤਾ ਗਿਆ। ਡਾ. ਆਨੰਦ ਨੇ ਯੂਨੀਵਰਸਿਟੀ ਦੇ ਇਸ ਕਦਮ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਬੇਸ਼ੱਕ ਇਹ ਜ਼ਰੂਰੀ ਹੈ ਕਿ ਸਾਡੇ ਨੌਜਵਾਨ ਬਹੁਤ ਕਮਾਲ ਦੇ ਪ੍ਰੋਫੈਸ਼ਨਲ ਬਣ ਕੇ ਸਮਾਜ ਵਿਚ ਵਿਚਰਣ, ਪਰ ਸਾਹਿਤ ਇਹ ਯਕੀਨੀ ਬਣਾਉਂਦਾ ਹੈ ਕਿ ਉਹ ਬਹੁਤ ਖੂਬਸੂਰਤ ਇਨਸਾਨ ਵੀ ਬਣਨ ਕਿਉਂਕਿ ਵਿਦਿਆ ਦਾ ਅਸਲੀ ਮੰਤਵ ਮਹਿਜ਼ ਹੋਂਦਵਾਦ ਤੋਂ ਉਤਾਂਹ ਉੱਠ ਕੇ ਇਕ ਬਿਹਤਰ ਜ਼ਿੰਦਗੀ ਦੀ ਕਾਮਨਾ ਕਰਨਾ ਵੀ ਹੈ ਅਤੇ ਮਨੁੱਖ ਨੂੰ ਇਸ ਕਾਬਿਲ ਬਣਾਉਣਾ ਤਾਂ ਕਿ ਉਹ ਕਾਇਨਾਤ ਦੇ ਸਿਸਟਮ ਵਿਚ ਇਕ ਬਿਹਤਰ ਕੜੀ ਬਣ ਕੇ ਕਮ ਕਰ ਸਕੇ। ਸਾਡਾ ਮੁੱਖ ਮਕਸਦ ਕਾਮਯਾਬ ਮਨੁੱਖ ਤੋਂ ਵੀ ਜ਼ਿਆਦਾ ਅੱਛੇ ਇਨਸਾਨ ਪੈਦਾ ਕਰਨਾ ਹੋਣਾ ਚਾਹੀਦਾ ਹੈ । ਜਰਨੈਲ ਸਿੰਘ ਆਨੰਦ ਪੰਜਾਬ ਚੰਡੀਗੜ੍ਹ ਦੇ ਰਹਿਣ ਵਾਲੇ ਵਿਸ਼ਵ ਕਵੀ ਹਨ ਜਿਨ੍ਹਾਂ ਨੇ ਅੰਗਰੇਜ਼ੀ ਸਾਹਿਤ ਵਿਚ 161 ਪੁਸਤਕਾਂ ਦੀ ਰਚਨਾ ਕੀਤੀ ਹੈ। ਸਰਬੀਆ ਵਿਚ ਉਨ੍ਹਾਂ ਨੂੰ ਚਾਰਟਰ ਆਫ ਮੋਰਵਾ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਅਤੇ ਉਹ ਭਾਰਤ ਦੇ ਇਕੱਲੇ ਕਵੀ ਹਨ ਜਿਨ੍ਹਾਂ ਦਾ ਨਾਮ ਸਰਬੀਆ ਵਿਚ ਪੋਇਟਸ ਰਾਕ 'ਤੇ ਉਕਰਿਆ ਗਿਆ। ਡਾ. ਆਨੰਦ ਨੇ 9 ਮਹਾਕਾਵ ਲਿਖੇ ਹਨ ਤੇ ਉਨ੍ਹਾਂ ਦੀ ਰਚਨਾ ਲਟਸਟ ਵਿਸ਼ਵ ਦੀ ਮਹਾਨ ਰਚਨਾ ਮੰਨੀ ਜਾਂਦੀ ਹੈ। ਡਾ ਆਨੰਦ ਨੂੰ ਡੇਨਿਯਲ ਡੀਫੋ ਦੀ ਤਰ੍ਹਾਂ ਅੱਜ ਦੇ ਯੁੱਗ ਦਾ ਸਭ ਤੋਂ ਮਹਾਨ ਵਿਅੰਗਕਾਰ ਕਰਾਰ ਦਿੱਤਾ ਗਿਆ ਹੈ।

## ਨੱਥੂਪੁਰ ਵਿਖੇ ਕੀਰਤਨ ਦਰਬਾਰ ਕਰਵਾਇਆ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)** ਪਿੰਡ ਨੱਥੂਪੁਰ ਵਿਖੇ ਸੰਤ ਪ੍ਰੇਮ ਸਿੰਘ ਵੈਲਫੇਅਰ ਸੋਸਾਇਟੀ ਨੱਥੂਪੁਰ, ਡੁਮਾਣਾ ਤੇ ਇਬਰਾਹਿਮਪੁਰ ਵੱਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਤੇ ਬਾਬਾ ਲੱਖੀ ਸ਼ਾਹ ਲੁਬਾਣਾ ਜੀ ਨੂੰ ਸਮਰਪਿਤ 7ਵਾਂ ਮਹਾਨ ਕੀਰਤਨ ਦਰਬਾਰ ਕਰਵਾਇਆ ਗਿਆ।ਪ੍ਰਵਾਸੀ ਭਾਰਤੀਆਂ ਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਮਹਾਨ ਨਗਰ ਕੀਰਤਨ ਦੌਰਾਨ ਸੈਂਕੜੇ ਹੀ ਸੰਗਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੁੰਦੇ ਹੋਏ ਕੀਰਤਨ ਦਰਬਾਰ ਵਿੱਚ ਹਾਜ਼ਰੀ ਭਰੀ। ਇਸ ਮੌਕੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਗੁਰਦੁਆਰਾ ਸਾਹਿਬ ਤੋਂ ਪੰਜਾਂ ਪਿਆਰਿਆਂ ਦੀ ਅਗਵਾਈ ਤੇ ਸੈਂਕੜੇ ਹੀ ਸੰਗਤਾਂ ਦੀ ਹਾਜ਼ਰੀ ਵਿੱਚ ਨਗਰ ਕੀਰਤਨ ਦੇ ਰੂਪ ਵਿੱਚ ਖੁੱਲੇ ਪੰਡਾਲ ਵਿੱਚ ਲਿਆਂਦੇ ਗਏ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਉਣ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸ਼ੁਰੂ ਹੋਏ ਕੀਰਤਨ ਦਰਬਾਰ ਵਿੱਚ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਗ੍ਰੰਥੀ ਸੱਚਖੰਡ ਸ੍ਰੀ ਦਰਬਾਰ ਸਾਹਿਬ, ਭਾਈ ਦਵਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ, ਢਾਡੀ ਜਥਾ ਬੀਬੀ ਦਲੇਰ ਕੌਰ ਖਾਲਸਾ, ਮੀਰੀ ਪੀਰੀ ਖਾਲਸਾ ਜਥਾ ਜਗਾਧਰੀ ਵਾਲੇ, ਭਾਈ ਅਜੀਤ ਸਿੰਘ ਅਕਬਰਪੁਰ ਵਾਲੇ ਤੇ ਗੁਰਦੁਆਰਾ ਪੁਲਪੁਖਤਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜਗਦੀਪ ਸਿੰਘ ਬੁਰਜ ਆਦਿ ਜਥਿਆਂ ਨੇ ਗੁਰਬਾਣੀ ਕੀਰਤਨ ਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਮੈਂਬਰ ਐਸ.ਜੀ.ਪੀ.ਸੀ ਜਥੇਦਾਰ ਤਾਰਾ ਸਿੰਘ ਸੱਲਾ,ਚੇਅਰਮੈਨ ਕੁਲਜੀਤ ਸਿੰਘ ਬਿੱਟੂ, ਚੇਅਰਮੈਨ ਹਰਮੀਤ ਸਿੰਘ ਔਲਖ, ਡਾ. ਸਤਨਾਮ ਸਿੰਘ ਮਿਆਣੀ, ਬਲਦੇਵ ਸਿੰਘ ਸੱਲਾ, ਗੁਰਮੀਤ ਸਿੰਘ ਸੱਲਾਂ, ਸਰਬਜੀਤ ਸਿੰਘ ਸੱਲਾ, ਇੰਸ. ਤਰਲੋਕ ਸਿੰਘ, ਸਰਪੰਚ ਬਚਿੱਤਰ ਸਿੰਘ ਟਾਹਲੀ, ਡਾਇਰੈਕਟਰ ਰਣਵੀਰ ਸਿੰਘ, ਗੁਰਦੀਪ ਸਿੰਘ ਹੈਪੀ, ਚੇਅਰਮੈਨ ਸਰੂਪ ਸਿੰਘ, ਕਿਰਪਾਲ ਸਿੰਘ ਪੰਡੋਰੀ, ਥਾਣੇਦਾਰ ਕਸ਼ਮੀਰ ਸਿੰਘ, ਮਹਿੰਦਰ ਸਿੰਘ ਡੁਮਾਣਾ, ਸਰਪੰਚ ਸੁਰਜੀਤ ਸਿੰਘ ਡੁਮਾਣਾ, ਬਲਾਕ ਪ੍ਰਧਾਨ ਸਰਬਜੀਤ ਸਿੰਘ ਵਿੱਕੀ, ਪ੍ਰਧਾਨ ਮਹਿੰਦਰ ਸਿੰਘ, ਸੈਕਟਰੀ ਗੁਰਦੀਪ ਸਿੰਘ, ਖਜਾਨਚੀ ਬਲਵਿੰਦਰ ਸਿੰਘ, ਗੁਰਮੀਤ ਸਿੰਘ, ਇੰਸ.ਨਿਸ਼ਾਨ ਸਿੰਘ, ਸੁਰਜੀਤ ਸਿੰਘ, ਬਲਜੀਤ ਸਿੰਘ, ਬਲਦੇਵ ਸਿੰਘ, ਬੱਲੀ ਡੁਮਾਣਾ, ਪਰਮਜੀਤ ਸਿੰਘ ,ਲੱਭਾ ਨੱਥੂਪੁਰ ,ਡਾ. ਜਤਿੰਦਰ ਸਿੰਘ ,ਸੂਬੇਦਾਰ ਸ਼ਾਹਬਾਜ ਸਿੰਘ, ਸੂਬੇਦਾਰ ਮਨਿੰਦਰ ਪਾਲ ਸਿੰਘ, ਸਤਪਾਲ ਸਿੰਘ, ਕੈਪਟਨ ਚਰਨ ਸਿੰਘ, ਜਗੀਰ ਸਿੰਘ, ਦਲੇਰ ਸਿੰਘ, ਸੁਖਚੈਨ ਸਿੰਘ, ਪ੍ਰਧਾਨ ਗੁਰਦਿਆਲ ਸਿੰਘ ਸਰਪੰਚ ਅਮਰੀਕ ਸਿੰਘ, ਸਰਜੀਤ ਸਿੰਘ,, ਥਾਣੇਦਾਰ ਮਨਜੀਤ ਸਿੰਘ , ਸੁਖਦੇਵ ਸਿੰਘ, ਜਸਵਿੰਦਰ ਸਿੰਘ ਸੰਨੀ, ਤਲਵਿੰਦਰ ਸਿੰਘ, ਸੁਖਵਿੰਦਰ ਸਿੰਘ, ਭੁੱਲਾ ਸਿੰਘ ਆਦਿ ਹਾਜ਼ਰ ਸਨ ।



## ਕੈਬਨਿਟ ਮੰਤਰੀ ਜਿੰਪਾ ਨੇ ਬੱਸ ਨੂੰ ਦਿਖਾਈ ਹਰੀ ਝੰਡੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਅੱਜ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਸ਼ੇਰਾਂਵਾਲਾ ਚੌਕ, ਕ੍ਰਿਸ਼ਨਾ ਨਗਰ ਹੁਸ਼ਿਆਰਪੁਰ ਤੋਂ ਮਾਤਾ ਚਿੰਤਪੁਰਨੀ, ਮਾਤਾ ਜਵਾਲਾ ਦੇਵੀ ਜੀ, ਮਾਤਾ ਨੈਣਾ ਦੇਵੀ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੀ ਬੱਸ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਸ਼ਰਧਾਲੂਆਂ ਦੀ ਬੱਸ ਨੂੰ ਰਵਾਨਾ ਕਰਨ ਮੌਕੇ ਕੈਬਨਿਟ ਮੰਤਰੀ ਜਿੰਪਾ ਨੇ ਕਿਹਾ ਕਿ ਇਸ ਸਕੀਮ ਦੇ ਸ਼ੁਰੂ ਹੋਣ ਨਾਲ ਪੰਜਾਬ ਵਾਸੀਆਂ ਨੂੰ ਦੇਸ਼ ਭਰ ਵਿਚ ਵੱਖ-ਵੱਖ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਜਾਣ ਲਈ ਸਫ਼ਰ ਦੀ ਸੁਵਿਧਾ ਮੁਫ਼ਤ ਮਿਲੀ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ ਯਾਤਰਾ 'ਤੇ ਜਾਣ ਵਾਲੇ ਯਾਤਰੀਆਂ ਦਾ ਖਰਚਾ ਪੰਜਾਬ ਸਰਕਾਰ ਕਰੇਗੀ, ਜਿਸ ਵਿਚ ਉਨ੍ਹਾਂ ਦੇ ਆਉਣ-ਜਾਣ, ਠਹਿਰਨ ਅਤੇ ਖਾਣ-ਪੀਣ ਦਾ ਸਾਰਾ ਖਰਚਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਸੂਬੇ ਦੇ ਆਮ ਲੋਕਾਂ ਦੀ ਹਰ ਛੋਟੀ ਤੋਂ ਵੱਡੀ ਜ਼ਰੂਰਤ ਦਾ ਧਿਆਨ ਰੱਖਿਆ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਸਕੀਮ ਤਹਿਤ ਲੋਕਾਂ ਨੂੰ ਵੱਖ-ਵੱਖ ਤੀਰਥ ਸਥਾਨਾਂ ਦੀ ਯਾਤਰਾ ਕਰਵਾਈ ਜਾ ਰਹੀ ਹੈ। ਉਨ੍ਹਾਂ ਯਾਤਰੀਆਂ ਨੂੰ ਸ਼ੁੱਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਵੱਧ ਉਮਰ ਅਤੇ ਆਰਥਿਕ ਤੰਗੀ ਕਾਰਨ ਪੰਜਾਬ ਅਤੇ ਭਾਰਤ ਦੇ ਪ੍ਰਮੁੱਖ ਧਾਰਮਿਕ ਸਥਾਨਾਂ ਦੇ ਦਰਸਨ ਕਰਨ ਤੋਂ ਵੰਚਿਤ ਲੋਕਾਂ ਲਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਵਰਦਾਨ ਸਿੱਧ ਹੋ ਰਹੀ ਹੈ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਸਹਾਇਕ ਕਮਿਸ਼ਨਰ ਸੰਦੀਪ ਤਿਵਾੜੀ, ਧੀਰਜ ਸ਼ਰਮਾ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।




## ਮੇਹਰ ਚੰਦ ਪੋਲੀਟੈਕਨਿਕ ਕਾਲਜ ਨੇ 2 ਮੈਡਲ ਜਿੱਤੇ



**ਜਲੰਧਰ (ਸ਼ੈਲੀ ਐਲਬਰਟ)**

ਪ੍ਰਿੰਸੀਪਲ ਡਾ. ਜਗਰੂਪ ਸਿੰਘ ਅਤੇ ਡਾ. ਰਾਜੀਵ ਭਾਟੀਆ, ਮੁਖੀ ਸਿਵਿਲ ਵਿਭਾਗ ਦੀ ਰਹਿਨੁਮਾਈ ਹੇਠ ਮੇਹਰ ਚੰਦ ਪੋਲੀਟੈਕਨਿਕ ਕਾਲਜ ਦੇ ਸਿਵਿਲ ਵਿਭਾਗ ਦੇ ਵਿਦਿਆਰਥੀਆਂ ਨੇ ਪੰਜਾਬ ਟੈਕਨਿਕਲ ਯੂਨੀਵਰਸਿਟੀ, ਕਪੂਰਥਲਾ ਦੇ ਸਮਾਰੋਹ ਟੈਕਨੌਫਿਲਾ-2024 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 2 ਮੈਡਲ ਜਿੱਤੇ। ਜਿਸ ਵਿਚ ਤਰੁਨ, ਨਵਜੋਧ, ਰਵੀ ਅਤੇ ਪ੍ਰਭਾਤ ਨੇ ਪੇਪਰ ਕੇਬਲ ਬ੍ਰਿਜ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਮਨਮੀਤ, ਏਕਮ ਅਤੇ ਅਰਪਿਤ ਨੇ ਸਟਰਕਚਰਾ ਵਿਜ਼ਨ ਵਿੱਚ ਦੂਜਾ ਸਥਾਨ ਹਾਸਲ ਕੀਤਾ। ਇਸ ਇੱਕ ਦਿਨ ਦੇ ਸਮਾਰੋਹ ਵਿੱਚ ਵੱਖ- ਵੱਖ ਕਾਲਜਾਂ ਦੇ 250 ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਡਾ. ਰਾਜੀਵ ਭਾਟੀਆ, ਮੁੱਖੀ ਸਿਵਿਲ ਵਿਭਾਗ, ਸਟਾਫ਼ ਅਤੇ ਸਾਰੇ ਵਿਦਿਆਰਥੀਆ ਨੂੰ ਇਸ ਉਪਲਬਦੀ ਲਈ ਵਧਾਈ ਦਿਤੀ ਅਤੇ ਭਵਿੱਖ ਵਿਚ ਵੀ ਇਸੇ ਹੀ ਤਰ੍ਹਾਂ ਕਾਮਯਾਬੀ ਹਾਸਿਲ ਕਰਨ ਵਾਸਤੇ ਉਤਸ਼ਾਹਿਤ ਕੀਤਾ । ਇਸ ਮੌਕੇ ਰਾਜੇਸ਼ (ਲੈਕਚਰਾਰ, ਸਿਵਿਲ), ਜਸਪਾਲ (ਲੈਕਚਰਾਰ, ਸਿਵਿਲ) ਅਤੇ ਕਨਵ ਮਹਾਜਨ (ਲੈਕਚਰਾਰ ਸਿਵਿਲ) ਵੀ ਹਾਜ਼ਰ ਸਨ।

## ਦਿਹਾਣਾ ਵਿਖੇ ਗ਼ਦਰੀ ਸਪੋਰਟਸ ਕਲੱਬ ਵੱਲੋਂ ਸਾਲਾਨਾ ਫੁੱਟਬਾਲ ਟੂਰਨਾਮੈਂਟ ਅੱਜ ਤੋਂ

**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)** ਪਿੰਡ ਦਿਹਾਣਾ ਵਿਖੇ ਗ਼ਦਰੀ ਬਾਬੇ ਸਪੋਰਟਸ ਕਲੱਬ ਵੱਲੋਂ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਤੀਜਾ ਸ਼ਾਨਦਾਰ 07 ਸਾਈਡ ਫੁੱਟਬਾਲ ਟੂਰਨਾਮੈਂਟ 12 ਤੋਂ 17 ਮਾਰਚ ਤੱਕ ਕਰਵਾਇਆ ਜਾ ਰਿਹਾ ਹੈ। 12 ਮਾਰਚ ਨੂੰ ਟੂਰਨਾਮੈਂਟ ਦਾ ਉਦਘਾਟਨ ਹੋਵੇਗਾ ਜਿਸ ਵਿਚ ਓਪਨ ਵਰਗ ਦੀਆਂ 32 ਟੀਮਾਂ ਅਤੇ 40 ਕਿਲੋਗ੍ਰਾਮ ਭਾਰ 16 ਟੀਮਾਂ 11 ਸਾਈਡ ਟੀਮਾਂ ਹਿੱਸਾ ਲੈ ਰਹੀਆਂ ਹਨ। 17 ਮਾਰਚ ਨੂੰ ਫਾਈਨਲ ਵਾਲੇ ਦਿਨ ਮੁੱਖ ਮਹਿਮਾਨ ਚੇਅਰਮੈਨ ਹਰਮਿੰਦਰ ਸਿੰਘ ਸੰਧੂ ਚੱਬੇਵਾਲ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕਰਨਗੇ। ਇਸ ਮੌਕੇ ਜੋਗਾ ਸਿੰਘ, ਸਤਵੀਰ ਸਿੰਘ, ਬਲਵੀਰ ਸਿੰਘ ਸਮਰਾ, ਮਨਦੀਪ ਸਿੰਘ ਆਸ਼ੂ, ਜਗਦੀਸ਼ ਸਿੰਘ ਸੋਨਾ, ਜਸਵੀਰ ਸਿੰਘ ਸ਼ਿੰਦਾ, ਹਰਜਿੰਦਰ ਸਿੰਘ ਅਵਤਾਰ ਸਿੰਘ ਇੰਟਰਨੈਸ਼ਨਲ ਐਥਲੀਟ ਦਿਹਾਣਾ, ਸੋਹਣ ਸਿੰਘ ਆਦਿ ਹਾਜ਼ਰ ਸਨ।



## ਸਾਂਝ ਕੇਂਦਰ ਨੇ ਸਕੂਲ 'ਚ ਜਾਗਰੂਕਤਾ ਕੈਂਪ ਲਗਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**— ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਗਿੱਦੜਪਿੰਡੀ ਵਿਖ਼ੇ ਥਾਣਾ ਸਾਂਝ ਕੇਂਦਰ ਲੋਹੀਆਂ ਵੱਲੋਂ ਏ ਐੱਸ ਆਈ ਗੁਰਦੇਵ ਸਿੰਘ ਨੇ ਪ੍ਰਿੰਸੀਪਲ ਮੈਡਮ ਗਗਨਦੀਪ ਕੌਰ ਦੀ ਹਾਜ਼ਰੀ ਵਿਚ ਸੈਮੀਨਾਰ ਲਗਾਇਆ। ਜਿਸ ਵਿਚ ਸਕੂਲ ਪੁਲਸ ਕੈਡਿਟ ਤਹਿਤ ਬੱਚਿਆਂ ਨੂੰ ਖੇਡਾਂ ਵਿੱਚ ਭਾਗ ਲੈਣ ਸੰਬੰਧੀ, ਸਿਹਤ ਸੰਭਾਲ ਸੰਬੰਧੀ, ਜੋਗਾ ਕੈਂਪ ਵਿਚ ਭਾਗ ਲੈਣ, ਖੋ ਖੋ,ਰਿਲੇਅ ਦੌੜਾਂ ਖੇਡਾਂ ਸੰਬੰਧੀ ਜਾਣਕਾਰੀ ਦਿੱਤੀ ਗਈ ਅਤੇ ਬੱਚਿਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਦੂਰ ਰਹਿਣ ਲਈ ਕਿਹਾ ਗਿਆ। ਸਾਂਝ ਕੇਂਦਰ ਵਿਚ ਮਿਲਣ ਵਾਲੀਆਂ ਸੇਵਾਵਾਂ ਬਾਰੇ ਵੀ ਜਾਣੂ ਕਰਵਾਇਆ ਗਿਆ। ਬੱਚਿਆਂ ਨੂੰ 112,181,1091 ਹੈਲਪ ਲਾਇਨ ਅਤੇ ਸ਼ਕਤੀ ਐਪ ਬਾਰੇ ਦੱਸਿਆ ਗਿਆ। ਇਸ ਮੌਕੇ ਸਾਂਝ ਕਮੇਟੀ ਮੈਂਬਰ ਅਵਤਾਰ ਸਿੰਘ ਅਤੇ ਸਕੂਲ ਸਟਾਫ ਮਾਸਟਰ ਪਰਮਿੰਦਰ ਸਿੰਘ, ਮੈਡਮ ਕੁਲਦੀਪ ਕੌਰ ਐਸ. ਪੀ. ਸੀ , ਅੰਜਨਾ ਕੁਮਾਰੀ ਆਦਿ ਹਾਜ਼ਰ ਸਨ।

## ਪ੍ਰੀਖਿਆ ਕੇਂਦਰਾਂ ਦਾ ਕੀਤਾ ਅਚਨਚੇਤ ਨਿਰੀਖਣ

**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**

ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਸ਼੍ਰੀਮਤੀ ਪਰਮਿੰਦਰ ਕੌਰ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀਮਤੀ ਰੰਜਨਾ ਕਟਿਆਲ ਦੇ ਨਿਰਦੇਸ਼ਾਂ ਅਨੁਸਾਰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦਵਿੰਦਰਪਾਲ ਸਿੰਘ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਮਾਣੇਮਾਜਰਾ ਅਤੇ ਚਮਕੌਰ ਸਾਹਿਬ-1 ਵਿੱਚ ਪੰਜਵੀਂ ਜਮਾਤ ਦੀ ਹੋ ਰਹੀ ਸਾਲਾਨਾ ਪ੍ਰੀਖਿਆ ਦਾ ਨਿਰੀਖਣ ਕੀਤਾ ਗਿਆ।ਨਿਰੀਖਣ ਅਧਿਕਾਰੀ ਵੱਲੋਂ ਬੋਰਡ ਦੀ ਹੋ ਰਹੀ ਪ੍ਰੀਖਿਆ ਬਾਰੇ ਸਿੱਖਿਆ ਵਿਭਾਗ ਦੀਆਂ ਹਿਦਾਇਤਾਂ ਬਾਰੇ ਨਿਗਰਾਨੀ ਅਮਲੇ ਨੂੰ ਜਾਣੂ ਕਰਵਾਉਂਦੇ ਹੋਏ ਚੱਲ ਰਹੀ ਪ੍ਰੀਖਿਆ ਸੰਬੰਧੀ ਸੰਤੁਸ਼ਟੀ ਜਾਹਰ ਕੀਤੀ ਗਈ।ਉਨ੍ਹਾਂ ਗੱਲਬਾਤ ਕਰਦਿਆਂ ਕਿਹਾ ਕਿ ਨਕਲ ਰਹਿਤ ਅਤੇ ਸ਼ਾਂਤਮਈ ਵਾਤਾਵਰਨ ਵਿੱਚ ਇਹ ਪ੍ਰੀਖਿਆ ਲਈ ਜਾ ਰਹੀ ਹੈ।ਇਸ ਮੌਕੇ ਅਧਿਆਪਕ ਗੁਰਪ੍ਰੀਤ ਸਿੰਘ ਕੈਂਥ,ਹਰਭਜਨ ਸਿੰਘ ਲਾਲੀ,ਅੰਕੁਸ਼ ਕੁਮਾਰ,ਹਰਪ੍ਰੀਤ ਕੌਰ ਅਤੇ ਮਿਸ ਕਸ਼ਿਸ਼ ਆਦਿ ਹਾਜ਼ਰ ਸਨ।



## ਮਹਾਸ਼ਿਵਰਾਤਰੀ ਦਾ ਤਿਉਹਾਰ ਬੜੇ ਸ਼ਰਧਾ-ਭਾਵ ਤੇ ਚਾਵਾਂ ਨਾਲ ਮਨਾਇਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਮੰਦਰ ਸ਼੍ਰੀ ਬਾਬਾ ਭੂਤਨਾਥ ਅਤੇ ਗਊਸ਼ਾਲਾ ਕਮੇਟੀ ਨੂਰਮਹਿਲ ਵੱਲੋਂ 52ਵਾਂ ਮਹਾਸ਼ਿਵਰਾਤਰੀ ਦਾ ਪਾਵਣ ਅਤੇ ਪਵਿੱਤਰ ਤਿਉਹਾਰ ਬੜੇ ਸ਼ਰਧਾ-ਭਾਵ ਅਤੇ ਚਾਵਾਂ ਨਾਲ ਮਨਾਇਆ ਗਿਆ। ਡਿਸਟ੍ਰਿਕਟ 321-ਡੀ ਦੇ ਜ਼ਿਲ੍ਹਾ ਗਵਰਨਰ ਲਾਇਨ ਹਰਦੀਪ ਸਿੰਘ ਖੜਕਾ (2020-21) ਅੰਮ੍ਰਿਤਸਰ ਤੋਂ, ਲਾਇਨ ਪਰਮਜੀਤ ਸਿੰਘ ਚਾਵਲਾ (2014-15) ਜਲੰਧਰ ਤੋਂ, ਲਾਇਨ ਤਰਲੋਕ ਸਿੰਘ ਬਮਰਾ ਕਲੱਬ ਪ੍ਰਧਾਨ ਅੰਮ੍ਰਿਤਸਰ ਫ਼ਤਹਿ ਤੋਂ ਉਚੇਚੇ ਤੌਰ ਤੇ ਸ਼ਾਮਿਲ ਹੋਏ। ਦੋਨੋਂ ਗਵਰਨਰਾਂ ਅਤੇ ਕਲੱਬ ਦੇ ਸਮੂਹ ਮੈਂਬਰਾਂ ਲਾਇਨ ਅਸ਼ੋਕ ਸੰਧੂ ਨੰਬਰਦਾਰ ਚਾਰਟਰ ਪ੍ਰਧਾਨ, ਲਾਇਨ ਆਂਚਲ ਸੰਧੂ ਸੋਖਲ ਸੈਕੰਡ ਮੀਤ ਪ੍ਰਧਾਨ, ਲਾਇਨ ਰੋਹਿਤ ਸੰਧੂ ਪੀ.ਆਰ.ਓ, ਲਾਇਨ ਜਸਪ੍ਰੀਤ ਕੌਰ ਸੰਧੂ ਚੇਅਰਪਰਸਨ ਨੇ ਮਹਾਸ਼ਿਵਰਾਤਰੀ ਉਤਸਵ ਦੀ ਖੁਸ਼ੀ ਦਾ ਇਜ਼ਹਾਰ ਸਮੂਹ ਸੰਗਤਾਂ ਵਿੱਚ ਲੱਡੂ ਵੰਡ ਕੇ ਕੀਤਾ। ਲੱਡੂ ਵੰਡਣ ਦੀ ਸ਼ੁਰੂਆਤ ਸ਼੍ਰੀ ਗਣੇਸ਼ ਸਵਰੂਪ ਹਾਥੀ ਨੂੰ ਲੱਡੂ ਖਵਾ ਕੇ ਕੀਤੀ। ਇਸ ਦੇ ਨਾਲ ਹੀ ਮੈਂਬਰ ਪਾਰਲੀਮੈਂਟ ਸ਼੍ਰੀ ਸੁਸ਼ੀਲ ਰਿੰਕੂ ਦਾ ਵੀ ਭਰਭੂਰ ਸਵਾਗਤ ਕੀਤਾ ਅਤੇ ਸੰਗਤਾਂ ਸਮੇਤ ਉਹਨਾਂ ਦਾ ਵੀ ਮੂੰਹ ਮਿੱਠਾ ਕਰਵਾਇਆ।ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਹਲਕਾ ਇੰਚਾਰਜ ਨਕੋਦਰ ਡਾਕਟਰ ਨਵਜੋਤ ਸਿੰਘ ਦਾਹੀਆ ਨੇ ਦੋਨੋਂ ਗਵਰਨਰਾਂ ਦੇ ਨੂਰਮਹਿਲ ਪੁੱਜਣ 'ਤੇ ਵਿਸ਼ੇਸ਼ ਆਭਾਰ ਜਤਾਇਆ। ਜੈ ਸ਼ਿਵ ਸ਼ਕਤੀ ਸੇਵਾ ਮੰਡਲ ਨੂਰਮਹਿਲ ਦੇ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੇ ਅਮਰਨਾਥ ਯਾਤਰਾ ਕਰਨ ਵਾਲੇ ਸਮੂਹ ਸ਼ਿਵ ਭਗਤਾਂ ਨੂੰ ਅਪੀਲ ਕੀਤੀ ਕਿ ਜੋ ਸ਼ਿਵ ਭਗਤ ਸ਼੍ਰੀ ਅਮਰਨਾਥ ਯਾਤਰਾ ਦਾ ਲਾਭ ਲੈਣਾ ਚਾਹੁੰਦੇ ਹਨ ਉਹ ਤੁਰੰਤ ਹੀ ਸਮੇਤ ਪਰਵਾਰ ਸ਼੍ਰੀ ਅਮਰਨਾਥ ਯਾਤਰਾ ਦੀ ਬੁਕਿੰਗ ਕਰਵਾ ਲੈਣ।

## ਸਰਕਾਰ ਸਿਹਤ ਤੇ ਸਿੱਖਿਆ ਸਹੂਲਤਾਂ ਲਈ ਕਰੋੜਾਂ ਰੁਪਏ ਖਰਚ ਰਹੀ : ਵਿਧਾਇਕ ਰਾਜਾ

**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ)**

ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਲਈ ਸਿੱਖਿਆ ਤੇ ਸਿਹਤ ਸਹੂਲਤਾਂ ਨੂੰ ਲੈ ਕੇ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਪਿੰਡ ਚਤੋਵਾਲ ਵਿਖੇ ਨਵ ਨਿਰਮਾਣਤ ਆਮ ਆਦਮੀ ਕਲੀਨਿਕ ਦਾ ਉਦਘਾਟਨ ਕਰਨ ਸਮੇਂ ਕੀਤਾ। ਇਸ ਮੌਕੇ ਉਹਨਾਂ ਨਾਲ ਬਲਾਕ ਪ੍ਰਧਾਨ ਆਪ ਕੇਸ਼ਵ ਸਿੰਘ ਸੈਣੀ, ਸੀਨੀਅਰ ਮੈਡੀਕਲ ਅਫਸਰ ਟਾਂਡਾ ਡਾ.ਕਰਨ ਕੁਮਾਰ ਸੈਣੀ, ਐਕਸੀਅਨ ਮਨਜੀਤ ਸਿੰਘ ਸੈਣੀ, ਸੁਰਿੰਦਰ ਸਿੰਘ ਝੱਜੀ, ਸਾਬਕਾ ਸਰਪੰਚ ਮਹਿੰਗਾ ਸਿੰਘ ਚਤੋਵਾਲ ਪਿੰਡ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਰਾਜਾ ਨੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਯੋਗ ਅਗਵਾਈ ਵਿੱਚ ਇਨਸਾਨ ਦੀਆਂ ਮੁਢਲੀਆਂ ਲੋੜਾਂ ਸਿਹਤ ਤੇ ਸਿੱਖਿਆ ਨੂੰ ਹਰ ਪੱਖੋਂ ਮਜਬੂਤ ਕਰਨ ਲਈ ਅਹਿਮ ਉਦਮ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਇਸ ਵਾਸਤੇ ਸਰਕਾਰ ਵੱਲੋਂ ਕਰੋੜਾਂ ਰੁਪਏ ਜਾਰੀ ਵੀ ਕੀਤੇ ਜਾ ਰਹੇ ਹਨ।ਸਰਕਾਰੀ ਹਸਪਤਾਲ ਟਾਂਡਾ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕਰਨ ਕੁਮਾਰ ਸੈਣੀ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਦੇ ਉੱਦਮ ਉਪਰਾਲੇ ਸਦਕਾ ਅਹੀਆਪੁਰ ਟਾਂਡਾ, ਮਿਆਣੀ, ਕੰਧਲਾ ਸ਼ੇਖਾਂ, ਖੁਣ-ਖੁਣ ਕਲਾ ਵਿੱਚ ਆਮ ਆਦਮੀ ਕਲੀਨਿਕ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੇ ਹਨ ਜਦਕਿ ਉਦਘਾਟਨ ਤੋਂ ਬਾਅਦ ਉਪਰੰਤ ਪਿੰਡ ਬਰੂਹੀ ,ਮਨਹੋਤਾ ਅਤੇ ਅੰਬਾਲਾ ਜੱਟਾਂ ਵਿਖੇ ਤਿਆਰ ਹੋ ਰਹੇ ਆਮ ਆਦਮੀ ਕਲੀਨਿਕ ਜਲਦ ਹੀ ਇਲਾਕੇ ਦੇ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਕੀਤੇ ਜਾਣਗੇ। ਇਸ ਮੌਕੇ ਮੈਡੀਕਲ ਅਫਸਰ, ਡਾ. ਵਿਸ਼ੰਬਰਲਾਲ, ਫਾਰਮਾਸਿਸਟ ਦਮਨਪ੍ਰੀਤ ਕੌਰ, ਕਲੀਨਿਕ ਅਸਿਸਟੈਂਟ ਨੇਹਾ, ਸੀ.ਐਚ.ਓ ਸੁਨੇਹਦੀਪ ਕੌਰ, ਸਰਪੰਚ ਬਖਸ਼ੀ ਰਾਮ, ਐਸ.ਡੀ.ਓ ਦਵਿੰਦਰ ਪਾਲ ਸਿੰਘ ,ਪਵਨ ਕੁਮਾਰ, ਦਮਨਪ੍ਰੀਤ ਕੌਰ, ਤ੍ਰਿਲੋਕ ਸਿੰਘ ਨੰਬਰਦਾਰ ਗੁਰਮੀਤ ਸਿੰਘ ਪਿੰਧਾ ਚਤੋਵਾਲ, ਸਾਬਕਾ ਸਰਪੰਚ ਮਹਿੰਗਾ ਸਿੰਘ, ਹੈਲਥ ਇੰਸਪੈਕਟਰ ਜਤਿੰਦਰ ਸਿੰਘ, ਹੈਲਥ ਇੰਸਪੈਕਟਰ ਗੁਰਜੀਤ ਸਿੰਘ, ਡਾ. ਅਵਤਾਰ ਸਿੰਘ ਏ.ਏ.ਈ ਦਿਨੇਸ਼, ਅਤਵਾਰ ਸਿੰਘ ਪਲਾਹ ਚੱਕ ਤੇ ਹੋਰ ਪਿੰਡ ਵਾਸੀ ਵੀ ਮੌਜੂਦ ਸਨ।



## ਘਰੇਲੂ ਔਰਤਾਂ ਨਹੀਂ ਰੱਖਦੀਆਂ ਆਪਣੀ ਸਿਹਤ ਦਾ ਖਿਆਲ : ਨੀਤੀ ਤਲਵਾੜ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਘਰੇਲੂ ਔਰਤਾਂ ਘਰਾਂ ਦੇ ਕੰਮ ਵਿੱਚ ਏਨੀਆਂ ਮਸਰੂਫ ਹੋ ਜਾਂਦੀਆਂ ਹਨ ਅਤੇ ਉਹ ਆਪਣੀ ਸਿਹਤ ਦਾ ਵੀ ਖਿਆਲ ਨਹੀਂ ਰੱਖਦੀਆਂ। ਜਿਸ ਕਰਕੇ ਉਨ੍ਹਾਂ ਦੀ ਛੋਟੀ ਛੋਟੀ ਬਿਮਾਰੀ ਬਾਅਦ ਵਿੱਚ ਵੱਡਾ ਰੂਪ ਧਾਰਨ ਕਰ ਲੈਂਦੀ ਹੈ। ਇਸ ਗੱਲ ਨੂੰ ਦੇਖਦਿਆਂ ਘਰੇਲੂ ਔਰਤਾਂ ਦੇ ਲਈ ਇੱਕ ਵਿਸ਼ੇਸ਼ ਮੈਡੀਕਲ ਕੈਂਪ ਦੇ ਨਾਲ ਨਾਲ ਉਨ੍ਹਾਂ ਦੀ ਕੌਂਸਲਿੰਗ ਕਰਨ ਦਾ ਕੰਮ ਨਰਾਇਣ ਨਗਰ ਸੇਵਾ ਸੰਮਤੀ ਨੇ ਕੀਤਾ ਹੈ ਜਿਸ ਦੇ ਲਈ ਔਰਤਾਂ ਨੇ ਸੰਮਤੀ ਦਾ ਧੰਨਵਾਦ ਕੀਤਾ। ਉਪਰੋਕਤ ਸ਼ਬਦ ਹਿਸਾਬ ਕਾ ਕੌਂਸਲਰ ਨੀਤੀ ਤਲਵਾੜ ਨੇ ਮੈਡੀਕਲ ਕੈਂਪ ਨੂੰ ਸੰਬੋਧਨ ਕਰਦਿਆਂ ਕਹੇ। ਨੀਤੀ ਤਲਵਾਰ ਨੇ ਕਿਹਾ ਕਿ ਨਰਾਇਣ ਨਗਰ ਸੇਵਾ ਸੰਮਤੀ ਸਮਾਜ ਦੇ ਹਰ ਵਰਗ ਲਈ ਕੰਮ ਕਰਦੀ ਹੈ, ਖਾਸ ਕਰਕੇ ਔਰਤਾਂ ਅਤੇ ਬੱਚਿਆਂ ਲਈ ਵਿਸ਼ੇਸ਼ ਕੰਮ ਕੀਤੇ ਜਾਂਦੇ ਹਨ। ਇਸ ਮੌਕੇ ਦੀਆ ਜੋਤੀ ਸੰਸਥਾਨ ਦੀਆਂ ਔਰਤਾਂ ਨੇ ਕੈਂਪ ਵਿੱਚ ਭਾਗ ਲੈਣੇ ਵਾਲੀਆਂ ਔਰਤਾਂ ਨੂੰ ਮੈਡੀਟੇਸ਼ਨ ਦੀ ਸਿੱਖਿਆ ਪ੍ਰਧਾਨ ਕੀਤੀ। ਕੈਂਪ ਵਿੱਚ ਹਿੱਸਾ ਲੈਣ ਵਾਲੀਆਂ ਔਰਤਾਂ ਨੇ ਡਾਕਟਰ ਰਾਧਮਾ ਨਾਲ ਰੋਜ਼ਾਨਾ ਜੀਵਨ ਵਿੱਚ ਕਿਵੇਂ ਆਪਣੇ ਆਪ ਨੂੰ ਸਵਸਥ ਬਣਾਇਆ ਜਾਏ ਇਸ ਬਾਰੇ ਵਿੱਚ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ। ਕੈਂਪ ਵਿੱਚ ਊਸ਼ਾ ਕਿਰਨ ਸੂਦ, ਪ੍ਰੀਆ ਸੈਣੀ, ਮੁਸਕਾਨ ਪਰਾਸ਼ਰ, ਸੋਨੀਆ ਤਲਵਾਰ, ਸੀਮਾ ਚੌਹਾਨ, ਕ੍ਰਿਸ਼ਨ ਥਾਪਰ ਅਤੇ ਨਰਾਇਣ ਨਗਰ ਸੇਵਾ ਸੰਮਤੀ ਦੇ ਅਹੁਦੇਦਾਰ ਹਾਜ਼ਰ ਸਨ।

